SATJUG
1920 ਤੋਂ ਸਾਲ 99 ਵਾਂ

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੫ ਅੱਸੂ ਤੋਂ ੧੫ ਕੱਤਕ 2076 ਬ੍ਰਿ.
1 To 31 Oct. 2019

ਜਿਲਦ 27
ਨੰਬਰ 16-17
Total Pages 82

ਸਭ ਨੂੰ ਕੁੜੀ ਮੁੰਡੇ ਨੂੰ ਅਖਰ ਪੜ੍ਹਾਇ ਦੇਣੇ ਗੁਰਮੁਖੀ.... ਪਹਿਲਾ ਹੋਛ ਆਉਦੀ ਦੇ ਨਾਲ। ਅਰੁ ਲੜਕੇ ਲੜਕੀਆ ਨੂ ਅਖਰ ਪੜ੍ਹਾ ਦੇਉ। ਸਭੇ ਸਿੰਘ ਗਤ ਨੂੰ ਇਕਠੇ ਹੋ ਕੇ ਬਾਣੀ ਕੰਠ ਕੀਤਾ ਕਰੋ ਹਮੇਸਾ।

ਮਾਈ ਬੀਬੀ ਸਭ ਨੇ ਬਾਣੀ ਕੰਠ ਜਰੂਰ ਕਰਨੀ।

-ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਚੋਂ

ਮੇਰੇ ਭਰਾਵਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ- ਮੇਰਾ ਐਡਾ ਵੱਡਾ ਮੁਲਕ ਹੈ, ਸਾਡੀਆਂ ਐਨੀਆਂ ਬੋਲੀਆਂ ਹਨ। ਇਹਨੂੰ ਗੁਰਮੁਖੀ ਨੂੰ ਉਤਾਂਹ ਲਿਜਾਣਾ ਚਾਹੀਦਾ ਹੈ, ਦਬਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਨੂੰ ਹੇਠਾਂ ਨਹੀਂ ਸੁੱਟਣਾ ਚਾਹੀਦਾ, ਸਾਡੀ ਮਾਦਰੀ ਜ਼ੁਬਾਨ ਹੈ, ਸਾਡੀ ਘਰ ਦੀ ਚੀਜ਼ ਹੈ। ਇਹਦੇ 'ਚ ਜੇ ਅਗਰ ਕੋਈ ਮੇਰੇ ਤੇ ਨਰਾਜ਼ ਹੈ ਤਾਂ ਬੇਸ਼ਕ ਹੋਵੇ, ਅਸੀ ਪੰਜਾਬੀ ਹਾਂ, ਪੰਜਾਬੀ ਬੋਲਣਾ ਸਾਡਾ ਹੱਕ ਹੈ। ਸਾਨੂੰ ਬੋਲਣੀ ਚਾਹੀਦੀ ਹੈ ਔਰ ਗੁਰਮੁਖੀ ਲਿੱਪੀ ਦਾ, ਕਦੇ ਤਿਰਸਕਾਰ ਨਹੀਂ ਹੋਣਾ ਚਾਹੀਦਾ।

(ਪ੍ਰਵਚਨ ਸਤਿਗੁਰੂ ਪ੍ਰਤਾਪ ਸਿੰਘ ਜੀ -15 ਸਿਤੰਬਰ 1957 ਸ੍ਰੀ ਭੈਣੀ ਸਾਹਿਬ)

Sri Satguru Jagjit Singh Ji eLibrary NamdhariElibrary@gmail.com

ਮਾਰਚ 1943 ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਪੰਜਾਬੀ ਕਾਨਫ਼ਰੰਸ।

ਮਾਰਚ 1970 ਸ੍ਰੀ ਅੰਮ੍ਰਿਤਸਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਪੰਜਾਬੀ ਕਾਨਫ਼ਰੰਸ।

17 ਤੋਂ 19 ਜੁਲਾਈ 1983 ਬੈਂਕੋਕ (ਥਾਈਲੈਂਡ)
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਤੀਸਰੀ ਵਿਸ਼ਵ ਪੰਜਾਬੀ ਕਾਨਫ਼ਰੰਸ।

Sri Satguru Jagjit Singh Ji eLibrary NamdhariElibrary@gmail.com

ਸਤਿਜੁਗ

੧੫ ਅੱਸੂ ਤੋਂ ੧੫ ਕੱਤਕ ੨੦੭੬ ਬ੍ਰਿ.
1 ਤੋਂ 31 ਅਕਤੂਬਰ 2019 ਈ:
ਜਿਲਦ 27, ਨੰਬਰ 16-17

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.

Date of Publication: 23-10-2019,
Date of Posting: 24-25 Oct. 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

Designed and Typeset by Hakam Singh
Vishav Namdhari Sangat, Sri Bhaini Sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
99147-02201

ਤਤਕਰਾ

* ਸੰਪਾਦਕੀ-- ਪੰਜਾਬੀ ਭਾਸ਼ਾ: ਅਤੀਤ ਅਤੇ ਵਰਤਮਾਨ
  ਹਰਪਾਲ ਸਿੰਘ ਸੇਵਕ 4
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ 6
* ਪੰਜਾਬ ਅਤੇ ਪੰਜਾਬੀਅਤ
  ਡਾ. ਜੋਗਿੰਦਰ ਸਿੰਘ ਪੁਆਰ 7
* ਪੰਜਾਬੀ ਬੋਲੀ ਨੂੰ ਔਕੜਾਂ
  ਤੇਜਵੰਤ ਸਿੰਘ ਗਿੱਲ 12
* ਪੰਜਾਬ, ਪੰਜਾਬੀ ਤੇ ਪੰਜਾਬੀਅਤ ਸਰੋਕਾਰ
  ਸਤਨਾਮ ਸਿੰਘ ਮਾਣਕ 15
* ਪੰਜਾਬੀ ਭਾਸ਼ਾ ਨੂੰ ਕਿੰਨਾ ਕੁ ਖਤਰਾ?
  ਡਾ. ਜੋਗਾ ਸਿੰਘ 19
* ਪੰਜਾਬੀ ਭਾਸ਼ਾ-ਵਿਰਸਾ ਤੇ ਵਰਤਮਾਨ ਵੰਗਾਰਾਂ
  ਸੁਵਰਨ ਸਿੰਘ ਵਿਰਕ 32
* ਪੰਜਾਬੀ ਭਾਸ਼ਾ ਦਾ ਕੌਮੀ ਤੇ ਕੌਮਾਂਤਰੀ ਭਵਿੱਖ
  ਗੁਰਬਚਨ ਸਿੰਘ ਭੁੱਲਰ 40
* ਬੋਲੀ ਬਾਰੇ ਵਿਗਿਆਨਕ ਤੱਥ
  ਡਾ. ਹਰਸ਼ਿੰਦਰ ਕੌਰ ਐਮ.ਡੀ. 57
* ਸਿੱਖਿਆ, ਗਿਆਨ-ਵਿਗਿਆਨ ਅਤੇ ਭਾਸ਼ਾ
  ਡਾ. ਜੋਗਾ ਸਿੰਘ 61
* ਪੰਜਾਬੀ ਬੋਲੀ ਦੇ ਵਿਸ਼ੇਸ਼ ਗੁਣ
  ਭਾਸ਼ਾ ਵਿਗਿਆਨੀਆਂ ਦੀ ਰਾਇ 68
* ਗੁਰਮੁਖੀ ਲਿੱਪੀ ਦੀ ਵਰਨਮਾਲਾ
  ਮਹਿੰਦਰ ਸਿੰਘ ਕੂਕਾ 70
* ਵਿਗਿਆਨ ਦੇ ਅਧਿਆਪਕ ਵਰੁਣ ਕੁਮਾਰ
  ਦਾ ਅੱਖਾਂ ਖੋਲ੍ਹਣ ਵਾਲਾ ਸੁਨੇਹਾ 72
* ਕਾਵਿ ਕਿਆਰੀ 73
* ਬੱਚਿਆਂ ਦਾ ਪੰਨਾ 77
* ਖ਼ਬਰਨਾਮਾ 78

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਪੰਜਾਬੀ ਭਾਸ਼ਾ: ਅਤੀਤ ਅਤੇ ਵਰਤਮਾਨ

ਵਿਸ਼ਵ ਭਰ ਵਿੱਚ, ਸਮੁੱਚੀ ਮਾਨਵਜਾਤੀ ਵਿੱਚ ਅਨੇਕਾਂ ਜਾਤੀਆਂ, ਨਸਲਾਂ, ਧਰਮ ਅਤੇ ਸਭਿਆਚਾਰ ਹਨ, ਹਜ਼ਾਰਾਂ ਬੋਲੀਆਂ (ਭਾਸ਼ਾਵਾਂ) ਹਨ, ਠੀਕ ਇਸੇ ਤਰ੍ਹਾਂ ਹੀ ਜਿਵੇਂ ਕੁਦਰਤ ਦੀ ਰਚਨਾ ਵਿਚ ਬਨਸਪਤੀ ਵਿਚ ਅਣਗਿਣਤ ਕਿਸਮ ਦੇ ਰੁੱਖ-ਬਿਰਖ, ਫਲ ਅਤੇ ਰੰਗ ਬਰੰਗੇ ਫੁੱਲ ਹਨ। ਵੰਨ ਸੁਵੰਨਤਾ ਵਿਚ ਹੀ ਕੁਦਰਤ ਦੀ ਖੂਬਸੂਰਤੀ ਹੈ। ਇਹ ਵੰਨ-ਸੁਵੰਨਤਾ, ਅਨੇਕਤਾ ਵੀ, ਇਕ ਏਕਤਾ ਦੇ ਸੂਤਰ ਵਿਚ ਬੱਝੀ ਹੋਈ ਹੈ- ਉਹ ਏਕਤਾ ਹੈ, ਇਕ ਰੱਬੀ ਨੂਰ ਦੀ, ਜਿਸ ਤੋਂ ਸਾਰਾ ਬ੍ਰਹਮੰਡ ਉਪਜਿਆ ਹੈ-

ਏਕ ਨੂਰ ਤੇ ਸਭ ਜਗ ਉਪਜਿਆ... ਸਮੁੱਚੇ ਚੇਤਨ ਸੰਸਾਰ ਵਿਚ ਪਸ਼ੂਆਂ, ਪੰਛੀਆਂ ਅਤੇ ਜੀਵ, ਜੰਤੂਆਂ ਵਿਚੋਂ ਇੱਕੋ ਇੱਕ ਪ੍ਰਾਣੀ ਮਨੁੱਖ ਹੀ ਹੈ ਜੋ ਸਭਿੱਅ ਹੋ ਚੁੱਕਾ ਹੈ, ਜੋ ਇਕ ਸਮਾਜਿਕ ਪ੍ਰਾਣੀ ਹੈ, 21 ਵੀਂ ਸਦੀ ਤੱਕ ਦਾ ਅਤਿ ਵਿਕਸਤ ਸੰਸਾਰ, ਕੇਵਲ ਮਨੁੱਖ ਜਾਤੀ ਕਰਕੇ ਹੀ ਸੰਭਵ ਹੋ ਸੱਕਿਆ ਹੈ। ਪਸ਼ੂਆਂ ਵਾਂਗ ਜੰਗਲੀ ਜੀਵਨ ਬਤੀਤ ਕਰਦੇ ਮਨੁੱਖ ਤੋਂ ਅੱਜ ਚੰਦ, ਤਾਰਿਆਂ ਤੱਕ ਪਹੁੰਚਣ ਵਾਲਾ ਮਨੁੱਖ, ਲੱਖਾਂ ਵਰ੍ਹਿਆਂ ਦੀ ਸਾਧਨਾ ਦਾ ਸਿੱਟਾ ਹੈ। ਹਰ ਤਰ੍ਹਾਂ ਦੇ ਗਿਆਨ-ਵਿਗਿਆਨ ਦੇ ਵਿਕਾਸ ਦਾ ਮੂਲ ਧੁਰਾ ਸੰਚਾਰ ਦਾ ਮਾਧਿਅਮ 'ਭਾਸ਼ਾ, ਨੂੰ ਸਮਝਿਆ ਜਾਂਦਾ ਹੈ। ਜਦੋਂ ਮਨੁੱਖ ਕਬੀਲਿਆਂ ਵਿਚ ਰਹਿੰਦਾ ਸੀ, ਉਸਨੇ ਬੋਲਣਾ ਸਿੱਖਿਆ, ਹਰ ਕਬੀਲੇ ਜਾਂ ਇਲਾਕੇ ਵਿੱਚ ਵੱਖੋ-ਵੱਖ ਭਾਸ਼ਾਵਾਂ ਹੋਂਦ ਵਿਚ ਆਈਆ ਅਤੇ ਫੇਰ ਹਜ਼ਾਰਾਂ ਵਰ੍ਹਿਆਂ ਵਿਚ ਭਾਸ਼ਾਵਾਂ ਦੀਆਂ ਲਿਪੀਆਂ ਹੋਂਦ ਵਿਚ ਆਉਣੀਆਂ ਸ਼ੁਰੂ ਹੋਈਆਂ ਅਤੇ ਬੋਲਚਾਲ ਦੀ ਭਾਸ਼ਾ ਦਾ ਲਿਖਤੀ ਰੂਪ ਬਣਦਾ ਗਿਆ। ਅਜੇ ਵੀ ਕਈ ਜੰਗਲੀ ਕਬੀਲਿਆਂ ਦੀ ਆਪਣੀ ਬੋਲੀ ਤਾਂ ਹੈ ਪਰ ਉਸਦੀ ਲਿਪੀ ਨਹੀਂ, ਉਸਦਾ ਲਿਖਤੀ ਰੂਪ ਨਹੀਂ ਅਤੇ ਵਿਸ਼ਵ ਭਰ ਵਿਚ ਸੁਤੰਤਰ ਭਾਸ਼ਾ ਵਜੋਂ ਆਪਣੀ ਮਾਨਤਾ ਸਥਾਪਿਤ ਕਰ ਚੁੱਕੀਆਂ ਭਾਸ਼ਾਵਾਂ ਦੀ ਗਿਣਤੀ ਵੀ ਕ੍ਰੀਬ ਪੰਜ ਤੋਂ ਛੇ ਹਜ਼ਾਰ ਤੱਕ ਹੈ। ਜਿਨ੍ਹਾਂ ਵਿੱਚ ਕਿਸੇ ਬੋਲੀ ਨੂੰ ਬੋਲਣ ਵਾਲਿਆਂ ਦੀ ਗਿਣਤੀ ਦੇ ਪੱਖੋਂ ਸਾਡੀ ਮਾਤ ਭਾਸ਼ਾ ਪੰਜਾਬੀ 10 ਵਾਂ ਸਥਾਨ ਸਥਾਪਿਤ ਕਰ ਚੁੱਕੀ ਹੈ।

ਪੜਾਅ ਦਰ ਪੜਾਅ ਮਨੁੱਖੀ ਵਿਕਾਸ ਦੇ ਦੌਰ ਵਿੱਚ ਕਬੀਲਿਆਂ ਤੋਂ ਰਾਜ ਹੋਂਦ ਵਿੱਚ ਆਏ। ਲੋਭ ਅਤੇ ਹਉਮੈਂ ਵੱਸ ਇਕ ਰਾਜ ਨੇ ਦੂਸਰੇ ਨੂੰ ਆਪਣੇ ਅਧੀਨ ਕਰਨਾ ਅਤੇ ਗੁਲਾਮ ਪਰਜਾ ਤੇ ਆਪਣੀ ਬੋਲੀ, ਆਪਣਾ ਧਰਮ, ਆਪਣਾ ਸਭਿਆਚਾਰ ਅਤੇ ਆਪਣੇ ਕਾਨੂੰਨ ਥੋਪਣੇ। ਗੁਲਾਮ ਲੋਕਾਂ ਵਲੋਂ ਆਪਣੀ ਹੋਂਦ, ਆਪਣੀ ਬੋਲੀ ਅਤੇ ਆਪਣੇ ਸਭਿਆਚਾਰ ਨੂੰ ਬਚਾਉਣ ਅਤੇ ਆਜ਼ਾਦ ਹੋਣ ਲਈ ਸੰਘਰਸ਼ ਦਾ ਇਤਿਹਾਸ ਵੀ ਬਹੁਤ ਲੰਬਾ ਹੈ। ਉਨ੍ਹਾਂ ਭਾਸ਼ਾਵਾਂ ਦਾ ਹੀ ਵਿਕਾਸ ਹੋਇਆ ਜੋ ਰਾਜ-ਭਾਸ਼ਾ ਬਣੀਆਂ। ਪੰਜਾਬ ਅਤੇ ਪੰਜਾਬੀ ਭਾਸ਼ਾ ਦਾ ਦੁਖਾਂਤ ਰਿਹਾ ਕਿ ਪਿਛਲੇ ਕ੍ਰੀਬ ਹਜ਼ਾਰ ਵਰ੍ਹੇ ਤੋਂ ਪੰਜਾਬ ਤੇ ਵਿਦੇਸ਼ੀਆਂ ਦਾ ਰਾਜ ਰਿਹਾ, ਸਿੱਟੇ ਵਜੋਂ ਏਥੋਂ ਦੇ ਲੋਕਾਂ ਦੀ ਬੋਲੀ ਹੋਰ ਅਤੇ ਰਾਜ ਦੀ, ਸਮੁੱਚੇ ਸਰਕਾਰੀ ਤੰਤਰ ਦੀ ਭਾਸ਼ਾ ਹੋਰ ਰਹੀ। ਏਥੇ ਅਰਬੀ, ਫਾਰਸੀ ਅਤੇ ਉਰਦੂ ਦਾ ਰਾਜ ਰਿਹਾ। ਅੰਗ੍ਰੇਜ਼ ਰਾਜ ਸਮੇਂ ਹੇਠਲੇ ਪੱਧਰ ਦੇ ਸਰਕਾਰੀ ਕੰਮ ਉਰਦੂ ਵਿਚ ਅਤੇ ਉਪਰਲੇ ਸਾਰੇ ਸਰਕਾਰੀ ਕੰਮ ਕਾਜ ਦੀ ਭਾਸ਼ਾ ਅੰਗਰੇਜ਼ੀ ਰਹੀ। 1947 ਵਿਚ ਦੇਸ਼ ਆਜ਼ਾਦ ਹੋਣ ਉਪਰੰਤ ਅਜੇ ਤੱਕ ਵੀ ਸਮੁੱਚੇ ਭਾਰਤ ਵਿਚ ਉੱਚ ਸਿੱਖਿਆ ਅਤੇ ਸਰਕਾਰੀ ਕੰਮ ਕਾਜ ਦੀ ਭਾਸ਼ਾ ਅੰਗਰੇਜ਼ੀ ਹੀ ਹੈ। ਸਭ ਤੋਂ ਵੱਧ ਮਾਰ ਪਈ ਪੰਜਾਬ ਅਤੇ ਪੰਜਾਬੀ ਨੂੰ ਜੋ ਦੋ ਟੁੱਕੜਿਆ ਵਿਚ ਹੋ ਚੁੱਕੇ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਵੱਸਦੇ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਲਈ ਅਜੇ ਤੱਕ ਸੰਘਰਸ਼ ਕਰਨਾ ਪੈ ਰਿਹਾ ਹੈ। ਪੂਰਬੀ ਪੰਜਾਬ ਵਿਚ ਵੀ ਕਹਿਣ ਮਾਤਰ ਤਾਂ ਰਾਜ ਭਾਸ਼ਾ ਪੰਜਾਬੀ ਹੈ ਪਰ ਅਮਲੀ ਰੂਪ ਵਿਚ ਰਾਜ ਰਾਣੀ ਅੰਗਰੇਜ਼ੀ ਹੀ ਹੈ। ਪੰਜਾਬੀ ਭਾਸ਼ਾ ਨੂੰ ਅਮਲੀ ਰੂਪ ਵਿਚ ਅਜੇ ਤੱਕ ਕਦੇ ਵੀ ਸਰਕਾਰ ਦੀ ਨਾ ਸਰਪ੍ਰਸਤੀ ਪ੍ਰਾਪਤ ਹੋ ਸਕੀ ਅਤੇ ਨਾ ਇਹ ਰਾਜ ਰਾਣੀ ਬਣ ਸਕੀ।

ਇਹ ਗਲ ਕਿਸੇ ਕਰਾਮਾਤ ਤੋਂ ਘੱਟ ਨਹੀਂ ਕਿ ਜਿਸ ਭਾਸ਼ਾ ਨੂੰ ਕਦੇ ਵੀ ਸਰਕਾਰੀ ਸਰਪ੍ਰਸਤੀ ਪ੍ਰਾਪਤ ਨਾ ਹੋਈ ਹੋਵੇ ਉਹ ਫੇਰ ਵੀ ਵਿਸ਼ਵ ਭਰ ਦੀਆਂ ਛੇ ਹਜ਼ਾਰ ਬੋਲੀਆਂ ਵਿਚ ਦਸਵੇਂ ਸਥਾਨ ਤੇ ਸਥਾਪਿਤ ਹੋਵੇ। ਪੰਜਾਬੀ ਦਾ ਵਿਕਾਸ ਗੁਰੂਆਂ, ਪੀਰਾਂ-ਫਕੀਰਾਂ ਦੀ ਕਿਰਪਾ ਨਾਲ ਹੋਇਆ। ਪੰਦਰਵੀਂ ਸਦੀ ਵਿੱਚ ਜਦੋਂ ਹਾਕਮ ਜਮਾਤ ਵਲੋਂ ਪੰਜਾਬੀ ਨੂੰ ਕੇਵਲ ਪੇਂਡੂ ਅਤੇ ਗਵਾਰਾਂ ਦੀ ਬੋਲੀ ਕਹਿ ਕੇ ਛੁਟਿਆਇਆ ਜਾਂਦਾ ਸੀ। ਉਸ ਅਧੋਗਤੀ ਦੇ ਸਮੇਂ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਵਿੱਚ ਉੱਚ ਪੱਧਰ ਦੀ ਕਾਵਿ ਰਚਨਾ ਕੀਤੀ।

Sri Satguru Jagjit Singh Ji eLibrary NamdhariElibrary@gmail.com

ਰਾਗ-ਬੱਧ ਬਾਣੀ ਰਚ ਕੇ ਪਹਿਲੀ ਵਾਰ ਆਪ ਨੇ ਸਾਹਿਤ ਅਤੇ ਸੰਗੀਤ ਦਾ ਸੁਮੇਲ ਕਰਕੇ, ਸਾਧਾਰਨ ਗੀਤ ਸੰਗੀਤ ਤੋਂ ਬਹੁਤ ਉੱਪਰ ਪ੍ਰਭੂ ਪ੍ਰਾਪਤੀ ਦਾ ਮਾਰਗ ਦੱਸਿਆ

'ਲੋਗੁ ਜਾਨੈ ਇਹੁ ਗੀਤੁ ਹੈ, ਇਹ ਤਉ ਬ੍ਰਹਮ ਬੀਚਾਰ।'

ਸਿੱਖ ਗੁਰੂ ਸਾਹਿਬਾਨ ਨੇ ਪੰਜਾਬੀ ਵਿਚ ਬਾਣੀ ਰਚ ਕੇ ਔਜੜ ਆਖੀ ਜਾਂਦੀ ਪੰਜਾਬੀ ਬੋਲੀ ਨੂੰ 'ਬ੍ਰਹਮ ਗਿਆਨ ਦੀ ਬੋਲੀ' ਦਾ ਦਰਜਾ ਦਿੱਤਾ। ਸਾਹਿਬ ਸਤਿਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਕੀਤਾ- 'ਗੁਰੂ ਗ੍ਰੰਥ ਸਾਹਿਬ, -ਵਿਸ਼ਵ ਭਰ ਦੇ ਮਹਾਨ ਗ੍ਰੰਥਾਂ ਵਿੱਚੋਂ ਵਿਲੱਖਣ ਅਤੇ ਸ਼੍ਰੋਮਣੀ ਦਰਜਾ ਰੱਖਦਾ ਹੈ। ਪੰਜਾਬੀ ਭਾਸ਼ਾ ਵਿਚ ਲਿਖਿਆ ਇਹ ਇਕੋ ਇਕ ਗ੍ਰੰਥ ਹੈ ਜਿਸਦੀ ਤਰਤੀਬ ਰਾਗ-ਬੱਧ ਹੈ, ਜੋ ਕਿਸੇ ਇੱਕ ਧਰਮ ਫਿਰਕੇ ਦਾ ਨਾ ਹੋ ਕੇ ਸਮੁੱਚੀ ਮਾਨਵਤਾ ਦਾ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਹੈ। ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਕੇ ਅਟੱਲ ਸੱਚਾਈਆਂ, ਅਖਾਣਾਂ, ਮੁਹਾਵਰਿਆਂ ਅਤੇ ਹਜ਼ਾਰਾਂ ਨਵੇਂ ਸ਼ਬਦਾਂ ਦੁਆਰਾ ਪੰਜਾਬੀ ਭਾਸ਼ਾ ਨੂੰ ਮਾਲਾ-ਮਾਲ ਕੀਤਾ ਹੈ। ਛੰਦ, ਛੱਕੇ, ਪਉੜੀਆਂ, ਵਾਰਾਂ, ਅਲਾਹੁਣੀਆਂ, ਪੱਟੀ, ਬਾਰਾਂ ਮਾਹੇ, ਕਬਿੱਤ, ਸ੍ਵੈਯੇ, ਆਦਿ ਅਨੇਕਾਂ ਕਾਵਿ-ਵੰਨਗੀਆਂ ਗੁਰਬਾਣੀ ਵਿਚ ਮੌਜੂਦ ਹਨ। ਆਦਿ ਗੁਰੂ ਬਾਬਾ, ਗੁਰੂ ਨਾਨਕ ਦੇਵ ਅਤੇ ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਦੇ ਸਮੇਂ ਵਿਚ ਹੀ ਪੰਜਾਬੀ ਬੋਲੀ ਦੀ ਲਿਪੀ ਗੁਰਮੁਖੀ ਦਾ ਵਰਤਮਾਨ ਸਰੂਪ ਸੁਧਰਿਆ, ਸੰਪੂਰਨ ਹੋਇਆ ਅਤੇ ਟਕਸਾਲੀ ਲਿਪੀ ਵਜੋਂ ਪ੍ਰਵਾਨ ਚੜ੍ਹਿਆ। ਪੰਜਾਬੀ ਵਾਰਤਕ ਵਿਚ ਜਨਮਸਾਖੀ ਪਰੰਪਰਾ ਵੀ ਸਿੱਖ ਸਾਹਿਤ ਦੀ ਦੇਣ ਹੀ ਹੈ। ਇਸ ਤੋਂ ਬਿਨਾ ਭਾਈ ਗੁਰਦਾਸ ਜੀ, ਹਾਸ਼ਮ, ਸ਼ਾਹ ਮੁਹੰਮਦ, ਵਾਰਸ ਸ਼ਾਹ, ਗਿਆਨੀ ਗਿਆਨ ਸਿੰਘ ਆਦਿ ਅਨੇਕਾਂ ਲੇਖਕਾਂ ਦਾ ਯੋਗਦਾਨ ਵੀ ਵਰਨਣ ਯੋਗ ਹੈ।

ਸਾਡੀਆਂ ਭਾਰਤੀ ਭਾਸ਼ਾਵਾਂ ਨੂੰ ਆਪਸ ਵਿਚ ਲੜਾਉਣ ਅਤੇ ਇਨਾਂ ਸਭ ਉੱਤੇ ਅੰਗਰੇਜ਼ੀ ਦੀ ਸਰਦਾਰੀ ਸਥਾਪਿਤ ਕਰਨ ਦੇ ਕੋਝੇ ਯਤਨ ਹੋਏ ਬਰਤਾਨਵੀ ਸਾਮਰਾਜ ਦੇ ਸਮੇਂ ਵਿੱਚ, ਜਦੋਂ ਉਨ੍ਹਾਂ ਨੇ ਬੋਲੀਆਂ ਨੂੰ ਧਰਮਾਂ ਨਾਲ ਜੋੜਿਆ- ਹਿੰਦੀ, ਹਿੰਦੂਆਂ ਦੀ, ਉਰਦੂ, ਮੁਸਲਮਾਨਾਂ ਦੀ ਅਤੇ ਪੰਜਾਬੀ, ਸਿੱਖਾਂ ਦੀ। ਜਦੋਂ ਕਿ ਭਾਸ਼ਾ ਕਿਸੇ ਧਰਮ ਦੀ ਨਾ ਹੋ ਕੇ ਇਕ ਖਿੱਤੇ ਦੀ ਹੋਇਆ ਕਰਦੀ ਹੈ। ਪੰਜਾਬ ਦੇ ਵਾਸੀ ਹਿੰਦੂਆਂ, ਸਿੱਖਾਂ, ਮੁਸਲਮਾਨਾ, ਈਸਾਈਆਂ, ਬੋਧੀਆਂ, ਜੈਨੀਆਂ ਆਦਿ ਸਮੂਹ ਪੰਜਾਬੀਆਂ ਦੀ ਮਾਂ ਬੋਲੀ ਹੈ ਪੰਜਾਬੀ।

ਅਸੀਂ ਭਾਰਤੀ ਸ਼ਾਇਦ ਦੋ ਸੌ ਸਾਲ ਪਹਿਲੋਂ ਜਿੰਨੇ ਮੂਰਖ ਸਾਂ, ਉਨੇ ਮੂਰਖ ਹੀ ਅੱਜ ਹਾਂ। ਇੰਗਲੈਂਡ ਤੋਂ ਆਏ ਕ੍ਰੀਬ ਇਕ ਲੱਖ ਅੰਗਰੇਜ਼ (ਪਾੜੋ ਅਤੇ ਰਾਜ ਕਰੋ' ਦੀ ਕੁਟਲ ਨੀਤੀ ਨਾਲ) ਵੀਹ ਕਰੋੜ ਭਾਰਤੀਆਂ ਤੇ ਰਾਜ ਕਰਦੇ ਸਨ। ਜਿਵੇਂ ਮਲੇਰਕੋਟਲੇ ਹੁਕਮ ਦੇਣ ਵਾਲਾ ਇਕ ਅੰਗਰੇਜ਼ ਡੀ.ਸੀ. ਕਾਵਨ ਸੀ ਅਤੇ ਪੰਜਾਬੀ ਕੂਕਿਆਂ ਨੂੰ ਸ਼ਹੀਦ ਕਰਨ ਵਾਲੀਆਂ ਤੋਪਾਂ ਵੀ ਪੰਜਾਬੀਆਂ ਦੀਆਂ ਅਤੇ ਚਲਾਉਣ ਵਾਲੇ ਵੀ ਪੰਜਾਬੀ। ਜਲਿਆਂਵਾਲੇ ਸ਼ਹੀਦੀ ਸਾਕੇ ਸਮੇਂ ਇੱਕ ਅੰਗ੍ਰੇਜ਼ ਓਡਵਾਇਰ ਦੇ ਹੁਕਮ ਨਾਲ ਹਜ਼ਾਰਾਂ ਪੰਜਾਬੀਆਂ ਨੂੰ ਗੋਲੀਆਂ ਨਾਲ ਮਾਰਨ ਵਾਲੇ ਵੀ ਪੰਜਾਬੀ ਹੀ ਸਨ। ਅੱਜ ਵੀ ਏਥੋਂ ਦੇ ਵਾਸੀ ਭਾਰਤੀ ਹਿੰਦੂ, ਮੁਸਲਮਾਨ ਅਤੇ ਸਿੱਖ ਆਪਸ ਲੜ ਰਹੇ ਹਨ ਅਤੇ ਵਧ ਰਹੇ ਹਨ ਈਸਾਈ। -ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਆਪਸ ਵਿਚ ਸਿੰਗ ਫਸਾਈ ਬੈਠੀਆਂ ਹਨ ਅਤੇ ਰਾਜ-ਰਾਣੀ ਬਣੀ ਬੈਠੀ ਹੈ ਅੰਗਰੇਜ਼ੀ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸੱਤ ਦਹਾਕੇ ਬੀਤਣ ਤੇ ਵੀ ਸਾਡੀ ਸਮੁੱਚੀ ਨਿਆਂ ਪ੍ਰਣਾਲੀ ਵੀ ਏਥੋਂ ਦੇ ਲੋਕਾਂ ਦੀ ਭਾਸ਼ਾ ਵਿਚ ਨਾ ਹੋ ਕੇ ਵਿਦੇਸ਼ੀ ਭਾਸ਼ਾ ਅੰਗ੍ਰੇਜ਼ੀ ਵਿਚ ਹੈ। ਸਭ ਤੋਂ ਬੁਰੀ ਗਲ ਹੈ ਕਿ ਅਸੀਂ ਗੁਲਾਮੀ ਨੂੰ ਸ਼ਿੰਗਾਰ ਵਜੋਂ ਅਪਨਾ ਰਹੇ ਹਾਂ ਅਤੇ ਆਪਣੀ ਬੋਲੀ, ਆਪਣੇ ਸਭਿਆਚਾਰ ਪ੍ਰਤੀ ਹੀਣ ਭਾਵਨਾ ਦੇ ਸ਼ਿਕਾਰ ਹਾਂ।

ਸਾਲ 2019 ਵਿਸ਼ਵ ਭਰ ਵਿਚ ਸਾਹਿਬ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਵਰ੍ਹਾ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਨਾਮਧਾਰੀ ਸਮਾਜ ਵਲੋਂ ਆਦਿ ਗੁਰੂ ਸਾਹਿਬ ਦੀ ਪ੍ਰਕਾਸ਼ ਸ਼ਤਾਬਦੀ ਦੇ ਨਾਲ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਵੀ ਮਨਾਈ ਜਾ ਰਹੀ ਹੈ। ਨਾਮਧਾਰੀ ਸਮਾਜ ਨੇ ਅਰੰਭ ਤੋਂ ਹੀ ਜਿਥੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਅਹਿਮ ਭੂਮਿਕਾ ਨਿਭਾਈ ਉਥੇ ਮਾਂ-ਬੋਲੀ ਪੰਜਾਬੀ ਦੇ ਵਿਕਾਸ ਅਤੇ ਪ੍ਰਚਾਰ-ਪ੍ਰਸਾਰ ਲਈ ਸਫਲ ਜਤਨ ਕੀਤੇ ਹਨ। ਸਤਿਗੁਰੂ ਰਾਮ ਸਿੰਘ ਜੀ ਜਲਾਵਤਨੀ ਦੌਰਾਨ ਰੰਗੂਨ ਤੋਂ ਸੰਗਤ ਦੇ ਨਾਮ ਲਿਖੇ ਹੁਕਮਨਾਮਿਆਂ ਵਿਚ ਵਾਰ-ਵਾਰ ਲਿਖਕੇ ਹਨ ਕਿ ਲੜਕੇ, ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ। 'ਬੁੱਢੇ-ਬਾਲੇ, ਸਭ ਨੂੰ ਬਾਣੀ ਕੰਠ ਕਰਨ ਦੀ ਤਾਕੀਦ ਕਰਦੇ ਹਨ। ਪ੍ਰਸਿਧ ਪੰਜਾਬੀ ਲੇਖਕ ਸਤਿਗੁਰੂ ਜੀ ਦੇ ਹੁਕਮਨਾਮਿਆਂ ਨੂੰ ਵਰਤਮਾਨ ਪੰਜਾਬੀ ਵਾਰਤਕ ਦੀ ਪ੍ਰਵੇਸ਼ਿਕਾ ਵਜੋਂ ਮੰਨਦੇ ਹਨ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਸਤਿਗੁਰੂ ਬਿਲਾਸ-ਵਾਰਤਕ, ਬਾਰਾਂ ਮਾਂਹ ਆਦਿ ਰਚੇ ਗਏ। ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਵਿਚ 1920 ਈ. ਨੂੰ ਅਰੰਭ ਹੋਇਆ ਪੰਜਾਬੀ ਦਾ ਸਪਤਾਹਿਕ ਪਰਚਾ 'ਸਤਿਜੁਗ, ਆਪਣੀ ਸ਼ਤਾਬਦੀ ਸੰਪੂਰਨ ਕਰ ਰਿਹਾ ਹੈ। ਆਪ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਮੇਸ਼ਾਂ ਪੰਜਾਬੀ ਦੇ ਮੁੱਦਈ ਅਤੇ ਪੰਜਾਬੀ ਲੇਖਕਾਂ ਅਤੇ ਸੰਸਥਾਵਾਂ ਦੇ ਸਹਿਯੋਗੀ ਰਹੇ। ਪੰਜਾਬੀ ਕਾਨਫਰੰਸਾਂ ਕਰਵਾਈਆ। ਉਨੀਵੀਂ ਅਤੇ ਵੀਹਵੀਂ ਸਦੀ ਪੰਜਾਬੀ ਸਾਹਿਤ ਵਿਚ ਨਾਮਧਾਰੀ ਲੇਖਕਾਂ ਦੁਆਰਾ ਰਚੇ ਗਏ ਪੰਜਾਬੀ ਸਾਹਿਤ ਦਾ ਵਿਸ਼ੇਸ਼ ਸਥਾਨ ਹੈ।

ਨਾਮਧਾਰੀ ਪੰਥ ਦੇ ਵਰਤਮਾਨ ਰਹਿਨੁਮਾ- ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਉਪਰੋਕਤ ਦੋਹਾਂ ਪ੍ਰਕਾਸ਼ ਸ਼ਤਾਬਦੀਆਂ ਨੂੰ ਸਮਰਪਿਤ 'ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਅਤੇ ਇਸ ਨੂੰ ਪੇਸ਼ ਵੰਗਾਰਾਂ' ਵਿਸ਼ੇ ਤੇ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਅਦਾਰਾ ਸਤਿਜੁਗ ਵਲੋਂ 'ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ' ਵੀ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿਚਲੇ ਪ੍ਰਸਿੱਧ ਭਾਸ਼ਾ ਵਿਗਿਆਨੀਆਂ ਦੇ ਲੇਖ ਕਈ ਭਰਮ-ਭੁਲੇਖੇ ਦੂਰ ਕਰਨਗੇ। ਸਤਿਗੁਰੂ ਕਿਰਪਾ ਕਰਨ। ਸਾਰੇ ਸਭ ਦੇ ਸਾਂਝੇ ਯਤਨਾਂ ਸਦਕਾ ਪੰਜਾਬੀ ਭਾਸ਼ਾ ਦਾ ਸਰਬਪੱਖੀ ਵਿਕਾਸ ਹੋਵੇ ਅਤੇ ਅਸੀਂ ਪੰਜਾਬੀ, ਆਦਰਸ਼ ਸਮਾਜ ਸਿਰਜਨਾ ਵਿਚ ਭਰਪੂਰ ਯੋਗਦਾਨ ਪਾ ਸੱਕੀਏ।

- ਹਰਪਾਲ ਸਿੰਘ ਸੇਵਕ, ਸੰਪ: 94176-01321

Sri Satguru Jagjit Singh Ji eLibrary NamdhariElibrary@gmail.com

ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

10 ਮਾਰਚ 2018 **ਪੰਜਾਬੀ ਕਾਨਫ਼ਰੰਸ ਸਮੇਂ** ਸਥਾਨ- ਚੰਡੀਗੜ੍ਹ

ਬਾਹਰੋਂ ਆਏ ਹੋਏ ਪਤਵੰਤੇ ਸੱਜਣੋ,ਵੀਰੋ, ਭੈਣੋ, ਸਾਧ ਸੰਗਤ ਜੀ,ਬੜੀ ਖੁਸ਼ੀ ਦੀ ਗੱਲ ਹੈ ਕੀ ਅਸੀਂ ਪੰਜਾਬੀ ਕਾਨਫਰੰਸ ਕਰਾ ਰਹੇ ਹਾਂ। ਮੈਂ ਬਾਹਰ ਸਫ਼ਰ ਕਰ ਕੇ ਵੇਖਿਆ,ਪੰਜਾਬੀ ਬਾਰੇ ਸੋਚਣ ਦਾ ਬਹੁਤ ਮੌਕਾ ਮਿਲਿਆ। ਪਿੱਛੇ ਜਹੇ ਡਾ.ਵਰਿਆਮ ਸੰਧੂ ਦਾ ਇੱਕ ਲੇਖ ਛਪਿਆ। ਜਿਸ ਵਿੱਚ ਉਨ੍ਹਾਂ ਨੇ ਲਿਖਿਆ ਕਿ ਯੂ. ਐਨ. ਓ. ਨੇ ਸਰਵੇ ਕੀਤਾ ਹੈ, ਜਿਸ ਵਿੱਚ ਉਨ੍ਹਾਂ ਸਮਝਿਆ ਕਿ ਪੰਜਾਹ ਸਾਲ ਵਿੱਚ ਪੰਜਾਬੀ ਖਤਮ ਹੋ ਜਾਏਗੀ। ਮੈ ਇਹ ਨਹੀਂ ਸਮਝਦਾ ਕਿ ਪੰਜਾਹ ਸਾਲ ਵਿੱਚ ਖਤਮ ਹੋ ਜਾਏਗੀ,ਪਰ ਜਿਸ ਤਰਾਂ ਪੰਜਾਬੀ ਘੱਟ ਰਹੀ ਏ,ਉਹਦੇ ਬਾਰੇ ਸੋਚਣ ਦੀ ਬਹੁਤ ਜਰੂਰਤ ਹੈ।

ਬੰਗਲੌਰ ਰਹਿੰਦਿਆਂ ਹੋਇਆਂ ਮੈਂ ਵੇਖਿਆ ਕਿ ਸਾਡੇ ਨਾਲ Scientist ਤਾਮਿਲ ਨੇ, ਕੁਝ ਕੰਨੜ ਨੇ, ਉਹ ਸਾਰੇ ਹੀ ਮੈਂ ਕਹਿ ਲਵਾਂ ਬਹੁਤ ਜਿਆਦਾ ਪੜ੍ਹੇ ਹੋਏ ਨੇ, ਘੱਟ ਤੋਂ ਘੱਟ ਐਮ.ਐਸ.ਸੀ. ਜਾਂ ਪੀ.ਐਚ.ਡੀ ਹੋਣਗੇ, ਅਸੀਂ ਇੱਕਠੇ ਬੈਠੇ ਹੋਵਾਂਗੇ, ਉਨ੍ਹਾਂ ਦੀ ਮਜ਼ਬੂਰੀ ਹੈ ਉਨ੍ਹਾਂ ਮੇਰੇ ਨਾਲ ਅੰਗ੍ਰੇਜ਼ੀ ਬੋਲਣੀ ਹੈ। ਜਦੋਂ ਕਿ ਆਫ਼ਿਸ ਤੋਂ ਬਾਹਰ ਕਦੀ ਵੀ ਆਪਸ ਵਿੱਚ ਬੈਠੇ ਅੰਗ੍ਰੇਜ਼ੀ ਵਿੱਚ ਗੱਲ ਨਹੀਂ ਕਰਨਗੇ, ਉਹ ਤਾਮਿਲ ਜਾਂ ਕੰਨੜ ਬੋਲਣਗੇ। ਜੇ ਏਨੇ ਪੜ੍ਹੇ ਲਿਖੇ ਲੋਕ ਪੰਜਾਬੀ ਬੈਠੇ ਹੋਣਗੇ, ਉਹ ਕਦੇ ਵੀ ਪੰਜਾਬੀ ਨਹੀ ਬੋਲਣਗੇ। ਉਹ ਇੱਕ ਦਮ ਅੰਗ੍ਰੇਜ਼ੀ ਵਿੱਚ ਗੱਲ ਕਰਨ ਲੱਗ ਜਾਣਗੇ।

ਮੈਂ ਇਹ ਵੀ ਵੇਖਿਆ ਹੈ ਕਿ ਕਈ ਮਾਪੇ, ਪਹਿਲੀ ਜੈਨਰੇਸ਼ਨ ਜਿਨ੍ਹਾਂ ਨੂੰ ਹੋ ਸਕਦਾ ਹੈ ਮਾਤਾ ਪਿਤਾ ਦੋਹਾਂ ਨੂੰ ਅੰਗ੍ਰੇਜ਼ੀ ਬੋਲਣੀ ਨਹੀਂ ਆਉਂਦੀ ਪਰ ਉਨ੍ਹਾਂ ਨੇ ਯਕੀਨ ਕੀਤਾ ਕਿ ਸਾਡੇ ਬੱਚੇ ਪੰਜਾਬੀ ਨਾ ਬੋਲਣ। ਉਨ੍ਹਾਂ ਨੇ ਬੱਚਿਆਂ ਦੇ ਨਾਲ ਟੁੱਟੀ ਫੁੱਟੀ ਅੰਗ੍ਰੇਜ਼ੀ ਬੋਲ ਕੇ ਕੋਸ਼ਿਸ਼ ਕੀਤੀ ਕਿ ਘਰ ਵਿੱਚ ਵੀ ਅੰਗ੍ਰੇਜ਼ੀ ਬੋਲੀਏ। ਇਹ ਪਾਤਰ ਸਾਹਿਬ ਤੁਸੀਂ ਗੱਲ ਕੀਤੀ, ਸਕੂਲਾਂ ਵਿੱਚ ਪੰਜਾਬੀ ਬੋਲਣ ਤੇ ਜੁਰਮਾਨਾ ਲਾਇਆ ਜਾਂਦਾ ਹੈ। ਇਹ ਇਕ ਲੋਕਾਂ ਨੂੰ ਮੂਵਮੈਂਟ ਬਨਾਉਣ ਦੀ ਜਰੂਰਤ ਹੈ। ਸਕੂਲਾਂ ਦੀ ਕੀ ਜੁਅਰਤ ਹੈ ਕਿ ਪੰਜਾਬੀ ਬੱਚੇ ਨੂੰ ਪੰਜਾਬੀ ਬੋਲਣ ਤੇ ਜੁਰਮਾਨਾ ਲਾਇਆ ਜਾਵੇ, ਤੇ ਜੁਰਮਾਨਾ ਲਾ ਕੇ ਫਿਰ ਉਹ ਪੰਜਾਬ ਵਿੱਚ ਰਹਿ ਜਾਣ।

ਸਾਡੀ ਇਹ ਮਾਂ ਬੋਲੀ ਹੈ। ਸਾਨੂੰ ਜੇ ਪੰਜਾਬੀ ਹੋਣ ਦਾ ਮਾਣ ਹੈ ਤਾਂ ਸਿਰ ਉੱਚਾ ਕਰਕੇ ਜਿਊਣ ਦਾ ਵੀ ਮਾਣ ਹੈ। ਅਸੀਂ ਅੰਗ੍ਰੇਜ਼ੀ ਸਿੱਖੀਏ, ਅਸੀਂ ਫਰੈਂਚ ਸਿੱਖੀਏ, ਅਸੀਂ ਸਾਰੀਆਂ ਜ਼ੁਬਾਨਾ ਸਿੱਖੀਏ, ਪਰ ਉਹ ਸਕੂਲ ਜਿਹੜਾ ਸਾਨੂੰ ਕਹਿੰਦਾ ਹੈ ਕਿ ਤੁਸੀਂ ਸਕੂਲ ਵਿੱਚ ਪੰਜਾਬੀ ਨਹੀਂ ਬੋਲ ਸਕਦੇ, ਪਹਿਲਾਂ ਉਸਨੂੰ ਅਸੀਂ ਪਿਆਰ ਨਾਲ ਸਮਝਾ ਸਕਦੇ ਹਾਂ। ਪਰ ਗੱਲ ਇਹ ਹੈ ਕਿ ਜੇ ਮਾਪੇ ਹੀ ਕਹਿਣ ਕਿ ਮੈਂ ਆਪਣਾ ਬੱਚਾ ਉਥੇ ਭੇਜਣੈ ਜਿਥੇ ਪੰਜਾਬੀ ਨਾ ਹੋਏ, ਜੇ ਮਾਪੇ ਹੀ ਕਹਿਣ ਕਿ ਮੇਰੇ ਘਰ ਵਿੱਚ ਪੰਜਾਬੀ ਨਹੀਂ ਬੋਲੀ ਜਾਣੀ ਚਾਹੀਦੀ, ਫਿਰ ਅਸੀਂ ਸਕੂਲਾਂ ਨੂੰ ਕੀ ਕਹਿਣੈ, ਏਸ ਕਰਕੇ ਇੱਕ ਵੱਡੇ ਪੱਧਰ ਤੇ ਜਾਗਰੂਕਤਾ ਦੀ ਲੋੜ ਹੈ ਅਤੇ ਉਹ ਜਾਗਰੂਕਤਾ ਇਹ ਹੈ... ਕਿ ਮੈਂ ਇਸ ਗੱਲ ਦਾ ਬਹੁਤ ਸਤਿਕਾਰ ਕਰਦਾ ਹਾਂ ਕਿ ਤੁਸੀਂ ਇਹ ਬੜਾ ਸੁਹਣਾ ਉੱਦਮ ਕੀਤਾ ਹੈ ਪਰ ਇਹ ਸਾਡੀ ਕਾਨਫਰੰਸ ਤਿੰਨ ਚਾਰ ਸੌ ਬੰਦਿਆਂ ਵਿੱਚ ਨਾ ਰਹਿ ਜਾਵੇ। ਇਹ ਸਾਡੀ ਕਾਨਫਰੰਸ 40-50 ਹਜ਼ਾਰ ਤੱਕ ਪੰਜਾਬੀ ਅਟੈਂਡ ਕਰਨ, ਜੇ ਅਸੀਂ ਅੱਗੇਂ ਤੋਂ ਕਰਨੀ ਹੈ। ਜੇ ਇਸਨੂੰ ਅਸੀਂ ਲੋਕਾਂ ਤੱਕ ਪਹੁੰਚਾਣਾ ਹੈ ਤਾਂ ਇਹ ਬਹੁਤ ਵੱਡੀ ਪੱਧਰ ਤੇ ਹੋਵੇ। ਇਥੇ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਹੋਣ, ਜਿੱਥੇ ਖਾਸਕਰ ਨੌਜਵਾਨ ਅਟੈਂਡ ਕਰਨ, ਕਿਉਂਕਿ ਕਦੀ ਵੀ ਕੋਈ ਵੀ ਬਦਲਾਵ ਨੌਜਵਾਨ ਲੈ ਕੇ ਆਉਦੇ ਹਨ, ਨੌਜਵਾਨਾਂ ਨੂੰ ਇਸ ਚੀਜ਼ ਦੀ ਅਵੇਅਰਨੈਸ ਹੋਵੇ, ਕਿ ਸਾਨੂੰ ਪੰਜਾਬੀ ਹੋਣ ਦਾ ਕਿੰਨਾਂ ਮਾਣ ਹੋਵੇਗਾ। ਬੇਸ਼ੱਕ ਅਸੀਂ ਸਕੂਲਾਂ ਵਿੱਚ ਪ੍ਰੋਗਰਾਮ ਕਰੀਏ, ਪੰਜਾਬੀ ਦੇ ਛੋਟੇ-ਛੋਟੇ ਕੰਪੀਟੀਸ਼ਨ ਰੱਖੀਏ, ਅੰਗਰੇਜੀ ਸਕੂਲਾਂ ਨੂੰ ਵੀ ਕਹੀਏ, ਉਹ ਵੀ ਪ੍ਰਵਾਨ ਕਰਨਗੇ। ਕੇਵਲ ਇੱਥੇ ਹੀ ਨਹੀਂ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਕਰਨ ਦੀ ਜਰੂਰਤ ਹੈ। ਜੇਕਰ ਕੋਈ ਸਾਨੂੰ ਇੰਗਲੈਂਡ ਵਿੱਚ ਬੈਠਾ, ਕਨੇਡਾ ਵਿੱਚ ਬੈਠਾ ਕਹੇ ਕਿ ਮੈਨੂੰ ਜਰੂਰਤ ਹੈ ਪੰਜਾਬੀ ਦੇ ਆਨਲਾਇਨ ਲੈਸਨ ਦਿਓ,ਮੈਨੂੰ ਪੰਜਾਬੀ ਦੀ ਟਿਊਸ਼ਨ ਦਿਓ। ਅਸੀਂ ਉਹ ਵੀ ਸੇਵਾ ਪ੍ਰਦਾਨ ਕਰੀਏ। ਹਰ ਤਰ੍ਹਾਂ ਕਰਕੇ ਅਸੀਂ ਇਹ ਕੋਸ਼ਿਸ ਕਰੀਏ ਅਗਲੇ ਪੰਜ ਜਾਂ ਦੱਸ ਸਾਲ ਲੈ ਕੇ ਚੱਲੀਏ ਕਿ ਸਾਡੇ ਬੱਚਿਆਂ ਨੂੰ ਪੰਜਾਬੀ ਹੋਣ ਦਾ ਮਾਣ ਹੋਵੇ । ਮੈਂ ਇਹ ਸਮਝਦਾ ਹਾਂ ਕਿ ਜਦੋਂ ਪੰਜਾਬੀ ਤੋਂ ਟੁੱਟ ਜਾਵਾਂਗੇ, ਗੁਰਬਾਣੀ ਤੋਂ ਟੁੱਟ ਜਾਵਾਂਗੇ। ਬੜਾ ਸੋਹਣਾ ਤੁਸੀਂ ਪਾਤਰ ਜੀ ਕਿਹਾ ਹੈ, ਗੁਰਬਾਣੀ ਉਹ ਹੈ ਜਿਸ ਵਿੱਚ ਸੂਫ਼ੀਆਂ ਦੀ ਬਾਣੀ ਹੈ, ਹਿੰਦੂਆਂ ਦੀ ਬਾਣੀ ਹੈ ਹਰ ਭੇਖ ਦੇ ਸੰਤਾ ਦੀ ਬਾਣੀ ਹੈ, ਗੁਰਬਾਣੀ ਧਰਮ ਦੀਆਂ ਦੀਵਾਰਾਂ ਤੋੜ ਸਾਨੂੰ ਇੱਕ ਜਗ੍ਹਾ ਇੱਕਠਿਆਂ ਕਰਦੀ ਹੈ, ਸਾਡੀਆਂ ਸਾਰੀਆਂ ਲੜਾਈਆਂ ਮੁਕਾਂਦੀ ਹੈ। ਏਸ ਕਰਕੇ ਸਾਨੂੰ ਪੰਜਾਬੀ ਪੜ੍ਹਨੀ ਬਹੁਤ ਜਰੂਰੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਸਾਡੀ ਧਰੋਹਰ ਨਾਲ, ਸਾਡੀ ਸੰਸਕ੍ਰਿਤੀ ਨਾਲ ਜੋੜਕੇ ਰੱਖਣ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਆਪਣੇ ਬੱਚਿਆਂ ਨੂੰ ਗੁਰਮਖੀ ਪੜ੍ਹਾ ਸਕੀਏ। ਇਹ ਕੋਸ਼ਿਸ਼ ਕਰੋ ਤੁਹਾਡੇ ਪੁੱਤ ਪੋਤਰੇ ਜਰੂਰ ਪੰਜਾਬੀ ਨਾਲ ਜੁੜੇ ਰਹਿਣ,ਤੁਸੀਂ ਘਰ ਵਿੱਚ ਪੰਜਾਬੀ ਬੋਲੋ ਤਾਂ ਹੀ ਤੁਹਾਡੇ ਬੱਚੇ ਪੰਜਾਬੀ ਬੋਲਣਗੇ। ਮੈਂ ਏਨੇ ਸ਼ਬਦਾਂ ਨਾਲ ਹੀ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

Sri Satguru Jagjit Singh Ji eLibrary NamdhariElibrary@gmail.com

ਪੰਜਾਬ, ਪੰਜਾਬੀ ਅਤੇ ਪੰਜਾਬੀਅਤ

✍-ਡਾ. ਜੋਗਿੰਦਰ ਸਿੰਘ ਪੁਆਰ

ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਲੜ ਰਹੀ ਸਾਡੀ ਕੌਮੀ ਲੀਡਰਸ਼ਿਪ ਨੇ 1927 ਵਿਚ ਦੇਸ਼ ਦੀ ਭਾਸ਼ਾਈ ਅਤੇ ਸੱਭਿਆਚਾਰਕ ਵੱਖਰਤਾ ਅਤੇ ਵਿਭਿੰਨਤਾ ਨੂੰ ਸਾਹਮਣੇ ਰੱਖਦਿਆਂ। ਹਿੰਦੁਸਤਾਨ ਦੇ ਵੱਖ-ਵੱਖ ਖਿੱਤਿਆਂ ਵਿਚ ਵਸਦੇ ਵੱਖ-ਵੱਖ ਸੱਭਿਆਚਾਰਾਂ ਤੇ ਭਾਸ਼ਾਵਾਂ ਵਾਲੇ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਦੇਸ਼ ਆਜ਼ਾਦ ਹੋਣ ਤੋਂ ਬਾਦ ਵੱਖ-ਵੱਖ ਭਾਸ਼ਾਵਾਂ ਦੇ ਅਧਾਰ ਤੇ ਵੱਖ-ਵੱਖ ਭਾਸ਼ਾਈ ਸੂਬੇ ਸਥਾਪਤ ਕੀਤੇ ਜਾਣਗੇ, ਜਿਥੇ ਉਥੋਂ ਦੀਆਂ ਮਾਦਰੀ ਜ਼ੁਬਾਨਾਂ ਨੂੰ ਸਿੱਖਿਆ, ਰਾਜ ਪ੍ਰਬੰਧ, ਨਿਆਂ ਪ੍ਰਣਾਲੀ ਤੇ ਕਾਰੋਬਾਰੀ ਖੇਤਰਾਂ ਆਦਿ ਵਿਚ ਮੁੱਢਲੀ ਥਾਂ ਦਿੱਤੀ ਜਾਵੇਗੀ। ਇਸ ਦਾ ਮਕਸਦ ਸੀ; ਕਿ

(i) ਆਜ਼ਾਦ ਭਾਰਤ ਵਿਚ ਵੱਖ-ਵੱਖ ਭਾਸ਼ਾਵਾਂ ਅਤੇ ਸੱਭਿਆਚਾਰਾਂ ਵਾਲੇ ਲੋਕਾਂ ਦੇ 'ਆਤਮ ਸਨਮਾਨ' ਨੂੰ ਬਲ ਦੇਣਾ ਅਤੇ ਕਾਇਮ ਰੱਖਣਾ;

(ii) ਉਨ੍ਹਾਂ ਦੀ ਵੱਖਰੀ ਪਹਿਚਾਣ ਨੂੰ ਕਾਇਮ ਰੱਖਣਾ;

(iii) ਉਨ੍ਹਾਂ ਵਿਚ ਜ਼ੁਬਾਨ ਦੇ ਅਧਾਰ 'ਤੇ ਬਰਾਬਰਤਾ ਕਾਇਮ ਕਰਨਾ;

(iv) ਭਾਸ਼ਾਈ ਬਰਾਬਰਤਾ, ਰਾਹੀਂ ਰਾਜਨੀਤਕ, ਸਮਾਜਕ, ਵਿੱਦਿਅਕ, ਆਰਥਕ ਅਤੇ ਸੱਭਿਆਚਾਰਕ ਖੇਤਰਾਂ ਵਿਚ ਸਭ ਨੂੰ ਤਰੱਕੀ ਦੇ ਇਕੋ ਜਿਹੇ ਮੌਕੇ ਮੁਹੱਈਆ ਕਰਵਾਉਣਾ ਆਦਿ।

ਆਜ਼ਾਦੀ ਹਾਸਲ ਕਰਨ ਤੋਂ ਤੁਰੰਤ ਬਾਦ ਭਾਰਤੀ ਲੀਡਰਸ਼ਿਪ ਨੂੰ ਭਾਸ਼ਾ ਦੇ ਅਧਾਰ 'ਤੇ ਵੱਖ-ਵੱਖ ਭਾਸ਼ਾਈ ਸੂਬਿਆਂ ਦੀ ਸਥਾਪਤੀ ਦੀ ਮੰਗ ਦਾ ਸਾਹਮਣਾ ਕਰਨਾ ਪਿਆ। ਇਸੇ ਸਬੰਧ ਵਿਚ ਕੋਈ ਫੈਸਲਾ ਕਰਨ ਲਈ ਭਾਰਤ ਦੀ ਆਈਨਸਾਜ਼ ਅਸਬੰਲੀ (Conslilient Arsemlely), ਦੀ 1949 ਵਿੱਚ 12 ਤੋਂ 14 ਸਤੰਬਰ ਦਰਮਿਆਨ ਭਾਰਤ ਦੀ ਸਰਕਾਰੀ ਅਤੇ ਕੌਮੀ ਭਾਸ਼ਾ (official and National Language) ਬਾਰੇ ਹੋਈ ਬਹਿਸ ਦੇ ਸਿੱਟੇ ਵਜੋਂ ਭਾਰਤੀ ਵਿਧਾਨ ਦੀ ਧਾਰਾ ਤਪਤ (i) ਅਤੇ ਤਪਤ (ii) ਅਧੀਨ ਇਹ ਫ਼ੈਸਲਾ ਕੀਤਾ ਗਿਆ ਕਿ,

(i) ਹਿੰਦੀ ਭਾਰਤ ਦੀ ਸਰਕਾਰੀ ਭਾਸ਼ਾ ਹੋਏਗੀ, ਇਸ ਦੀ ਲਿੱਪੀ ਦੇਵ ਨਾਗਰੀ ਹੋਏਗੀ।

(ii) ਅੰਗਰੇਜ਼ੀ ਜ਼ੁਬਾਨ ਵਿਧਾਨ ਲਾਗੂ ਹੋਣ ਦੀ ਤਾਰੀਖ ਤੋਂ ਅਗਲੇ ਪੰਦਰਾਂ ਸਾਲਾਂ ਲਈ, ਪਹਿਲੋਂ ਦੀ ਤਰ੍ਹਾਂ, ਸਹਿਯੋਗੀ ਭਾਸ਼ਾ ਵਜੋਂ ਸਰਕਾਰੀ ਕੰਮ ਕਾਜ ਲਈ ਕਾਇਮ ਰਹੇਗੀ। ਸਰਕਾਰੀ ਭਾਸ਼ਾ ਬਾਰੇ ਸੀ.ਜੀ.ਬੀ. ਪੰਤ ਦੀ ਪ੍ਰਧਾਨਗੀ ਅਧੀਨ ਬਣਾਈ ਗਈ ਪਾਰਲੀਮਾਨੀ ਕਮੇਟੀ ਨੇ 8 ਫਰਵਰੀ, 1959 ਨੂੰ ਆਪਣੀ ਰਿਪੋਰਟ ਰਾਸ਼ਟਰਪਤੀ ਨੂੰ ਪੇਸ਼ ਕੀਤੀ। ਇਸ ਕਮੇਟੀ ਨੇ ਇਹ ਸਿਫਰਾਸ਼ ਕੀਤੀ ਕਿ ਸਰਕਾਰੀ ਕੰਮਕਾਜ ਲਈ ਕੇਂਦਰੀ ਪੱਧਰ ਤੇ ਹਿੰਦੀ ਭਾਸ਼ਾ ਨੂੰ ਮੁਖ ਜ਼ੁਬਾਨ ਅਤੇ ਅੰਗਰੇਜ਼ੀ ਨੂੰ ਸਹਿਯੋਗੀ ਭਾਸ਼ਾ ਵਜੋਂ ਮਨਜ਼ੂਰ ਕਰ ਲਿਆ ਜਾਵੇ ਅਤੇ ਲਾਗੂ ਕਰਨ ਲਈ ਕੋਈ ਪੱਕੀ ਤਾਰੀਖ ਨਾ ਮਿਥੀ ਜਾਏ।

ਗੈਰ ਹਿੰਦੀ ਭਾਸ਼ੀ ਇਲਾਕਿਆਂ ਦੇ ਲੋਕਾਂ ਅਤੇ ਸਿਆਸੀ ਪਾਰਟੀਆਂ ਵਲੋਂ ਕੀਤੇ ਜਾ ਰਹੇ ਹਿੰਦੀ ਦੇ ਵਿਰੋਧ ਦੇ ਦਬਾ ਥੱਲੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ 7 ਅਗਸਤ, 1959 ਨੂੰ ਪਾਰਲੀਮੈਂਟ ਵਿਚ ਬਿਆਨ ਦਿੰਦੇ ਸਮੇਂ ਲੋਕ ਸਭਾ ਨੂੰ ਇਹ ਯਕੀਨ ਦਰਸਾਇਆ ਕਿ ਅੰਗਰੇਜ਼ੀ ਜ਼ੁਬਾਨ ਸਰਕਾਰੀ ਜ਼ੁਬਾਨ ਵਜੋਂ ਕੇਂਦਰੀ ਸਰਕਾਰ ਦੇ ਕੰਮਕਾਜ ਵਿਚ ਸਹਿਯੋਗੀ ਭਾਸ਼ਾ ਵਜੋਂ ਉਦੋਂ ਤੱਕ ਵਰਤੀ ਜਾਏਗੀ, ਜਦੋਂ ਤਦ ਦੇਸ਼ ਦੇ ਲੋਕ ਚਾਹੁਣਗੇ। ਸਮੇਂ ਦਾ ਫ਼ੈਸਲਾ ਹਿੰਦੀ ਭਾਸ਼ੀ ਲੋਕ ਨਹੀਂ, ਸਗੋਂ ਗੈਰ ਹਿੰਦੀ ਭਾਸ਼ੀ ਲੋਕ ਕਰਨਗੇ।

ਪੰਡਤ ਜਵਾਹਰ ਲਾਲ ਨਹਿਰੂ ਦੇ ਉਪਰੋਕਤ ਬਿਆਨ ਬਾਰੇ ਨਿਰਾਸ਼ਾ ਜ਼ਾਹਰ ਕਰਦਿਆਂ ਇਕ ਵਾਰ ਸੀ.ਜੀ.ਬੀ. ਪੰਤ ਨੇ ਆਖਿਆ ਕਿ, "ਮੈਂ ਜੋ ਕੁਛ ਵੀ ਹਿੰਦੀ ਭਾਸ਼ਾ ਲਈ ਪਿਛਲੇ ਦੋ ਸਾਲਾਂ ਵਿਚ ਕੀਤਾ ਸੀ, ਪੰਡਤ ਨਹਿਰੂ ਨੇ ਉਹ ਸਾਰਾ ਕੁਛ ਦੋ ਮਿੰਟ ਵਿਚ ਖ਼ਤਮ ਕਰ ਦਿੱਤਾ।

(iii) ਭਾਰਤ ਦੀਆਂ ਬਾਕੀ ਇਲਾਕਾਈ ਜ਼ੁਬਾਨਾਂ ਦੇ ਦਾਵੇ ਨੂੰ, ਜੋ ਵਿਧਾਨ ਦੇ ਅੱਠਵੇਂ ਸਡਿਊਲ ਵਿਚ ਸ਼ਾਮਲ ਕੀਤੀਆਂ ਗਈਆਂ ਹਨ, ਜਿਉਂ ਦੀ ਤਿਉਂ ਕਾਇਮ ਰੱਖਿਆ ਗਿਆ।

Sri Satguru Jagjit Singh Ji eLibrary NamdhariElibrary@gmail.com

(iv) ਭਾਰਤੀ ਵਿਧਾਨ ਵਿਚ ਰਾਸ਼ਟਰਪਤੀ ਨੂੰ ਸਲਾਹ ਮਸ਼ਵਰਾ ਦੇਣ ਲਈ 'ਭਾਸ਼ਾ ਕਮਿਸ਼ਨ' ਕਾਇਮ ਕਰਨ ਦੀ ਵਿਵਸਥਾ ਅਧੀਨ ਪਹਿਲਾਂ 'ਸਰਕਾਰੀ ਭਾਸ਼ਾ ਕਮਿਸ਼ਨ' 7 ਜੂਨ 1955 ਨੂੰ ਕਾਇਮ ਕੀਤਾ ਗਿਆ, ਜਿਸ ਨੇ ਆਪਣੀ ਰਿਪੋਰਟ 31 ਜੁਲਾਈ 1956 ਨੂੰ ਪੇਸ਼ ਕਰ ਦਿੱਤੀ। ਜਦੋਂ ਇਹ ਰਿਪੋਰਟ ਤੇ ਪਾਰਲੀਮੈਂਟ ਵਿਚ ਬਹਿਸ ਹੋਈ ਤਾਂ ਹਿੰਦੀ ਭਾਸ਼ਾ ਦੇ ਹਮਾਇਤੀਆਂ ਤੇ ਵਿਰੋਧੀਆਂ ਵਿਚ ਜਮ ਕੇ ਗਰਮੋ-ਗਰਮੀ ਹੋਈ। ਹਿੰਦੀ ਵਿਰੋਧੀਆਂ ਦਾ ਇਹ ਮੱਤ ਸੀ ਕਿ ਹਿੰਦੀ ਨਾ ਤਾਂ ਸੱਭਿਆਚਾਰਕ ਅਤੇ ਨਾ ਹੀ ਰਾਜਨੀਤਕ ਪੱਖੋਂ ਭਾਰਤ ਦੀਆਂ ਦੂਜੀਆਂ ਖੇਤਰੀ ਭਾਸ਼ਾਵਾਂ ਨਾਲੋਂ ਕਿਸੇ ਤਰ੍ਹਾਂ ਵੀ ਵਧੇਰੇ ਯੋਗਤਾ ਵਾਲੀ ਹੈ। ਹਿੰਦੀ ਦੇ ਹੱਕ ਵਿਚ ਸੀ। ਬਲਰਾਮ ਜੀ ਦਾਸ ਟੰਡਨ ਨੇ ਇਹ ਕਿਹਾ ਕਿ, 'ਉਹ ਸਮਝਦੇ ਹਨ ਕਿ ਹਿੰਦੀ ਵਿਚ ਦੇਸ਼ ਨੂੰ ਇਕੱਠਿਆਂ ਰੱਖਣ ਤੇ ਜੋੜਨ ਦੀ ਤਾਕਤ ਹੈ। 1958 ਵਿਚ 'ਆਲ ਇੰਡੀਆ ਭਾਸ਼ਾ ਕਾਨਫਰੰਸ ਵਿਚ ਸੀ. ਫਰੈਂਕ ਐਨਥਨੀ ਨੇ ਕਿਹਾ ਕਿ ਹਿੰਦੀ ਫਿਰਕੂਵਾਦ ਦਾ ਨਿਸ਼ਾਨ ਹੈ। ਇਹ ਧਰਮ ਦਾ ਸੰਕੇਤ ਹੈ। ਇਹ ਭਾਸ਼ਾਈ ਜਬਰ ਦੀ ਨਿਸ਼ਾਨੀ ਹੈ ਅਤੇ ਸਭ ਤੋਂ ਵੱਧ ਇਹ ਘੱਟ ਗਿਣਤੀ ਦੀਆਂ ਜ਼ੁਬਾਨਾਂ ਤੇ ਇਕ ਜਬਰ ਦਾ ਚਿੰਨ ਹੈ। ਸ਼੍ਰੀ ਰਾਜ ਗੁਪਾਲ ਅਚਾਰੀਆਂ ਨੇ ਕਿਹਾ ਕਿ 'ਹਿੰਦੀ ਗੈਰ ਹਿੰਦੀ ਲੋਕਾਂ ਲਈ ਉਂਜ ਹੀ ਇਕ ਬਦੇਸ਼ੀ ਭਾਸ਼ਾ ਹੈ। ਜਿਵੇਂ ਕਿ ਹਿੰਦੀ ਹਮਾਇਤੀਆਂ ਲਈ ਅੰਗਰੇਜ਼ੀ ਜ਼ੁਬਾਨ। 'ਕੌਮੀ ਭਾਸ਼ਾ' ਅਤੇ ਸਰਕਾਰੀ ਭਾਸ਼ਾ' ਦੋ ਵੱਖ-ਵੱਖ ਭਾਸ਼ਾਈ ਸੰਕਲਪ ਹਨ। ਇਹ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਪ੍ਰਾਂਤ ਜਾਂ ਦੇਸ਼ ਦੀਆਂ ਸਰਕਾਰੀ ਭਾਸ਼ਾ ਦੋ ਵੱਖਰੀਆਂ ਕੌਮੀ ਭਾਸ਼ਾਵਾਂ ਹੋਣ। ਇਹ ਵੀ ਸੰਭਵ ਹੁੰਦਾ ਹੈ ਕਿ ਕੋਈ ਕੌਮੀ ਭਾਸ਼ਾ ਆਪਣੇ ਹੀ ਪ੍ਰਾਂਤ ਜਾਂ ਦੇਸ਼ ਦੀ ਸਰਕਾਰੀ ਭਾਸ਼ਾ ਨਾ ਹੋਵੇ। ਇਕ ਭਾਸ਼ੀ ਸੁਤੰਤਰ ਦੇਸ਼ਾਂ ਵਿਚ ਆਮ ਤੌਰ 'ਤੇ ਇਕ ਹੀ ਭਾਸ਼ਾ ਸਰਕਾਰੀ ਤੇ ਕੌਮੀ ਭਾਸ਼ਾ ਹੁੰਦੀ ਹੈ। ਭਾਰਤ ਵਰਗੇ ਬਹੁ ਭਾਸ਼ੀ ਦੇਸ਼ਾਂ ਵਿਚ ਇਹ ਮਸਲਾ ਥੋੜ੍ਹਾ ਜਿਹਾ ਗੁਝਲਦਾਰ ਬਣ ਜਾਂਦਾ ਹੈ। ਫਿਸ਼ਮੈਨ (Fishman) ਨੇ ਤਰੱਕੀ ਕਰ ਰਹੇ ਬਹੁ ਭਾਸ਼ੀ ਦੇਸ਼ਾਂ ਵਿਚ 'ਕੌਮੀ ਭਾਸ਼ਾ' ਅਤੇ 'ਸਰਕਾਰੀ ਭਾਸ਼ਾ' ਦੀ ਵਿਆਖਿਆ ਕਰਦਿਆਂ 'ਕੌਮੀ ਭਾਸ਼ਾ' ਦਾ ਸਬੰਧ ਰਾਸ਼ਟਰਵਾਦ (Nationalism) ਨਾਲ ਅਤੇ ਸਰਕਾਰੀ ਭਾਸ਼ਾ ਦਾ ਇਕ ਨਵੇਂ ਸੰਕਲਪ ਰਾਸ਼ਟਰੀ ਸੰਗਠਨਵਾਦ (Nationism) ਨਾਲ ਜੋੜਿਆ ਹੈ।

ਕੌਮੀ ਭਾਸ਼ਾ (National Language) ਦੀਆਂ ਜੜਾਂ ਸਬੰਧਤ ਸਮਾਜ ਦੀਆਂ ਸਮਾਜਿਕ, ਸੱਭਿਆਚਾਰਕ ਪਰਮਾਣਿਕਤਾ ਤੇ ਕੌਮੀ ਰਵਾਇਤਾਂ ਵਿਚ ਹੁੰਦੀਆਂ ਹਨ। ਜਿਨ੍ਹਾਂ ਰਾਹੀਂ ਉਹ ਉਸ ਕੌਮ ਦਾ ਸਮਾਜਕ ਤੇ ਸੱਭਿਆਚਾਰਕ ਪੱਧਰ ਤੇ ਏਕੀਕਰਨ ਕਰਦੀ ਹੈ। ਅਜਿਹੀ ਕੌਮ ਇਤਿਹਾਸਕ ਤੇ ਸੱਭਿਆਚਾਰਕ ਪੱਖੋਂ ਇਕ ਅਜਿਹਾ ਭਾਸ਼ਾਈ ਸਮੂਹ ਹੁੰਦੀ ਹੈ। ਜਿਸ ਦੇ ਮੈਂਬਰਾਂ ਵਿਚਕਾਰ ਇਕ ਪੁਖਤਾ ਸਭਿਆਚਾਰਕ ਸਾਂਝ, ਸਾਂਝੇ ਮਾਨਸਿਕ ਗੁਣ ਲੱਛਣ ਅਤੇ ਆਪਣੀ ਸਾਂਝੀ ਪਛਾਣ ਹੁੰਦੀ ਹੈ। ਅਜਿਹੇ ਸਾਰੇ ਚਿੰਨ੍ਹ ਉਸ ਦੇ ਸਭਿਆਚਾਰਕ ਨਵੇਕਲੇਪਨ ਦਾ ਪ੍ਰਗਟਾਵਾ ਵੀ ਕਰਦੇ ਹਨ।

ਕਿਸੇ ਵੀ ਦੇਸ਼ ਜਾਂ ਕੌਮ ਨੂੰ ਉਨਤੀ ਦੇ ਰਸਤੇ ਤੇ ਚੱਲਣ ਲਈ 'ਰਾਜਸੀ ਏਕਤਾ' ਆਰਥਿਕ ਵਿਕਾਸ ਤੇ ਸਥਿਰ ਪ੍ਰਬੰਧਕੀ ਢਾਂਚੇ ਦੀ ਲੋੜ ਹੁੰਦੀ ਹੈ। ਇਸ ਲੋੜ ਦੀ ਪੂਰਤੀ ਸੁਚੇਤ ਤੌਰ 'ਤੇ ਵਿਉਂਤਬਧ ਢੰਗ ਨਾਲ ਤਿਆਰ ਕੀਤੀਆਂ ਯੋਜਨਾਵਾਂ ਰਾਹੀਂ ਕੀਤੀ ਜਾਂਦੀ ਹੈ। ਇਸ ਸਾਰੇ ਅਸਲ ਵਿਚ ਸਰਕਾਰੀ ਭਾਸ਼ਾ ਵੀ ਇਕ ਅਹਿਮ ਰੋਲ ਅਦਾ ਕਰਦੀ ਹੈ। ਸਰਕਾਰੀ ਭਾਸ਼ਾ ਦਾ ਸਬੰਧ 'ਰਾਸ਼ਟਰੀ ਸੰਗਠਨਵਾਦ' (Nationism) ਦੇ ਸੰਕਲਪ ਨਾਲ ਜੁੜਿਆ ਹੋਇਆ ਹੈ ਅਤੇ ਇਹ ਇਸ ਰਾਹੀਂ ਉਸ ਕੌਮ ਦੇ ਰਾਜਸੀ ਤੇ ਆਰਥਕ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੀ ਹੈ।

1947 ਵਿਚ ਆਜ਼ਾਦੀ ਹਾਸਲ ਕਰਨ ਤੋਂ ਤੁਰੰਤ ਬਾਦ ਭਾਰਤੀ ਲੀਡਰਸ਼ਿਪ ਨੂੰ ਭਾਸ਼ਾ ਦੇ ਅਧਾਰ ਤੇ ਵੱਖ-ਵੱਖ ਭਾਸ਼ਾਈ ਸੂਬਿਆਂ ਦੀ ਸਥਾਪਤੀ ਦੀ ਮੰਗ ਦਾ ਹੀ ਸਾਹਮਣਾ ਕਰਨਾ ਪਿਆ। ਕੇਂਦਰੀ ਪੱਧਰ ਤੇ ਰਾਜ ਪ੍ਰਬੰਧ, ਸਿੱਖਿਆ, ਸੰਚਾਰ, ਨਿਆਂ ਪ੍ਰਣਾਲੀ, ਵਿਹਾਰਕ ਕਾਰੋਬਾਰ, ਬਿਉਪਾਰ ਆਦਿ ਖੇਤਰਾਂ ਵਿਚ ਕਿਸ ਜ਼ੁਬਾਨ ਦੀ ਕਿਸ ਪੱਧਰ ਤੇ ਕਿਸ ਰੂਪ ਵਿਚ ਵਰਤੋਂ ਕੀਤੀ ਜਾਵੇ, ਇਸ ਬਾਰੇ ਕਿਰਨਾ ਲੈਣ ਤੋਂ ਪਹਿਲੋਂ ਆਈਨ ਸਾਜ਼ ਅਸੰਬਲੀ (Constitient Assemtily) ਵਿਚ 1949 ਵਿਚ 12 ਤੋਂ 14 ਸਤੰਬਰ ਦਰਮਿਆਨ ਭਾਰਤ ਦੀ ਸਰਕਾਰੀ (Ofiical) ਅਤੇ ਕੌਮੀ ਭਾਸ਼ਾ (National Language) ਬਾਰੇ ਹੋਈ। ਬਹਿਸ ਦੇ ਸਿੱਟੇ ਵਜੋਂ ਭਾਰਤੀ ਵਿਧਾਨ ਦੀ ਧਾਰਾ 343 (i) ਤੇ 343 (ii) ਅਧੀਨ ਇਹ ਫ਼ੈਸਲਾ ਕੀਤਾ ਗਿਆ ਕਿ,

(1) ਹਿੰਦੀ ਭਾਰਤ ਸਰਕਾਰ ਦੀ ਸਰਕਾਰੀ ਜ਼ੁਬਾਨ ਹੋਏਗੀ ਅਤੇ ਇਸ ਦੀ ਲਿੱਪੀ ਦੇਵਨਾਗਰੀ ਹੋਵੇਗੀ।

(2) ਅੰਗਰੇਜ਼ੀ ਜ਼ੁਬਾਨ ਵਿਧਾਨ ਲਾਗੂ ਹੋਣ ਦੀ ਤਾਰੀਖ ਤੋਂ ਅਗਲੇ ਪੰਦਰਾਂ ਸਾਲਾਂ ਲਈ, ਪਹਿਲੋਂ ਦੀ ਤਰ੍ਹਾਂ ਹਿੰਦੀ ਦੀ ਸਹਿਯੋਗੀ ਭਾਸ਼ਾ ਵਜੋਂ ਸਰਕਾਰੀ ਕੰਮਕਾਜ ਲਈ ਕਾਇਮ ਰਹੇਗੀ।

Sri Satguru Jagjit Singh Ji eLibrary NamdhariElibrary@gmail.com

(3) ਭਾਰਤ ਦੀਆਂ ਬਾਕੀ ਇਲਾਕਾਈ ਜ਼ੁਬਾਨਾਂ ਦੇ ਦਾਅਵੇ ਨੂੰ, ਜੋ ਵਿਧਾਨ ਦੇ ਅੱਠਵੇਂ ਸ਼ੈਡਿਊਲ ਵਿਚ ਸ਼ਾਮਲ ਕੀਤੀਆਂ ਗਈਆਂ ਹਨ, ਜਿਉਂ ਦਾ ਤਿਉਂ ਕਾਇਮ ਰੱਖਿਆ ਗਿਆ।

(4) ਭਾਰਤੀ ਵਿਧਾਨ ਵਿਚ ਰਾਸ਼ਟਰਪਤੀ ਨੂੰ ਸਲਾਹ ਮਸ਼ਵਰਾ ਦੇਣ ਲਈ ਭਾਸ਼ਾ ਕਮਿਸ਼ਨ ਕਾਇਮ ਕਰਨ ਦੀ ਵਿਵਸਥਾ ਅਧੀਨ ਪਹਿਲਾਂ ਸਰਕਾਰੀ ਭਾਸ਼ਾ ਕਮਿਸ਼ਨ 7 ਜੂਨ, 1955 ਨੂੰ ਕਾਇਮ ਕੀਤਾ ਗਿਆ। ਜਿਸ ਨੇ ਆਪਣੀ ਰਿਪੋਰਟ 31 ਜੁਲਾਈ 1956 ਨੂੰ ਪੇਸ਼ ਕੀਤੀ। ਜਦੋਂ ਇਸ ਰਿਪੋਰਟ ਤੇ ਪਾਰਲੀਮੈਂਟ ਵਿਚ ਬਹਿਸ ਹੋਈ ਤਾਂ ਹਿੰਦੀ ਭਾਸ਼ਾ ਦੇ ਹਮਾਇਤੀਆਂ ਤੇ ਵਿਰੋਧੀਆਂ ਵਿਚਕਾਰ ਜਮ ਕੇ ਗਰਮੋ ਗਰਮ ਬਹਿਸ ਹੋਈ। ਹਿੰਦੀ ਵਿਰੋਧੀਆਂ ਦਾ ਇਹ ਮਤ ਸੀ ਕਿ ਹਿੰਦੀ ਨਾ ਤਾਂ ਅੰਗਰੇਜ਼ੀ ਭਾਸ਼ਾ ਦਾ ਗਿਆਨ ਕਿਸੇ ਵੀ ਵਿਅਕਤੀ ਦੇ ਰੋਸ਼ਨ ਦਿਮਾਗ ਹੋਣ ਦਾ ਮਰੇਟੀ ਨਹੀਂ। ਸੱਭਿਆਚਾਰਕ ਅਤੇ ਨਾ ਹੀ ਰਾਜਨੀਤਕ ਪੱਖੋਂ ਦੂਜੀਆਂ ਖੇਤਰੀ ਭਾਸ਼ਾਵਾਂ ਨਾਲੋਂ ਕਿਸੇ ਤਰ੍ਹਾਂ ਵੀ ਪ੍ਰਮੁੱਖ ਹੈ। ਹਿੰਦੀ ਦੇ ਹੱਕ ਵਿਚ ਬਲਰਾਮ ਜੀ ਦਾਸ ਲੰਡਨ ਨੇ ਇਹ ਕਿਹਾ ਕਿ ਉਹ ਇਹ ਸਮਝਦੇ ਹਨ ਕਿ ਹਿੰਦੀ ਵਿਚ ਦੇਸ਼ ਨੂੰ ਇਕੱਠਿਆਂ ਰੱਖਣ ਤੇ ਜੋੜਨ ਦੀ ਤਾਕਤ ਹੈ।

1958 ਵਿਚ ਸ੍ਰੀ ਰਾਜ ਗੁਪਾਲ ਆਚਾਰੀਆ ਦੀ ਅਗਵਾਈ ਵਿਚ ਜਿਹੜੀ 'ਆਲ ਇੰਡੀਆ ਭਾਸ਼ਾ ਕਾਨਫਰੰਸ' ਹੋਈ ਉਸ ਵਿਚ ਸੀ. ਫਰੈਂਕ ਐਨਥਨੀ ਨੇ ਕਿਹਾ ਕਿ ਹਿੰਦੀ ਫਿਰਕੂਵਾਦ ਦਾ ਨਿਸ਼ਾਨ ਹੈ। ਇਹ ਧਰਮ ਦਾ ਸੰਕੇਤ ਹੈ। ਇਹ ਭਾਸ਼ਾਈ ਜਬਰ ਦੀ ਨਿਸ਼ਾਨੀ ਹੈ ਅਤੇ ਸਭ ਤੋਂ ਵੱਧ ਇਹ ਘੱਟ ਗਿਣਤੀ ਦੀਆਂ ਜ਼ੁਬਾਨਾਂ ਤੇ ਇਕ ਜਬਰ ਦਾ ਚਿੰਨ੍ਹ ਹੈ। ਸ੍ਰੀ ਰਾਜ ਗੁਪਾਲ ਆਚਾਰੀਆ ਨੇ ਕਿਹਾ ਕਿ ਹਿੰਦੀ ਗੈਰ ਹਿੰਦੀ ਲੋਕ ਲਈ ਉਂਜ ਹੀ ਇਕ ਬਦੇਸ਼ੀ ਭਾਸ਼ਾ ਹੈ। ਜਿਵੇਂ ਕਿ ਹਿੰਦੀ ਦੇ ਹਮਾਇਤੀਆਂ ਲਈ ਅੰਗਰੇਜ਼ੀ ਜ਼ੁਬਾਨ।

ਕੇਂਦਰ ਵੀ ਸਰਕਾਰੀ ਭਾਸ਼ਾ ਬਾਰੇ ਸੀ.ਜੀ.ਬੀ. ਪੰਤ ਦੀ ਪ੍ਰਧਾਨਗੀ ਅਧੀਨ ਬਣਾਈ ਗਈ। ਪਾਰਲੀਮਾਨੀ ਕਮੇਟੀ ਨੇ 8 ਫਰਵਰੀ 1959 ਨੂੰ ਆਪਣੀ ਰਿਪੋਰਟ ਰਾਸ਼ਟਰਪਤੀ ਨੂੰ ਪੇਸ਼ ਕੀਤਾ। ਇਸ ਕਮੇਟੀ ਨੇ ਇਹ ਸਿਫਾਰਿਸ਼ ਕੀਤੀ ਕਿ ਸਰਕਾਰੀ ਕੰਮਕਾਜ ਲਈ ਕੇਂਦਰ ਪੱਧਰ ਤੇ ਹਿੰਦੀ ਭਾਸ਼ਾ ਨੂੰ ਮੁੱਖ ਭਾਸ਼ਾ ਅਤੇ ਅੰਗਰੇਜ਼ੀ ਨੂੰ ਸਹਿਯੋਗੀ ਭਾਸ਼ਾ ਵਜੋਂ ਮਨਜ਼ੂਰ ਕਰ ਲਿਆ ਜਾਵੇ ਅਤੇ ਲਾਗੂ ਕਰਨ ਲਈ ਕੋਈ ਪੱਕੀ ਤਾਰੀਖ ਨਾ ਮਿਥੀ ਜਾਵੇ।

ਗੈਰ ਹਿੰਦੀ ਭਾਸ਼ੀ ਇਲਾਕਿਆਂ ਦੇ ਲੋਕਾਂ ਅਤੇ ਕੁਛ ਸਿਆਸੀ ਪਾਰਟੀਆਂ ਵਲੋਂ ਕੀਤੇ ਜਾ ਰਹੇ ਵਿਰੋਧ ਦੇ ਦਬਾ ਥੱਲੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ 7 ਅਗਸਤ, 1959 ਨੂੰ ਪਾਰਲੀਮੈਂਟ ਵਿਚ ਬਿਆਨ ਦਿੰਦੇ ਸਮੇਂ ਜਿਥੇ ਪਾਰਲੀਮਾਨੀ ਕਮੇਟੀ ਵਲੋਂ ਪੇਸ਼ ਕੀਤੀ। ਰਿਪੋਰਟ ਦੀ ਸ਼ਲਾਘਾ ਕੀਤੀ ਉਥੇ ਨਾਲ ਹੀ ਲੋਕ ਸਭਾ ਨੂੰ ਇਹ ਵੀ ਯਕੀਨ ਦੁਆਇਆ ਕਿ ਅੰਗਰੇਜ਼ੀ ਸਰਕਾਰੀ ਜ਼ੁਬਾਨ ਵਜੋਂ ਹਿੰਦੀ ਭਾਸ਼ਾ ਦੇ ਬਦਲ ਵਿਚ ਉਦੋਂ ਤੱਕ ਵਰਤੀ ਜਾਏਗੀ। ਜਦੋਂ ਤੱਕ ਦੇਸ਼ ਦੇ ਲੋਕ ਚਾਹੁਣਗੇ ਸਮੇਂ ਦਾ ਫੈਸਲਾ ਹਿੰਦੀ ਭਾਸ਼ੀ ਲੋਕ ਨਹੀਂ ਸਗੋਂ ਗੈਰ ਹਿੰਦੀ ਭਾਸ਼ੀ ਲੋਕ ਕਰਨਗੇ।

ਪੰਡਤ ਜਵਾਹਰ ਲਾਲ ਨਹਿਰੂ ਵਲੋਂ ਪਾਰਲੀਮੈਂਟ ਵਿਚ ਦਿੱਤੇ ਉਪਰੋਕਤ ਬਿਆਨ ਨਾਲ ਭਾਸ਼ਾ ਦਾ ਮਸਲਾ ਖ਼ਤਮ ਨਾ ਹੋਇਆ। ਇਹ ਹਰ ਪੱਧਰ 'ਤੇ ਸੁਲਗ ਦਾ ਹੀ ਰਿਹਾ। 1956 ਤੋਂ ਵਿਚ ਕੇਂਦਰੀ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਅਤੇ ਪੰਜਾਬੀ ਜ਼ੁਬਾਨ ਨਾਲ, 'ਪੰਜਾਬੀ ਸੂਬਾ' ਨਾ ਬਣਾ ਕੇ ਜੋ ਬੇਇਨਸਾਫੀ ਕੀਤੀ ਗਈ ਸੀ, ਪੰਜਾਬੀਆਂ ਵੱਲੋਂ ਉਸ ਦਾ ਹਰ ਪੱਧਰ ਤੇ ਡਟ ਕੇ ਵਿਰੋਧ ਹੋਇਆ ਅਤੇ ਅਜਿਹਾ ਵਿਰੋਧ ਹੋਣਾ ਕੁਦਰਤੀ ਵੀ ਸੀ ਅਤੇ ਲਾਜ਼ਮੀ ਵੀ। ਜਿਥੇ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਦੇ ਅਧਾਰ 'ਤੇ ਭਾਸ਼ਾਈ ਸੂਬੇ ਕਾਇਮ ਕੀਤੇ ਗਏ। ਉਥੇ ਪੰਜਾਬ ਨੂੰ ਦੁਭਾਸ਼ੀ ਕਰਾਰ ਦਿੰਦਿਆਂ, ਇਸ ਨੂੰ ਦੋ ਹਿੱਸਿਆਂ, ਹਿੰਦੀ ਜ਼ੋਨ ਅਤੇ ਪੰਜਾਬੀ ਜ਼ੋਨ ਵਿਚ ਵੰਡਿਆ ਗਿਆ। ਪੰਜਾਬੀ ਜ਼ੋਨ ਵਿਚ ਹਿੰਦੀ ਅਤੇ ਹਿੰਦੀ ਜ਼ੋਨ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਏ ਜਾਣ ਦਾ ਫੈਸਲਾ ਹੋਇਆ। ਵਾਹ ਲੱਗਦੀ ਨੂੰ ਹਿੰਦੀ ਜ਼ੋਨ ਵਿਚ ਇਸ ਫੈਸਲੇ ਨੂੰ ਲਾਗੂ ਕਰਵਾਉਣ ਵਿਚ ਢਿੱਲ ਮੱਠ ਹੀ ਦਿਖਾਈ ਦਿੱਤੀ। 1947 ਵਿਚ ਆਜ਼ਾਦੀ ਹਾਸਲ ਕਰਨ ਤੋਂ ਬਾਅਦ ਪੰਜਾਬ ਦੀਆਂ ਸਾਰੀਆਂ ਰਿਆਸਤਾ ਨੂੰ ਇਕੱਠਿਆਂ ਕਰਕੇ 'ਪੈਪਸੂ' (ਪਟਿਆਲਾ ਐਂਡ ਈਸਟ ਪੰਜਾਬ ਸਟੇਟ ਯੂਨੀਅਨ) ਨਾਂ ਦੀ ਇਕ ਵੱਖਰੀ ਇਕਾਈ ਕਾਇਮ ਕੀਤੀ ਗਈ। ਮਹਾਰਾਜਾ ਪਟਿਆਲਾ ਨੂੰ ਇਸ ਦਾ ਰਾਜ ਪ੍ਰਮੁਖ ਬਣਾਇਆ ਗਿਆ। ਪੈਪਸੂ ਦੀ ਅਸੰਬਲੀ ਪੰਜਾਬ ਨਾਲੋਂ ਵੱਖਰੀ ਸੀ ਅਤੇ ਇਸ ਦੀ ਰਾਜਧਾਨੀ ਪਟਿਆਲਾ ਵਿਚ ਕਾਇਮ ਕੀਤੀ ਗਈ। ਜਿਸ ਨੇ 1956 ਵਿਚ ਭਾਸ਼ਾਈ ਸੂਬਿਆਂ ਦੀ ਸਥਾਪਤੀ ਸਮੇਂ, ਪੰਜਾਬ ਨਾ ਮਿਲਾ ਦਿੱਤਾ ਗਿਆ। ਪੰਜਾਬੀ ਪੈਪਸੂ ਦੀ ਸਰਕਾਰੀ ਜ਼ੁਬਾਨ ਸੀ।

ਸਠੱਵਿਆਂ ਵਿਚ ਪੰਜਾਬੀ ਸੂਬੇ ਦੀ ਸਥਾਪਤੀ ਤੋਂ ਬਾਦ ਜਦੋਂ ਪੰਜਾਬ ਵਿਚ ਸਰਦਾਰ ਲਛਮਣ ਸਿੰਘ ਗਿੱਲ ਦੀ ਸਰਕਾਰ ਬਣੀ ਤਾਂ ਉਸ ਸਰਕਾਰ ਵਲੋਂ ਪੰਜਾਬੀ ਨੂੰ ਪੰਜਾਬ ਰਾਜ ਦੀ ਸਰਕਾਰੀ ਭਾਸਾ ਵਜੋਂ ਸਥਾਪਤ ਕੀਤਾ ਗਿਆ। ਬਤੌਰ ਸਰਕਾਰੀ

Sri Satguru Jagjit Singh Ji eLibrary NamdhariElibrary@gmail.com

ਭਾਸ਼ਾ ਇਸ ਦੀ ਸਿੱਖਿਆ, ਰਾਜ ਪਰਬੰਧ, ਨਿਆਂ ਪਰਣਾਲੀ ਤੇ ਕਾਰੋਬਾਰੀ ਖੇਤਰਾਂ ਆਦਿ ਵਿਚ ਸਫਲ ਵਰਤੋਂ ਲਈ 'ਬੁਨਿਆਦੀ ਭਾਸ਼ਾ ਸਮੱਗਰੀ' ਉਪਲਬਦ ਕਰਵਾਉਣ। ਇਸ ਦੀ ਮੁੱਢਲੀ ਲੋੜ ਸੀ। ਮੋਟੇ ਤੌਰ ਤੇ ਬੁਨਿਆਦੀ ਭਾਸ਼ਾ ਸਮੱਗਰੀ ਵਿਚ ਮਹਾਨ ਕੋਸਲ, ਇਕ ਭਾਸ਼ੀ, ਦੁਭਾਸ਼ੀ, ਸ਼ਬਦਾਰਧ ਅਤੇ ਵਿਸ਼ਾ ਕੋਸ਼ ਤਿਆਰ ਕਰਨ ਦੇ ਨਾਲ, ਤਕਨੀਕ ਸ਼ਬਦਾਵਲੀ ਦੀ ਤਿਆਰੀ, ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਦਰਜੇਵਾਰ ਮੌਲਕ ਤੇ ਅਨੁਵਾਦਤ ਪੁਸਤਕਾਂ ਦੀ ਤਿਆਰੀ, ਭਾਸ਼ਾ ਅਤੇ ਸਾਹਿਤ ਦੇ ਇਤਿਹਾਸ ਦੀ ਤਿਆਰੀ, ਖਾਸ ਟੀਚਿਆਂ ਨੂੰ ਮੁਖ ਰੱਖ ਕੇ ਪੁਸਤਕਾਂ ਦੀ ਤਿਆਰੀ, ਅਨੁਵਾਦ ਕਰਨ ਦੀ ਵਿਧੀ ਸਹਾਇਕ ਸਮੱਗਰੀ, ਗਰਾਮਰਾਂ ਅਤੇ ਹੋਰ ਸਮੱਗਰੀ ਦੀ ਤਿਆਰੀ, ਸ਼ਬਦ ਜੋੜਾਂ ਨੂੰ ਟਕਸਾਲੀ ਰੂਪ ਦੇਣਾ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਬੁਨਿਆਦੀ ਭਾਸ਼ਾ ਸਮੱਗਰੀ ਉਪਲਬਦ ਕਰਵਾਉਣ ਦਾ ਮੁਖ ਮਕਸਦ ਇਹ ਹੁੰਦਾ ਹੈ ਕਿ ਉਸ ਭਾਸ਼ਾ ਨੂੰ ਸਬੰਧਤ ਸਮਾਜ ਦੇ ਸਵਰਪੱਖੀ ਵਿਕਾਸ ਲਈ, ਸਿੱਖਿਆ, ਨਿਆਂ, ਬਿਉਪਾਰ ਰਾਜ ਪਰਬੰਧ ਅਤੇ ਹੋਰ ਹਰ ਤਰ੍ਹਾਂ ਦੇ ਕਾਰੋਬਾਰ ਵਿਚ ਸਫਲਤਾ ਸਹਿਤ ਵਰਤੋਂ ਵਿਚ ਲਿਆਂਦਾ ਜਾ ਸਕੇ। ਅਗਾਂਹ ਇਸ ਕਾਰਜ ਦੀ ਪੂਰਤੀ ਲਈ ਸਰਕਾਰ ਨੂੰ ਵਿਸ਼ੇਸ਼ ਕਿਸਮ ਦੀ ਭਾਸ਼ਾ--- ਤਿਆਰ ਕਰਕੇ ਉਸ ਨੂੰ ਲਾਗੂ ਕਰਨਾ ਪੈਂਦਾ ਹੈ। ਪਰ ਪਿਛਲੇ ਚਾਲੀ ਸਾਲਾਂ ਤੋਂ ਪੰਜਾਬ ਸਰਕਾਰ ਅਜੇਹੀ ਕੋਈ ਵੀ ਭਾਸ਼ਾ ਨੀਤੀ ਨਹੀਂ ਤਿਆਰ ਕਰ ਸਕੀ।

ਬੁਨਿਆਦੀ ਭਾਸ਼ਾ ਸਮੱਗਰੀ ਤਿਆਰ ਕਰਨਾ ਕਿਸੇ ਵਿਅਕਤੀ ਵਿਸ਼ੇਸ਼ ਦੇ ਬਸ ਦਾ ਰੋਮ ਨਹੀਂ। ਇਹ ਕਾਰਜ ਭਾਸ਼ਾ ਵਿਉਂਤ ਬੰਦੀ ਕਰਕੇ ਸਰਕਾਰੀ ਤੇ ਗੈਰ ਸਰਕਾਰੀ ਅਦਾਰੇ ਹੀ ਕਰ ਸਕਦੇ ਹਨ। ''ਮੁੱਢਲੀ ਤੌਰ ਤੇ ਇਹ ਕੰਮ ਕਰਨ ਦੀ ਜ਼ੁੰਮੇਵਾਰੀ ਭਾਸ਼ਾ ਵਿਭਾਗ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਸਟੇਟ ਯੂਨੀਵਰਸਿਟੀ'' ਟਕਸਟ ਬੁਕ ਬੋਰਡ, ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਬੁਨਿਆਦੀ ਭਾਸ਼ਾ ਸਮੱਗਰੀ ਉਪਲਬਦ ਕਰਵਾਉਣ ਲਈ ਵਿਸ਼ੇਸ਼ ਵਿਭਾਗ ਸਥਾਪਤ ਕੀਤੇ ਗਏ। ਇਨ੍ਹਾਂ ਵਿਭਾਗ ਵਿਚ ਜਿਹੜੇ ਵਿਦਵਾਨ ਭਰਤੀ ਕੀਤੇ ਗਏ। ਉਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਾਹਿਤ ਦੇ ਖੇਤਰ ਨਾਲ ਸਬੰਧਤ ਸਨ, ਪੰਜਾਬੀ ਭਾਸ਼ਾ ਦੀ ਅੰਦਰੂਨੀ ਬਣਤਰ (Slsudurt of Punjabi Language) ਨੂੰ ਸਮਝਣ ਵਿਚ ਉਨ੍ਹਾਂ ਦੀ ਬਹੁਤੀ ਰੁਚੀ ਨਹੀਂ ਸੀ।

ਇੱਥੇ ਇਸ ਤੱਥ ਨੂੰ ਵੀ ਭਲੀਭਾਂਤ ਸਮਝ ਲੈਣ ਦੀ ਲੋੜ ਹੈ ਕਿ ਸਿਰਫ਼ 'ਬੁਨਿਆਦੀ ਭਾਸ਼ਾ ਸਮੱਗਰੀ' ਉਪਲਬਦ ਕਰਵਾਉਣ ਨਾਲ ਪੰਜਾਬੀ ਭਾਸ਼ਾ ਉੱਨਤ ਭਾਸ਼ਾ ਨਹੀਂ ਬਣ ਸਕਦੀ। ਇਸ ਨੂੰ ਉੱਨਤ ਭਾਸ਼ਾ ਬਣਾਉਣ ਲਈ ਇਹ ਵੀ ਬਹੁਤ ਜ਼ਰੂਰੀ ਹੈ ਕਿ ਇਸ ਸਮੱਗਰੀ ਦੀ ਵਰਤੋਂ ਜ਼ਰੂਰੀ/ਰੋਜ਼ਮਹਰਾ ਕਾਰਜਾਂ ਵਿਚ ਸੁਚੇਤ ਤੌਰ 'ਤੇ ਵਰਤੋਂ ਕੀਤੀ ਜਾਵੇ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬੀ ਭਾਸ਼ਾ/ਦੀ, ਸਿੱਖਿਆ ਦੇ ਖੇਤਰ ਵਿਚ, ਕੰਮਕਾਜ ਵਿਚ, ਨਿਆਂ ਪ੍ਰਣਾਲੀ ਤੇ ਹੋਰ ਕਾਰੋਬਾਰੀ ਖੇਤਰਾਂ ਵਿੱਚ ਬਿਨ੍ਹਾਂ ਕਿਸੇ ਝਿਜਕ ਜਾਂ ਸ਼ੱਕ ਦੇ ਵਰਤੋਂ ਕੀਤੀ ਜਾਵੇ ਤਾਂ ਜੋ ਇਹ ਸਮੱਗਰੀ ਵਰਤੋਂ ਰਾਹੀਂ ਪੰਜਾਬੀ ਜ਼ੁਬਾਨ ਦੇ ਸਮੁੱਚੇ ਜੁੱਸੇ ਦਾ ਅਨਿੱਖੜਵਾਂ ਅੰਗ ਬਣ ਕੇ ਇਸ ਨੂੰ ਵਿਕਸਤ ਭਾਸ਼ਾਵਾਂ ਦੀ ਕਤਾਰ ਵਿਚ ਖੜੀ ਕਰ ਸਕੇ। ਬੁਨਿਆਦੀ ਭਾਸ਼ਾ ਸਮੱਗਰੀ ਅਤੇ ਇਸ ਦੀ ਵਰਤੋਂ ਦਾ ਅਮਲ ਨਾਲੋਂ ਨਾਲ ਚੱਲਣ ਵਾਲੀਆਂ ਦੋ ਪ੍ਰਕਿਰਿਆਵਾਂ ਹਨ। ਇਸ ਕਰਕੇ, ਉਨ੍ਹਾਂ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਨਾਲ ਸਬੰਧਤ ਰਿਸਰਚ ਵਿਭਾਗਾਂ ਨੂੰ ਪੰਜਾਬੀ ਸਾਹਿਤ ਦੀ ਪੜ੍ਹਾਈ ਕਰਵਾਉਣ ਵਾਲੇ ਵਿਭਾਗ ਵਿਚ ਮਿਲਾ ਕੇ ਪੰਜਾਬੀ ਭਾਸ਼ਾ ਦੀ ਬਣਤਰ ਬਾਰੇ ਰਿਸਰਚ ਕਰਕੇ ਪੰਜਾਬੀ ਭਾਸ਼ਾ ਦੀ ਬੁਨਿਆਦੀ ਭਾਸ਼ਾ ਸਮੱਗਰੀ ਤਿਆਰ ਕਰਨ ਦੀ ਥਾਂ ਪੰਜਾਬੀ ਸਾਹਿਤ ਦੀ ਪੜ੍ਹਾਈ ਦਾ ਕੰਮ ਸ਼ੁਰੂ ਕਰ ਦਿੱਤਾ।

ਭਾਸ਼ਾ ਵਿਉਂਤਬੰਦੀ (Langnage Planning) ਦਾ ਮੁਖ ਮਕਸਦ ਵਿਕਾਸਸ਼ੀਲ ਭਾਸ਼ਾਵਾਂ ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਵੀ ਸ਼ਾਮਲ ਹੈ, ਦੀਆਂ ਮੁੱਢਲੀਆਂ ਲੋੜਾਂ ਨੂੰ ਮੁਖ ਰੱਖਦਿਆਂ ਹੋਇਆ। ਬੁਨਿਆਦੀ ਭਾਸ਼ਾ ਸਮੱਗਰੀ ਤਿਆਰ ਕਰਨ ਲਈ ਭਾਸ਼ਾ ਵਿਉਂਤਬੰਦੀ ਰਾਹੀਂ ਉੱਚ ਪੱਧਰ ਵਾਲੇ ਸਰਕਾਰੀ, ਕੰਮ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਲੋਂ ਸੁਚੇਤ ਹੋ ਕੇ ਤਿਆਰ ਕੀਤੀਆਂ ਯੋਜਨਾਵਾਂ ਦੀ ਪੂਰਤੀ ਰਾਹੀਂ ਭਾਸ਼ਾ ਦੇ ਖੇਤਰ ਵਿਚ ਲੁੜੀਂਦੀ ਭਾਸ਼ਾ ਸਮੱਗਰੀ ਦੀ ਤਿਆਰੀ ਦੇ ਨਾਲ-ਨਾਲ ਸੋਚੇ ਸਮਝੇ ਢੰਗ ਨਾਲ ਲੁੜੀਂਦੀ ਵੀ ਲਿਆਉਂਠੀ ਹੁੰਦੀ ਹੈ। ਪੰਜਾਬ ਵਿਚ ਕਿਸੇ ਵੀ ਪੱਧਰ ਤੇ ਅਜੇਹਾ ਕੋਈ ਅਦਾਰਾਂ ਨਹੀਂ ਜੋ ਇਸ ਤਰ੍ਹਾਂ ਢੰਗ ਦੀ ਭਾਸ਼ਾ ਵਿਉਂਤਬੰਦੀ ਕਕੇ ਲੁੜੀਂਦੀ ਬੁਨਿਆਦੀ ਭਾਸ਼ਾ ਸਮੱਗਰੀ ਤਿਆਰ ਕਰਨ ਰਿਹਾ ਹੋਵੇ।

Sri Satguru Jagjit Singh Ji eLibrary NamdhariElibrary@gmail.com

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਲੁਧਿਆਣਾ ਨੇ ਖੇਤੀਬਾੜੀ ਨਾਲ ਸੰਬੰਧਿਤ ਪੰਜਾਬੀ ਵਿਚ ਕਾਫ਼ੀ ਸਮੱਗਰੀ ਪੈਦਾ ਕਰਨੇ ਆਪਣਾ ਯੋਗਦਾਨ ਪਾਇਆ ਹੈ।

ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਜੇ ਚਾਹੇ ਤਾਂ ਪੰਜਾਬੀ ਵਿਚ ਟੈਕਨੀਕਲ ਖੇਤਰ ਨਾਲ ਸੰਬੰਧਿਤ ਮੁੱਢਲੀ ਭਾਸ਼ਾ ਸਮੱਗਰੀ ਤਿਆਰ ਕਰਵਾ ਸਕਦੀ ਹੈ।

---ਵਿਚ 14.9.2006 ਨੂੰ ਛਪੀ ਖ਼ਬਰ ਮੁਤਾਬਕ ਅੰਗਰੇਜ਼ੀ ਅਖ਼ਬਾਰ ਪੜ੍ਹਨ ਵਾਲਿਆਂ ਦੀ ਗਿਣਤੀ 21 ਮਿਲੀਅਨ ਦਸੀ ਗਈ ਸੀ, ਜਦੋਂ ਕਿ ਪੰਜਾਬ ਸਰਕਾਰ ਨੇ ਅੰਗਰੇਜ਼ੀ ਭਾਸ਼ਾ ਪੜ੍ਹਾਈ ਪਹਿਲੀ ਜਮਾਤ ਤੋਂ ਲਾਗੂ ਕੀਤੀ ਹੋਈ ਹੈ। ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਅੰਗਰੇਜ਼ੀ ਭਾਸ਼ਾ ਦਾ ਗਿਆਨ ਰੋਸ਼ਨ ਦਿਮਾਗੀ ਹੋਣ ਦੀ ਨਿਸ਼ਾਨੀ ਨਹੀਂ ਹੁੰਦੀ।

ਪੰਜਾਬ ਵਿਚ 'ਪੰਜਾਬ ਰਾਜ ਭਾਸ਼ਾ ਐਕਟ, 1967' ਅਧੀਨ ਭਾਵੇਂ ਰਾਜ ਪੱਧਰ ਤੇ ਸਰਕਾਰੀ ਇੰਤਜ਼ਾਮ/ਪ੍ਰਬੰਧ ਦਾ ਕੰਮਕਾਜ 'ਗੁਰਮੁਖੀ ਲਿੱਪੀ ਵਿਚ ਪੰਜਾਬੀ' ਰਾਹੀਂ ਕਰਨ ਦੇ ਸਰਕਾਰੀ ਹੁਕਮ ਤਾਂ ਜਾਰੀ ਕਰ ਦਿੱਤੇ ਗਏ। ਪਰ ਉਤਲੇ ਪੱਧਰ ਦੇ ਅਫਸਰ ਸਾਰੇ ਦਾ ਸਾਰਾ ਸਰਕਾਰੀ ਕੰਮ ਕਾਜ ਅੰਗਰੇਜ਼ੀ ਵਿਚ ਹੀ ਕਰਦੇ ਰਹੇ। ਇਸ ਦਾ ਇਕ ਮੁੱਖ ਕਾਰਨ ਪੰਜਾਬੀ ਭਾਸ਼ਾ ਬਾਰੇ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਅਨਹੋਂਦ ਅਤੇ ਦੂਜੇ ਇਸ ਐਕਟ ਵਿਚ ਸਰਕਾਰੀ ਕੰਮ ਕਾਜ ਵਿਚ 'ਰਾਜ ਭਾਸ਼ਾ ਪੰਜਾਬੀ' ਦੀ ਵਰਤੋਂ ਨਾ ਕਰਨ ਵਾਲੇ ਅਫਸਰਾਂ ਜਾਂ ਹੋਰ ਕਰਮਚਾਰੀਆਂ ਲਈ ਕਿਸੇ ਕਿਸਮ ਦੀ ਸਜ਼ਾ ਜਾਂ ਜੁਰਮਾਨੇ ਦਾ ਨਾ ਹੋਣਾ ਹੈ। ਕੇਂਦਰੀ ਸਿਖਿਆ ਬੋਰਡਾਂ ਨਾਲ ਜੁੜੇ ਸਕੂਲਾਂ ਵਿਚ ਅੰਗਰੇਜ਼ੀ ਨੂੰ ਪਹਿਲੀ ਭਾਸ਼ਾ, ਹਿੰਦੀ ਨੂੰ ਦੂਜੀ ਭਾਸ਼ਾ ਅਤੇ ਪੰਜਾਬੀ ਨੂੰ ਤੀਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ। ਇਸ ਢੰਗ ਨਾਲ ਇਹ ਸਕੂਲ ਪੰਜਾਬ ਵਿਚ ਹੁੰਦਿਆਂ ਹੋਇਆ ਵੀ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਤੋਂ ਬਚ ਨਿਕਲਣ ਵਿਚ ਕਾਮਯਾਬ ਹੋ ਗਏ ਹਨ। ਇਸ ਪ੍ਰਬੰਧ ਅਧੀਨ ਇਨ੍ਹਾਂ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਇਕ ਲਾਜ਼ਮੀ ਵਿਸ਼ੇ ਦੀ ਥਾਂ ਇਕ ਅਖ਼ਤਿਆਰੀ ਵਿਸ਼ੇ ਵਜੋਂ ਕਰਵਾਈ ਜਾਂਦੀ ਹੈ। ਇਥੇ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਅਜਿਹੇ ਸਕੂਲ ਪੰਜਾਬ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਕੇਂਦਰੀ ਸਿੱਖਿਆ ਬੋਰਡਾਂ ਨਾਲ ਨਹੀਂ ਜੁੜੇ। ਇਨ੍ਹਾਂ ਸਕੂਲਾਂ ਨੂੰ ਅਜਿਹੀ ਮਨਜ਼ੂਰੀ ਦੇਣ ਵਾਲੇ ਰਾਜਨੀਤਕ ਨੇਤਾ ਅਤੇ ਪੰਜਾਬ ਸਰਕਾਰ ਦੇ ਉਚ ਅਧਿਕਾਰੀ/ਨਿੱਜੀ ਲਾਭ ਪ੍ਰਾਪਤ ਕਰਨ ਲਈ ਪੰਜਾਬੀ ਅਤੇ ਪੰਜਾਬ ਵਿਰੋਧੀ ਭਾਵਨਾ ਅਧੀਨ ਪੰਜਾਬ ਅਤੇ ਪੰਜਾਬੀਆਂ ਦੇ ਹੱਕ ਵੇਚਦੇ ਚਲੇ ਆ ਰਹੇ ਹਨ।

ਪੰਜਾਬੀਆਂ ਦੀ ਮਾਤ ਭਾਸ਼ਾ ਸੰਬੰਧੀ ਇਹ ਪਾਲਸੀ ਪੰਜਾਬੀਆਂ ਲਈ ਹੀ ਨਹੀਂ ਸਗੋਂ ਇਹੋ ਪਾਲਸੀ ਦੂਜੇ ਗੈਰ ਹਿੰਦੀ ਭਾਸ਼ੀ ਪ੍ਰਾਂਤਾਂ ਲਈ ਵੀ ਕਾਫ਼ੀ ਹਾਨੀਕਾਰਕ ਸਾਬਤ ਹੋ ਰਹੀ ਸੀ।

'ਪੰਜਾਬ ਰਾਜ ਭਾਸ਼ਾ ਐਕਟ, 2008' ਪਾਸ ਕਰਕੇ ਪੰਜਾਬ ਦੇ ਸਾਰੇ ਸਕੂਲਾਂ ਵਿਚ, ਭਾਵੇਂ ਉਹ ਕਿਸੇ ਵੀ ਸਿੱਖਿਆ ਬੋਰਡ ਨਾਲ ਸੰਬੰਧਿਤ ਹੋਣ, ਦੱਸਵੀਂ ਜਮਾਤ ਵਿਚ ਪੰਜਾਬੀ ਜ਼ੁਬਾਨ ਇਕ ਮਜ਼ਮੂਨ ਵਜੋਂ ਪਾਸ ਕਰਨੀ ਜ਼ਰੂਰੀ ਕਰ ਦਿੱਤੀ ਹੈ ਅਤੇ ਸਰਕਾਰੀ ਅਫਸਰਾਂ ਨੂੰ ਪੰਜਾਬੀ ਵਿਚ ਰਾਜ ਪ੍ਰਬੰਧ ਦੇ ਕੰਮਕਾਜ ਨਾ ਕਰਨ ਦੀ ਹਾਲਤ ਵਿਚ ਸਜ਼ਾ ਦੇਣ ਦੀ ਵਿਵਸਥਾ ਵੀ ਰੱਖੀ ਹੈ, ਪਰ ਸਜ਼ਾ ਦੇਣ ਵਾਲੀ ਸਾਰੀ ਮਦ ਬਹੁਤੀ ਠੀਕ ਨਹੀਂ ਜਾਪਦੀ। ਪਹਿਲੀ ਗੱਲ ਇਹ ਹੈ ਕਿ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਉਤਲੇ ਅਫਸਰਾਂ ਦੀ ਜਾਂਚ ਪੜਤਾਲ ਅਤੇ ਸ਼ਕਾਇਤ ਕਰਨ ਦੀ ਜ਼ੁੰਮੇਵਾਰੀ ਭਾਸ਼ਾ ਵਿਭਾਗ, ਪੰਜਾਬ ਦੇ ਡਾਇਰੈਕਟਰ ਨੂੰ ਸੌਂਪੀ ਗਈ ਹੈ ਅਤੇ ਜੋ ਅੰਤਲੇ ਰੁਤਬੇ ਵਿਚ ਸਾਰੇ ਵੱਡੇ ਆਈ.ਪੀ.ਐਸ ਜਾਂ ਆਈ.ਏ.ਐਸ ਅਫ਼ਸਰਾਂ ਨਾਲੋਂ ਕਿਤੇ ਜੂਨੀਅਰ ਹੁੰਦਾ ਹੈ। ਕੀ ਇਕ ਜੂਨੀਅਰ ਅਫਸਰ ਸੀਨੀਅਰ ਅਫਸਰਾਂ ਦੀ ਸ਼ਿਕਾਇਤ ਕਰ ਸਕੇਗਾ? ਦੂਜੇ ਜਿਹੜੀ ਸਜ਼ਾ ਵੀ ਦਿੱਤੀ ਜਾਣੀ ਹੈ। ਉਹ ਪੰਜਾਬ ਦੇ ਸਿਵਲ ਅਧਿਕਾਰੀਆਂ ਤੇ ਲਾਗੂ ਨਹੀਂ ਹੁੰਦੇ। ਇੰਜ ਹੀ ਹੋਰ ਬਹੁਤ ਸਾਰੀਆਂ ਗੱਲਾਂ ਹਨ ਜੋ ਇਸ 'ਪੰਜਾਬ ਰਾਜ ਭਾਸ਼ਾ ਐਕਟ 2008, ਦੇ ਖੋਖਲੇਪਨ ਨੂੰ ਪਰਗਟ ਕਰਦੀਆਂ ਹਨ। ਮੁਕਦੀ ਗੱਲ ਇਹ ਹੈ ਕਿ ਇਹ ਐਕਟ ਉੱਚ ਪੱਧਰ ਦੇ ਸਰਕਾਰੀ ਅਫਸਰਾਂ ਦੇ ਕੰਮਕਾਜ ਤੇ ਕਿਸ ਤਰ੍ਹਾਂ ਵੀ ਅਸਰ ਅੰਦਾਜ਼ ਨਹੀਂ ਹੁੰਦਾ। ਹਾਂ, ਗੈਰ ਸਰਕਾਰੀ ਅਤੇ ਦੂਜੇ ਬੋਰਡਾਂ ਨਾਲ ਸੰਬੰਧਿਤ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਦੱਸਵੀਂ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰਾਰ ਦੇ ਕੇ ਪੰਜਾਬ ਸਰਕਾਰ ਨੇ ਕਾਗਜ਼ੀ ਪੱਧਰ 'ਤੇ ਇਕ ਸ਼ਲਾਘਾਯੋਗ ਕੰਮ ਜ਼ਰੂਰ ਕੀਤਾ ਹੈ। ਪਿਛਲੇ ਦੋ ਸਾਲਾਂ ਵਿਚ ਪੰਜਾਬ ਸਰਕਾਰ ਇਸ ਨਵੇਂ ਸੋਧੇ ਹੋਏ ਭਾਸ਼ਾ ਐਕਟ ਨੂੰ ਲਾਗੂ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਅਗਾਂਹ ਵੀ ਇਸ ਬਾਰੇ ਵਧੇਰੇ ਸੰਜੀਦਾ ਨਜ਼ਰ ਨਹੀਂ ਆਉਂਦੀ।

ਸੰਪ: 98722-24964

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਬੋਲੀ ਨੂੰ ਦਰਪੇਸ਼ ਔਕੜਾਂ

✍-ਤੇਜਵੰਤ ਸਿੰਘ ਗਿੱਲ

ਦੁਨੀਆਂ ਭਰ ਵਿਚ ਜੋ ਬੋਲੀਆ ਪ੍ਰਚਲਿੱਤ ਹਨ, ਉਹਨਾਂ ਵਿੱਚੋਂ ਬਹੁਤੀਆਂ ਦਾ ਆਰੰਭ ਹਜ਼ਾਰ ਕੁ ਸਾਲ ਪਹਿਲਾਂ ਹੋਇਆ। ਕਹਿਣ ਤੋਂ ਭਾਵ ਉਹਨਾਂ ਬੋਲੀਆਂ ਤੋਂ ਹੈ ਜਿਨ੍ਹਾਂ ਵਿਚ ਸਾਹਿਤ ਰਚਿਆ ਜਾਂਦਾ ਹੈ। ਸੰਬੰਧਿਤ ਦੇਸ਼ ਜਾਂ ਪ੍ਰਾਂਤ ਵਿਚ ਵਾਸੀਆਂ ਦੀ ਬੋਲ ਚਾਲ ਦਾ ਵੀ ਉਹ ਮੁੱਖ ਮਾਧਿਅਮ ਹਨ। ਉਂਜ ਤਾਂ ਕਈ ਹਜ਼ਾਰ ਸਾਲ ਪਹਿਲਾਂ ਪੁਰਾਤਨ ਯੂਨਾਨੀ, ਲਾਤੀਨੀ, ਸੰਸਕ੍ਰਿਤ ਆਦਿ ਭਾਸ਼ਾਵਾਂ ਹੋਂਦ ਵਿਚ ਆ ਗਈਆਂ ਸਨ। ਨਾ ਉਹਨਾਂ ਨੂੰ ਬੋਲਿਆ ਜਾਂਦਾ ਹੈ ਅਤੇ ਨਾ ਹੀ ਉਹਨਾਂ ਵਿਚ ਸਾਹਿਤ ਹੀ ਰਚਿਆ ਜਾਂਦਾ ਹੈ। ਕੀ ਇਹ ਮੰਨ ਲਿਆ ਜਾਵੇ ਕਿ ਉਹਨਾਂ ਦੀ ਮੌਤ ਹੋ ਚੁੱਕੀ ਹੈ? ਸ਼ਾਇਦ ਹੀ ਕੋਈ ਇਹ ਕਹਿਣ ਦੀ ਮੂਰਖਤਾ ਕਰੇ। ਬਾਅਦ ਦੀਆਂ ਬੋਲੀਆਂ ਵਿਚ ਜੋ ਸਾਹਿਤ ਰਚਨਾ ਅਤੇ ਬੋਲਚਾਲ ਦਾ ਮਾਧਿਅਮ ਨਾ ਹੋਣ ਦੇ ਬਾਵਜੂਦ, ਉਹਨਾਂ ਨੂੰ ਮਿਰਤਕ ਨਹੀਂ ਕਿਹਾ ਜਾ ਸਕਦਾ।

ਇਸ ਆਧਾਰ ਤੇ ਤਾਂ ਧਾਰਨਾ ਇਹ ਬਣਦੀ ਹੈ ਕਿ ਕੋਈ ਵੀ ਬੋਲੀ ਮਰਦੀ ਨਹੀਂ ਜਾਂ ਕਿਸੇ ਵੀ ਬੋਲੀ ਨੂੰ ਮਿਰਤਕ ਨਹੀਂ ਕਿਹਾ ਜਾ ਸਕਦਾ। ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀਆਂ ਬੋਲੀਆਂ ਬਾਰੇ ਕਿਸ ਤਰ੍ਹਾਂ ਦੀ ਧਾਰਨਾ ਬਣੇ। ਮੇਰੇ ਅਨੁਮਾਣ ਵਿਚ ਕਿ ਅਜਿਹੀਆ ਬੋਲੀਆਂ ਨੂੰ ਬੋਲਣ ਵਾਲੇ ਲੋਕ ਲੋਪ ਹੋ ਗਏ ਹਨ। ਜੇ ਉਹ ਜੀਵਨ ਨਹੀਂ ਤਾਂ ਉਹਨਾਂ ਨੂੰ ਮਿਰਤਕ ਵੀ ਨਹੀਂ ਕਿਹਾ ਜਾ ਸਕਦਾ ਹੈ। ਜੇ ਉਹ ਮਿਰਤਕ ਨਹੀਂ ਤਾਂ ਲੋਪ ਹੋ ਗਏ ਤਾਂ ਉਹਨਾਂ ਨੂੰ ਅਵੱਸ਼ ਹੀ ਮੰਨਿਆ ਜਾ ਸਕਦਾ। ਮਿਰਤਕ ਹੋਣ ਦੀ ਗੱਲ ਉਹਨਾਂ ਤੇ ਵਧੇਰੇ ਢੁੱਕਦੀ ਹੈ। ਇਹੋ ਕਾਰਨ ਹੈ ਕਿ ਕਿਸੇ ਬੋਲੀ ਨੂੰ ਬੋਲਣ ਵਾਲੇ ਲੋਪ ਹੋ ਗਏ ਹੋਣ ਸਦੀਆਂ ਪਹਿਲਾਂ ਪਰ ਉਹਨਾਂ ਦੇ ਵਾਰਿਸ਼ ਜੇ ਉਸ ਨੂੰ ਜੀਵਤ ਕਰਨ ਦਾ ਯਤਨ, ਹਜ਼ਾਰਾ ਸਾਲ ਬਾਅਦ ਹੀ ਕਿਉਂ ਨਾ ਹੋਵੇ, ਤਾਂ ਉਹ ਬੋਲੀ ਪੁਨਰ-ਜੀਵਨ ਗ੍ਰਹਿਣ ਕਰ ਲੈਂਦੀ ਹੈ। ਯਹੂਦੀਆਂ ਦੀ ਪੁਰਾਤਨ ਬੋਲੀ Hebrew ਨਾਲ ਏਵੇਂ ਹੋਇਆ। ਸਦੀਆਂ ਬਾਅਦ ਵੀਹਵੀਂ ਸਦੀ ਦੇ ਆਰੰਭ ਤੋਂ ਇਸ ਵਿਚ ਅਜਿਹੀ ਜਾਨ ਪਈ ਕਿ ਅਰਬੀ ਤੋਂ ਮਗਰੋਂ ਇਹ ਮਧ ਏਸ਼ੀਆ ਦੀ ਮੁੱਖ ਬੋਲੀ ਹੋ ਨਿਬੜੀ ਹੈ। ਲੋਕ ਸਮੇਤ ਸਰਕਾਰ ਦਾ ਇਸ ਨੂੰ ਪੂਰਾ ਸਮਰਥਨ ਪਰਾਪਤ ਹੈ।

ਬਹੁਤ ਸਦੀਆਂ ਪਹਿਲਾਂ ਇਸਨੂੰ ਬੋਲਣ ਵਾਲੇ ਕਬੀਲੇ ਮੱਧ ਏਸ਼ੀਆਂ ਵਿਚੋਂ ਜਿੱਥੋਂ ਦੀ ਇਹ ਬੋਲੀ ਸੀ, ਪੂਰਬੀ ਯੂਰਪ ਦੇ ਖਿੱਤਿਆਂ ਵਿਚ ਜਾਂ ਵਸੇ ਸਨ। ਬਣਵਾਸ ਅਤੇ ਪਰਵਾਸ ਦਾ ਇਹ ਰਲਵਾਂ ਜਿਹਾ ਅਨੁਭਵ ਸੀ ਜਿਸ ਨੇ ਉਹਨਾਂ ਨੂੰ ਚੈਨ ਦੇ ਭਾਗੀ ਨਾ ਬਣਨ ਦਿੱਤਾ। ਨਤੀਜਾ ਇਹ ਹੋਇਆ ਕਿ ਨਵੇਂ ਨਾਵਾਂ ਤੇ ਵੱਸੇ ਰਹਿਣ ਦੀ ਖਾਤਰ ਉਹਨਾਂ ਨੂੰ ਕਾਫ਼ੀ ਨਮੋਸ਼ੀ ਸਹਿਣੀ ਪਈ। ਮਾਤ ਭਾਸ਼ਾ ਦਾ ਸ਼ਬਦ-ਭੰਡਾਰ ਜੋ ਸੁਤੇ ਸਿੱਧ ਹੀ ਉਹਨਾਂ ਦੇ ਨਾਲ ਚਲਾ ਗਿਆ ਸੀ, ਉਸਨੂੰ ਜਾਂ ਤਾਂ ਤਿਆਗਣਾ ਪਿਆ ਅਤੇ ਜਾਂ ਉਥੋਂ ਦੀਆਂ ਪ੍ਰਚਲਿੱਤ ਬੋਲੀਆਂ ਦੇ ਸਪੁਰਦ ਕਰਕੇ ਇਸਦੇ ਅਰਥ ਅਤੇ ਉਚਾਰਣ ਵਿਚ ਵਿਗਾੜ ਲਿਆਉਣਾ ਪਿਆ। ਨਤੀਜੇ ਵਜੋਂ Yiddish ਵਜੋਂ ਅਜਿਹੀਆਂ ਉਪ ਭਾਸ਼ਾਵਾਂ ਹੋਂਦ ਵਿਚ ਆ ਗਈਆ, ਜਿਨ੍ਹਾਂ ਕੰਮਕਾਜ ਅਤੇ ਵਰਤੋਂ ਵਿਹਾਰ ਵਿਚ ਉਹਨਾਂ ਦਾ ਦੰਮ ਭਰਨਾ ਆਰੰਭ ਕਰ ਦਿੱਤਾ। ਮਜ਼ਬੂਰੀ ਵਸ ਵਿਗਾੜ ਦੀ ਮਾਤਰਾ ਨੂੰ ਇਸ ਹੱਦ ਤੱਕ ਲਿਜਾਇਆ ਗਿਆ ਕਿ ਉਹਨਾਂ ਨੂੰ ਕੰਮ ਕਾਜ ਅਤੇ ਵਰਤੋਂ ਵਿਹਾਰ ਵਿਚ ਸੌਖ ਤਾਂ ਜ਼ਰੂਰ ਹੋ ਗਈ, ਪਰ ਸਭਿਆਚਾਰ ਅਤੇ ਵਿਰਸਾ ਵਿਰਾਸਤ ਨਾਲੋਂ ਨਾਤਾ ਟੁੱਟ ਗਿਆ। ਬਹੁਤੇ ਪ੍ਰਤਿਭਾਵਾਨ ਬੰਦਿਆਂ ਨੂੰ ਇਸ ਹੱਦ ਤੱਕ ਅਲਕਤ ਅਨੁਭਵ ਹੋਣ ਲੱਗ ਪਈ ਕਿ ਉਹਨਾਂ ਬੇਰੜੀਆ ਉਪ ਭਾਸ਼ਾਵਾਂ ਨਾਲੋਂ ਹੀ ਨਹੀਂ ਸਗੋਂ ਮੁੱਢਲੀ ਮਾਤ ਭਾਸ਼ਾ ਭਾਵ Hebrew ਨਾਲੋਂ ਵੀ ਨਾਤਾ ਤੋੜ ਲਿਆ। ਕਾਰਨ ਮਾਰਕਸ, ਆਈਨ ਸਟਾਈਨ ਅਤੇ ਵਾਲਟਰ ਬੈਂਜਾਮਿਨ ਵਰਗੇ ਪਤਾ ਨਹੀਂ ਕਿੰਨੇ ਪ੍ਰਤਿਭਾਵਾਨ ਵਿਅਕਤੀ ਸਨ ਜਿਨ੍ਹਾਂ, ਇਸ ਤਰ੍ਹਾਂ ਕਰਨ ਤੋਂ ਗੁਰੇਜ ਨਾ ਕੀਤਾ। ਅੰਤਰ ਇਹ ਸੀ ਕਿ ਮਾਤ ਭਾਸ਼ਾ ਦੇ ਭੁਲਾਵੇ ਨੂੰ ਉਹਨਾਂ ਐਸੀ ਚਿਣਗ ਸਮਾਨ ਸਮਾਨ ਅਨੁਭਵ ਕੀਤਾ ਕਿ ਯੂਰਪ ਦੀਆਂ ਮੁੱਖ ਭਾਸ਼ਾਵਾਂ ਵਿਚ ਵੀ ਮੁਹਰੀ ਥਾਂ ਬਣਾ ਲਈ। ਅੰਗਰੇਜ਼ੀ, ਰੂਸੀ, ਹੰਗੇਰੀਅਨ ਅਤੇ ਸੱਭ ਤੋਂ ਵੱਧ ਉਹਨਾਂ ਜਰਮਨ ਭਾਸ਼ਾ ਨੂੰ ਉਹ ਕਮਾਲ ਤੇ ਜਮਾਲ ਬਖਸ਼ ਦਿੱਤਾ ਜਿਸਦਾ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ।

ਅਜੋਕੇ ਪੜਾਅ ਤੇ ਲੱਗਦਾ ਹੈ ਕਿ ਪੰਜਾਬੀ ਬੋਲੀ ਤੇ ਜੋ ਸੰਕਟ ਹਾਵੀ ਹੋ ਚੁੱਕਾ ਹੈ ਉਸਦੀ ਪੁਰਾਤਨ Hebrew ਨੂੰ ਜੋ ਸੰਕਟ ਪੇਸ਼ ਆਇਆ ਸੀ ਉਸ ਨਾਲ ਕਾਫੀ ਸਮਾਨਤਾ ਬਣਦੀ ਹੈ। ਅੱਜ ਤੋਂ ਅੱਠ ਸਦੀਆਂ ਪਹਿਲਾਂ ਸ਼ੇਖ਼ ਫਰੀਦ ਦੇ ਸ਼ਲੋਕਾਂ ਦੇ ਰੂਪ ਵਿਚ ਪੰਜਾਬੀ ਨੇ ਉਪਭਾਖਾ ਤੋਂ ਭਾਖਾ ਬਣਨ ਦਾ ਪ੍ਰਮਾਣ ਦਿੱਤਾ ਤਾਂ ਲਿਖਤੀ ਰੂਪ ਵਿਚ ਇਸ ਵਿਚ ਮਸਾਂ ਹਜ਼ਾਰ ਕੁ ਸ਼ਬਦ ਸੀ। ਇਹ ਤਾਂ ਗੁਰੂ ਨਾਨਕ ਦਾ ਕਮਾਲ ਸੀ ਕਿ ਉਨ੍ਹਾਂ, ਇਸਦੇ ਭੰਡਾਰ ਨੂੰ ਵੀਹ ਹਜ਼ਾਰ ਤੋਂ ਵੀ ਵੱਧ ਸ਼ਬਦਾਂ ਨਾਲ ਭਰਪੂਰ ਕਰ ਦਿੱਤਾ। ਇਸ ਪ੍ਰਯਤਨ ਸਦਕਾ ਪੰਜਾਬੀ ਦਾ ਸੰਸਕ੍ਰਿਤ ਅਤੇ ਪਾਲੀ ਆਦਿ ਪੁਰਾਤਨ ਭਾਰਤੀ ਭਾਸ਼ਾਵਾਂ ਨਾਲ ਹੀ ਨਹੀਂ ਸਗੋਂ

Sri Satguru Jagjit Singh Ji eLibrary NamdhariElibrary@gmail.com

ਉਦਾਲੇ ਦੀਆਂ ਉਪਭਾਖਾਵਾਂ, ਰਾਜਸਥਾਨੀ, ਸਿੰਧੀ ਅਤੇ ਪਰਾਂ ਦੀਆਂ ਭਾਸ਼ਾਵਾਂ ਅਰਬੀ ਅਤੇ ਫਰਾਸੀ ਨਾਲ ਵੀ ਨਿੱਘਾ ਸੰਬੰਧ ਬਣ ਗਿਆ। ਇਸ ਭੰਡਾਰ ਦੀ ਅਮੀਰੀ ਦਾ ਅਨੁਮਾਣ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਅਜੋਕੇ ਮੋੜ ਤੇ ਜੇ ਹੱਠ ਕਰਕੇ ਜਿਸਦੀ ਅਧਿਕ ਲੋੜ ਵੀ ਹੈ, ਅਸੀਂ ਗੰਭੀਰ ਮਸਲਿਆਂ 'ਤੇ ਨਿਰੋਲ ਪੰਜਾਬੀ ਵਿਚ ਸੰਵਾਦ ਰਚਾਉਣਾ ਹੋਵੇ ਤਾਂ ਗੁਰੂ ਨਾਨਕ ਵਲੋਂ ਘੜੇ ਸ਼ਬਦਾਂ ਦੀ ਵਰਤੋਂ ਤੋਂ ਬਿਨਾਂ ਕਰ ਨਹੀਂ ਸਕਦੇ। ਇਸ ਤਰ੍ਹਾਂ ਨਾ ਤਾਂ ਅਸੀਂ ਕਰਦੇ ਹਾਂ ਅਤੇ ਨਾ ਕਰਨ ਦੀ ਸਮਰੱਥਾ ਹੀ ਰੱਖਦੇ ਹਾਂ। ਤੱਤਗਮ ਵਿਧੀ ਅਨੁਸਾਰ ਆਏ ਸ਼ਬਦ ਤਾਂ ਪੂਰੀ ਤਰ੍ਹਾਂ ਸਾਡੀ ਚੇਤਨਾ ਵਿਚੋਂ ਕਿਰ ਚੱਕੇ ਹਨ। ਇਸਦਾ ਕੁੱਝ ਤਰਕ ਬਣਦਾ ਹੈ ਕਿਉਂਕਿ ਪੰਜਾਬੀ ਉਚਾਰਣ ਵਿਚ ਉਹ ਸਗਵਾ ਸਥਾਨ ਪਰਾਪਤ ਨਾ ਕਰ ਸਕੇ। ਉਚਾਰਣ ਦੇ ਆਧਾਰ ਤੇ ਉਹਨਾਂ ਸ਼ਬਦਾਂ ਨੂੰ ਵੀ ਭੁਲਾ ਦੇਣਾ ਜੋ ਸ਼ਬਦ ਜੋੜਾ ਅਤੇ ਭਾਵ-ਅਰਥ ਦਾ ਨਵਾਂ ਰੂਪ ਲੈ ਕੇ ਆਏ ਸਨ, ਉਹਨਾਂ ਨੂੰ ਵੀ ਭੁਲਾ ਦੇਣਾ ਅਣਗਹਿਲੀ ਤੋਂ ਕਿਤੇ ਪਾਰ ਦੀ ਗੱਲ ਹੈ। ਸਮਝਣ ਦੀ ਲੋੜ ਹੈ ਕਿ ਉਹਨਾਂ ਨੂੰ ਲੋਪ ਕਰਕੇ ਅਸੀਂ ਆਧੁਨਿਕ ਨਹੀਂ ਬਣ ਗਏ, ਇਸਦੇ ਭੇਖ ਹੇਠ ਬੌਧਿਕ ਅਤੇ ਭਾਵੁਕ ਤੌਰ 'ਤੇ ਸੁੰਗੜ ਜਰੂਰ ਗਏ ਹਾਂ।

ਕਹਿਣ ਤੋਂ ਭਾਵ ਇਹ ਨਹੀਂ ਕਿ ਉਚਾਰ ਨੂੰ ਸ਼ੁੱਧ ਰੱਖਣਾ ਸੰਭਵ ਹੀ ਨੇਹੀਂ ਸ਼ਖਾਲਾ ਕੰਮ ਹੈ। ਦਰਅਸਲ ਇਹ ਬਹੁਤ ਔਖਾ ਹੈ ਅਤੇ ਖਾਸ ਤਰ੍ਹਾਂ ਦੇ ਅਭਿਆਸ ਤੋਂ ਬਿਨਾਂ ਇਸ ਨੂੰ ਸ਼ੁੱਧ ਰੱਖਿਆ ਵੀ ਨਹੀਂ ਜਾ ਸਕਦਾ। ਉਚਾਰਣ ਸ਼ੁੱਧ ਹੈ ਜਾਂ ਅਸ਼ੁੱਧ ਹੁਣ ਤਾਂ ਇਸ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਪਹਿਲਾਂ ਇਸਨੂੰ ਸ਼ੁਧ ਰੱਖਣ ਦੀ ਸਿਖਿਆ ਤਾਂ ਭਾਵੇਂ ਉਪਲੱਬਧ ਨਹੀਂ ਸੀ ਹੁੰਦੀ ਪ੍ਰੰਤੂ ਇਸਦੇ ਅਸ਼ੁੱਧ ਹੋਣ ਵੱਲ ਧਿਆਨ ਜ਼ਰੂਰ ਚਲਾ ਜਾਂਦਾ ਸੀ। ਮੈਨੂੰ ਜਾਤੀ ਤੌਰ ਤੇ ਅਨੁਭਵ ਹੈ ਕਿ ਬਚਪਨ ਵਿਚ ਗੁਰਮੁਖੀ ਵਰਣਮਾਲਾ ਦੀਆਂ ਦੂਜੀ, ਤੀਜੀ ਅਤੇ ਚੌਥੀ ਸਤਰ ਦੇ ਆਖਰੀ ਅੱਖਰਾਂ ਦਾ ਉਚਾਰਣ ਬਹੁਤ ਔਖਾ ਪ੍ਰਤੀਤ ਹੁੰਦਾ ਸੀ। ਖਾਸ ਵਰਗ ਦੇ ਪ੍ਰਾਣੀਆਂ ਲਈ ਸ, ਸ਼ ਅਤੇ ਛ ਵਾਲੇ ਅੱਖਰਾਂ ਦਾ ਉਚਾਰਣ ਸ਼ੁੱਧ ਰੂਪ ਵਿਚ ਸੰਭਵ ਹੀ ਨਹੀਂ ਸੀ। ਇਹ ਮੰਨਣ ਵਿਚ ਕੋਈ ਔਖ ਨਹੀਂ ਹੋਣੀ ਚਾਹੀਦੀ ਕਿ ਉਚਾਰਣ ਦਾ ਮਸਲਾ ਕਿਸੇ ਨਿਰਪੇਖ ਆਭਾ ਦਾ ਧਾਰਨੀ ਨਹੀਂ। ਇਸਦਾ ਸਾਪੇਖ ਮਹੱਤਵ ਬਣਦਾ ਹੈ ਜਿਸਨੂੰ ਗ੍ਰੀਹਿਣ ਕਰਨ ਨਾਲ ਨਾਂਹ-ਪੱਖੀ ਗੱਲ ਤੋਂ ਹਾਂ-ਪੱਖੀ ਵਿਚਾਰ ਬਣ ਸਕਦਾ ਹੈ। ਇਸਦੇ ਅਭਾਵ ਵਿਚ ਸਬੰਧਤ ਪ੍ਰਾਣੀ ਨੂੰ ਤਾਂ ਇਸ ਤੋਂ ਹਾਨੀ ਪਹੁੰਚਦੀ ਹੀ ਹੈ, ਸ਼ਾਦਿ ਭਾਖਾ ਵੀ ਸੁਰੱਖਿਅਤ ਨਹੀਂ ਰਹਿੰਦੀ।

ਇਸਦੀਆਂ ਦੋ ਉਦਾਹਰਣਾਂ ਸਹਿਜੇ ਹੀ ਧਿਆਨ ਗੋਚਰ ਹੋ ਜਾਂਦੀਆਂ ਹਨ। ਪਹਿਲੀ ਪੰਜਾਬ ਦੇ ਸ਼ਹਿਰੀ ਜੀਵਨ ਦੀ ਹੈ ਜੋ ਐਨੀ ਵਿਆਪਕ ਹੈ ਕਿ ਉਸ ਵੱਲ ਬੇ-ਧਿਆਨੀ ਧਾਰਨ ਤੋਂ ਬਿਨਾਂ ਗੁਜ਼ਾਰਾ ਨਹੀਂ। ਇਸਦੀਆਂ ਕਈ ਪਰਤਾਂ ਹਨ ਜਿਨ੍ਹਾਂ, ਵਿਚੋਂ ਦੋ ਵੱਲ ਧਿਆਨ ਦੇਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਜਿਵੇਂ ਵੱਧ ਤੋਂ ਵੱਧ ਗਿਣਤੀ ਵਿਚ ਪੰਜਾਬ ਵਾਸੀਆਂ ਦਾ ਅਮਰੀਕਾ, ਕੈਨੇਡਾ, ਆਸਟਰੇਲੀਆ, ਬਲਕਿ ਕਿਤੇ ਵੀ ਪ੍ਰਵਾਸ ਕਰ ਜਾਣਾ ਪ੍ਰੌਢ ਹੋ ਰਿਹਾ ਹੈ, ਏਥੇ ਐਸਾ ਖਲਾਅ ਪੈਦਾ ਹੋ ਰਿਹਾ ਹੈ, ਜਿਸਨੂੰ ਭਰਨ ਲਈ ਪੂਰਬੀ ਪ੍ਰਾਤਾਂ ਦੇ ਵਾਸੀ ਵਿੱਤ ਅਨੁਸਾਰ ਆਈ ਜਾ ਰਹੇ ਹਨ। ਬਹੁਤ ਕਰਕੇ ਉਹ ਅਣਪੜ੍ਹ ਹਨ, ਵੱਧ ਤੋਂ ਵੱਧ ਅੱਧ-ਪੜ੍ਹੇ ਹੀ ਉਹਨਾਂ ਨੂੰ ਕਿਆ ਜਾ ਸਕਦਾ ਹੈ। ਆਪਣੀਆਂ ਉਪਭਾਖਾਵਾਂ ਦੇ ਸ਼ਬਦ, ਜਿਨ੍ਹਾਂ ਨੂੰ ਹਿੰਦੀ ਪ੍ਰਤੀ ਵੱਧ ਰਹੇ ਰੁਝਾਣ ਅਧੀਨ ਅਸ਼ੁੱਧ ਵੀ ਕਿਹਾ ਜਾ ਸਕਦਾ ਹੈ, ਉਹ ਨਾਲ ਲਿਆਂਦੇ ਹਨ। ਵਸੇਬਾ ਉਹਨਾਂ ਨੂੰ ਸ਼ਹਿਰਾਂ ਜਾ ਨਗਰਾਂ ਵਿਚ ਕਰਨਾ ਪੈ ਰਿਹਾ ਹੈ, ਇਸ ਲਈ ਏਥੇ ਦੇ ਪੰਜਾਬ ਵਾਸੀਆਂ ਨਾਲ ਜੋ ਉਹਨਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ, ਉਸ ਵਿਚ ਇਹ ਅਸ਼ੁੱਧਤਾ ਸੁਤੇ ਸਿੱਧ ਹੀ ਸ਼ਾਮਿਲ ਹੁੰਦੀ ਜਾ ਰਹੀ ਹੈ। ਦੋਗਲੀ ਜਿਹੀ ਬੋਲੀ ਦਾ ਨਿਰਮਾਣ ਹੋ ਰਿਹਾ ਹੈ, ਜਿਸ ਪਿਛੋਕੜ ਵਿਚ ਨਾ ਤਾਂ ਪੰਜਾਬੀ ਵਾਲੀ ਭਾਸਿਕ ਸੂਹਿਰਦਤਾ ਕੰਮ ਕਰ ਰਹੀ ਹੈ ਅਤੇ ਨਾ ਉਹਨਾਂ ਦੀਆਂ ਅਪਾਣੀਆਂ ਉਪਭਾਖਾਵਾਂ ਵਾਲੀ ਸਾਦਗੀ ਜਿਸਨੂੰ ਸੰਸਕ੍ਰਿਤ ਦੇ ਬੋਝ ਹੇਠ ਦੱਬੀ ਜਾਂਦੀ ਹਿੰਦੀ ਖਤਮ ਕਰਨ ਤੇ ਤਲੀ ਹੋਈ ਹੈ। ਵਾਕਾਂ ਦੀ ਥਾਂ ਬੋਲਾਂ ਦਾ ਸਮੂਹ ਹੈ ਇਹ ਦੋਗਲੀ ਜਿਹੀ ਬੋਲੀ ਜਿਸ ਵਿਚਲੇ ਭਾਵ ਅਰਥ ਉਚਾਰਣ ਦੀ ਟੁੱਟੀ ਫੁੱਟੀ, ਉੱਚੀ ਨੀਵੀਂ ਅਤੇ ਤੇਜ਼ ਧੀਮੀ ਗਤੀ ਵਧੇਰੇ ਆਪਣਾ ਸਾਧਨ ਬਣਾਉਂਦੇ ਪ੍ਰਤੀਤ ਹੁੰਦੇ ਹਨ। ਉਹਨਾਂ ਦੀਆਂ ਆਪਣੀਆਂ ਉਪਭੰਖਾਵਾਂ ਨਿਰਸੰਦੇਹ ਇਸ ਜੰਮੂਟ ਦੀ ਮਾਰ ਹੇਠ ਆਉਂਦੀਆਂ ਹਨ। ਪੰਜਾਬੀ ਤੇ ਪਰ ਇਸਦਾ ਬੋਝ ਵਧੇਰੇ ਹੈ। ਉਪਰੋਂ ਭਾਵੇਂ ਇਸਨੂੰ ਵੰਨ-ਸਵੰਨਤਾ ਦਾ ਨਾਂ ਦੇ ਦਿੱਤਾ ਜਾਵੇ ਪ੍ਰੰਤੂ ਇਸਦੇ ਉਸਾਰੂ ਨਾਲੋਂ ਢਾਹੂ ਪੱਖ ਨੂੰ ਇਸ ਅਮਲ ਤੋਂ ਵਧੇਰੇ ਬਲ ਮਿਲਦਾ ਪ੍ਰਤੀਤ ਹੁੰਦਾ ਹੈ। ਕਹਿਣ ਤੋਂ ਭਾਵ ਇਹ ਹੈ ਕਿ ਪੰਜਾਬੀ ਸੂਬੇ ਜ਼ਰੂਰ ਆਈ ਹੋਈ ਹੈ।

ਇਸਦੀ ਵਿਰੋਧੀ ਪਰਤ ਪੰਜਾਬ ਤੋਂ ਬਾਹਰਲੇ ਦੇਸ਼ਾਂ, ਖਾਸ ਤੌਰ ਤੇ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਪਿਛਲੇ ਕੁੱਝ ਸਾਲਾਂ ਤੋਂ ਆਸਟਰੇਲੀਆ ਜਾ ਵਸੇ ਪ੍ਰਾਣੀਆਂ ਦੀ ਪ੍ਰਤੀਨਿਧਤਾ ਕਰਦੀ ਹੈ। ਨੌਜੁਵਾਨ ਵਰਗ ਦੇ ਕੁੜੀਆਂ ਮੁੰਡੇ ਅੰਗਰੇਜ਼ੀ ਪੜ੍ਹਣ ਵਿਚ ਤਾਂ ਯੋਗਤਾ ਰੱਖਦੇ ਹਨ। ਪ੍ਰੰਤੂ ਪੇਂਡੂ ਖੇਤਰਾਂ ਤੋਂ ਆਇਆ ਨੂੰ ਬਿਦੇਸ਼ੀ ਭਾਸ਼ਾ ਵਿਚ ਪ੍ਰਗਟਾਵਾ ਅਤੇ ਸਵੈ-ਪ੍ਰਗਟਾਵਾ ਕਰਨ ਕਾਫੀ ਔਖ ਅਨੁਭਵ ਹੁੰਦੀ ਹੈ। ਜਿੱਥੇ ਵਡੇਰੀ ਉਮਰ ਦੇ ਪ੍ਰਾਣੀ ਗੱਲਬਾਤ ਕਰਨ ਦੌਰਾਨ ਅੰਗਰੇਜ਼ੀ ਲਫਜ਼ਾ ਨੂੰ ਪੰਜਾਬੀ ਉਚਾਰਣ ਅਨੁਸਾਰ ਢਾਲਣ ਵੇਲੇ ਕੋਈ ਝਿਜਕ ਮਹਿਸੂਸ ਨਹੀਂ ਕਰਦੇ ਉੱਥੇ ਜਵਾਨ ਉਮਰ ਦੇ ਮੁੰਡੇ ਕੁੜੀਆਂ ਨੂੰ ਵਧੇਰੇ ਹਾਵਾਂ/ਭਾਵਾਂ ਤੇ ਨਿਰਭਰ ਹੋਣਾ ਪੈਂਦਾ ਹੈ। ਇਸ ਤੋਂ ਘੱਟੋ ਘੱਟ ਇਸ ਉਮੀਦ ਦਾ ਝਲਕਾਰਾ ਜ਼ਰੂਰ ਪੈਣ ਲੱਗ ਪੈਦਾ ਹੈ ਕਿ ਮਾਤ ਭੂਮੀ ਵਿਚ ਪਿਆ

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਦਾ ਹਾਲ ਨਿੱਘਰਦਾ ਜਾ ਰਿਹਾ ਹੋਵੇ, ਪ੍ਰਦੇਸ਼ ਵਿਚ ਇਸਦੇ ਪਲਮਣ ਦੀ ਉਮੀਦ ਬਣਨ ਲੱਗ ਪੈਂਦੀ ਹੈ। ਇਸਦੇ ਪ੍ਰਫੁੱਲਤ ਹੋਣ ਹੋਰ ਬੜਾ ਕੁੱਝ ਕਰਨਾ ਲਾਜ਼ਮੀ ਹੈ ਜਿਸ ਵਿਚ ਪ੍ਰਮੁੱਖ ਅਨੁਵਾਦ ਹੈ ਜੋ ਵੱਧ ਤੋਂ ਵੱਧ ਪ੍ਰਫੁੱਲਤ ਹੋਣਾ ਚਾਹੀਦਾ ਹੈ। ਅਨੁਵਾਦ ਤੋਂ ਏਥੇ ਭਾਵ ਪੰਜਾਬੀ ਲਿਖਤ ਦਾ ਲਫਜ਼-ਬ-ਲਫਜ ਉਤਾਰਾ ਨਹੀਂ। ਨਾ ਹੀ ਇਸ ਤੋਂ ਭਾਵ ਬਿਦੇਸ਼ੀ ਲਿਖਤ ਦਾ ਲਫਜ਼-ਬ-ਲਫਜ਼ ਪੰਜਾਬੀ ਵਿਚ ਉਤਾਰਾ ਹੈ।

ਇਸ ਤਰ੍ਹਾਂ ਦੇ ਉਤਾਰੇ ਨੂੰ ਅਨੁਵਾਦ ਦਾ ਆਰੰਭ ਤਾਂ ਮੰਨਿਆ ਜਾ ਸਕਦਾ ਹੈ, ਇਸਦਾ ਅੰਤਮ ਲਖਸ਼ ਨਹੀਂ ਜਿਸ ਖਾਤਰ ਹੋਰ ਕਈ ਗੱਲਾਂ ਦਾ ਧਿਆਨ ਰੱਖਣਾ ਜਰੂਰੀ ਹੈ। ਇਸ ਸੰਦਰਭ ਵਿਚ ਦੂਜੀ ਗੱਲ ਲਫਜ਼ਾ ਦੀ ਲੈਅ ਅਤੇ ਸੁਰ ਪ੍ਰਤੀ ਸਾਵਧਾਨ ਹੋਣਾ ਲਾਜ਼ਮੀ ਹੈ। ਤਦ ਹੀ ਅਨੁਵਾਦ ਹੋਏ ਵਾਕ ਵਿਚੋਂ ਉਸ ਤਰ੍ਹਾਂ ਦਾ ਅਹਿਸਾਸ ਨਮੂਦਾਰ ਹੋ ਸਕੇਗਾ ਜਿਸ ਨੇ ਕਿ ਅਨੁਵਾਦ ਹੋਣ ਵਾਲੇ ਵਾਰ ਦੀ ਨੁਹਾਰ ਘੜੀ ਹੁੰਦੀ ਹੈ। ਇਸ ਪ੍ਰਕਾਰ ਅਨੁਵਾਦ ਦੇ ਕਾਰਜ ਅਤੇ ਅਨੁਵਾਦ ਦੇ ਲਖਸ਼ ਵਿਚਕਾਰ ਸਾਂਝ ਬਣ ਸਕੇਗੀ। ਇਹ ਸਾਂਝ ਹੀ ਹੈ ਜਿਸਨੇ ਅਨੁਵਾਦ ਨੂੰ ਲੋੜੀਦਾ ਹੀ ਨਹੀਂ ਬਲਕਿ ਜ਼ਰੂਰੀ ਵੀ ਠਹਿਰਾਉਣਾ ਹੁੰਦਾ ਹੈ। ਇਸ ਮੰਜਲ ਨੂੰ ਪਹੁੰਚ ਕੇ ਅਨੁਵਾਦ ਕੇਵਲ ਉਸ ਬੋਲੀ ਦੀ ਹੀ ਸੇਵਾ ਨਹੀਂ ਕਰ ਰਿਹਾ ਹੁੰਦਾ ਜਿਹਦੀ ਕਿਰਤ ਨੂੰ ਇਸ ਕਾਰਜ ਲਈ ਚੁਣਿਆ ਹੁੰਦਾ ਹੈ ਸਗੋਂ ਉਸ ਬੋਲੀ ਤੇ ਵੀ ਇਸ ਸਾਨ ਹੋ ਜਾਂਦਾ ਹੈ ਜਿਸ ਵਿਚ ਅਨੁਵਾਦ ਨੇਪਰੇ ਚੜ੍ਹਦਾ ਹੈ।

ਭਵਿੱਖ ਵਿਚ ਇਸ ਪ੍ਰਕਾਰ ਦਾ ਟੀਚਾ ਮਿਥਿਆ ਜਾਵੇ, ਇਸ ਖਾਤਰ ਜ਼ਰੂਰੀ ਹੈ ਕਿ ਸਕੂਲ ਕੇ ਪੱਧਰ ਤੋਂ ਪੰਜਾਬੀ ਦੀ ਪੜ੍ਹਾਈ ਬੜੀ ਲਗਨ ਅਤੇ ਜ਼ਿੰਮੇਵਾਰੀ ਨਾਲ ਹੋਵੇ। ਵਾਸਤਵ ਇਹੋ ਤਾਂ ਗੱਲ ਹੈ ਜੋ ਪੰਜਾਬੀ ਸੂਬੇ ਦੇ ਸਕੂਲਾਂ ਵਿਚ ਲੋਪ ਹੈ। ਸਰਕਾਰੀ ਸਕੂਲ ਹੀ ਹਨ ਜਿਨ੍ਹਾਂ, ਵਿਚ ਪੰਜਾਬੀ ਦੀ ਪੜ੍ਹਾਈ ਦਾ ਅਲਪ ਜਿਹਾ ਪ੍ਰਬੰਧ ਹੈ। ਇਸਦਾ ਕੋਈ ਨਤੀਜਾ ਨਹੀਂ ਨਿਕਲ ਰਿਹਾ ਕਿਉਂਕਿ ਹਰੇਕ ਦੇ ਮਨ ਵਿਚ ਇਹ ਕੱਚ ਸੱਚ ਦੀ ਨਿਆਈਂ ਬੈਠ ਚੁੱਕਾ ਹੈ ਕਿ ਪੰਜਾਬੀ ਪੜ੍ਹਣ ਨਾਲ ਕੋਈ ਲਾਭ ਨਹੀਂ ਹੋਣ ਲੱਗਾ। ਜੋ ਪਾਠ-ਪੁਸਤਕਾਂ ਵਿਦਿਆਰਥੀਆਂ ਨੇ ਪੜ੍ਹਣੀਆਂ ਹੁੰਦੀਆਂ ਹਨ ਉਹ ਅਵੱਲ ਤਾਂ ਦੁਕਾਨਾਂ ਤੋਂ ਮਿਲਦੀਆਂ ਨਹੀਂ। ਜੇ ਮਿਲ ਵੀ ਜਾਣ ਤਾਂ ਉਹਨਾਂ ਵਿਚ ਸਮੱਗਰੀ ਸ਼ਾਮਿਲ ਕੀਤੀ ਹੁੰਦੀ ਹੈ, ਉਸ ਬਾਰੇ ਕਿਸੇ ਤਰ੍ਹਾਂ ਦਾ ਰੌਲਾ ਰੱਪਾ ਪੈ ਸਕਦਾ ਹੈ। ਪੈਂਦਾ ਵੀ ਹੈ ਜਿਸਦਾ ਦੰਡ ਵਿਦਿਆਰਥੀਆਂ ਨੂੰ ਭੁਗਤਣਾ ਪੈਂਦਾ ਹੈ। ਹੈਰਾਨੀ ਦੀ ਗੱਲ ਨਹੀਂ ਕਿ ਕੋਈ ਵੀ ਸਰਦਾ ਪੁਗਦਾ ਪਰਿਵਾਰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾ ਵਿਚ ਦਾਖਿਲ ਕਰਵਾਉਣਾ ਨਹੀਂ ਚਾਹੁੰਦਾ। ਵੱਧ ਤੋਂ ਵੱਧ ਫੀਸ ਦੇ ਕੇ, ਹਰ ਤਰ੍ਹਾਂ ਦਾ ਉਪਹਾਰ ਸਹਿ ਕੇ ਕੋਸ਼ਿਸ਼ ਹੁੰਦੀ ਹੈ ਕਿ ਬੱਚੇ ਨੂੰ ਹੈਰ-ਸਰਕਾਰੀ ਸਕੂਲ ਵਿਚ ਦਾਖਿਲ ਕਰਵਾਇਆ ਜਾਵੇ। ਦਿਖਾਵੇ ਵਜੋਂ ਉੱਥੇ ਅੰਗਰੇਜ਼ੀ ਪੜਾਉਣ ਦਾ ਪ੍ਰਬੰਧ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਜਿਨ੍ਹਾਂ ਅਧਿਆਪਕਾਂ ਨੇ ਅੰਗਰੇਜ਼ੀ ਪੜ੍ਹਾਉਣੀ ਹੁੰਦੀ ਹੈ। ਉਹਨਾਂ ਨੂੰ ਅਲਪ ਜਿਹੀ ਸੂਚਨਾ ਹੀ ਹੁੰਦੀ ਹੈ। ਜੇ ਬੱਚਾ ਅੰਗਰੇਜ਼ੀ ਵਿਚ ਗਿਟ ਮਿਟ ਕਰਨ ਦੇ ਸਮਰੱਥ ਹੋ ਜਾਵੇ ਤਾਂ ਸਮਝ ਲਿਆ ਜਾਂਦਾ ਹੈ ਕਿ ਉਸਦਾ ਬੇੜਾ ਪਾਰ ਹੈ ਅਤੇ ਪ੍ਰਵਾਸ ਪਹੁੰਚਣ ਅਤੇ ਉੱਥੇ ਵਿਚਰਣ ਦੀ ਯੋਗਤਾ ਨੇ ਉਸਦਾ ਭਵਿੱਖ ਗੰਵਾਰ ਦਿੱਤਾ ਹੈ।

ਇਸ ਤਰ੍ਹਾਂ ਪਰਵਾਨ ਚੜ੍ਹ ਰਹੀਆਂ ਪੁਸ਼ਤਾਂ ਨੇ ਪੰਜਾਬੀ ਨੂੰ ਕਿਵੇਂ ਸੁਰੱਖਿਅਤ ਰੱਖਣਾ ਹੈ, ਇਸ ਵਿਸ਼ੇ ਤੇ ਗੰਭੀਰ ਚਰਚਾ ਕਰਨਾ ਘਾਟੇ ਵਾਲਾ ਸੌਦਾ ਹੈ। ਸੁੰਢ ਦੀ ਗੰਡੀ ਦੀ ਨਿਆਈਂ ਮਨਾਫੇ ਵਾਲਾ ਸੌਦਾ ਨਾਮ ਧਰੀਕ ਲੇਖਕਾਂ ਦੇ ਹੱਥ ਲੱਗ ਗਿਆ ਪ੍ਰਤੀਤ ਹੁੰਦਾ ਹੈ। ਖਾਸ ਕਰ ਪਰਵਾਸ ਵਿਚ ਵਸੇਬਾ ਕਰਨ ਵਾਲਿਆਂ ਦੇ ਜਿਨ੍ਹਾਂ ਦੀਆਂ ਕਿਤਾਬਾ ਛਪਦੀਆਂ ਬਾਅਦ ਵਿਚ ਹਨ, ਗੋਸ਼ਟੀਆਂ ਉਹਨਾਂ ਉਪਰ ਪਹਿਲਾ ਹੋ ਜਾਂਦੀਆਂ ਹਨ। ਅੱਗੇ ਲੈਣ ਦੇਣ ਪੜ੍ਹਾਣ ਵਾਲਿਆਂ ਨਾਲ ਸਿਰੇ ਚੜ੍ਹਿਆ ਹੁੰਦਾ ਹੈ। ਜਿਸਦੇ ਕਾਰਨ ਸਾਹਿਤ ਦੀ ਸਿਰਜਣਾ, ਛਪਾਈ, ਵਿਕਰੀ ਅਤੇ ਵਡਿਆਈ ਸੌਦੇਬਾਜ਼ੀ ਦੀ ਲਪੇਟ ਵਿਚ ਆ ਗਏ ਹਨ। ਕਹਿਣ ਇਹ ਨਹੀਂ ਕਿ ਸਾਹਿਤ-ਰਚਨਾ ਨੂੰ ਕਲਪਨਾ ਦੀ ਖੇਡ ਨਿਰਧਾਰਿਤ ਕਰਕੇ, ਅਰਥ-ਵਿਵਸਥਾ ਨਾਲੋਂ ਇਸਦਾ ਨਾਤਾ ਬਿਲਕੁਲ ਹੀ ਤੋੜ ਦਿੱਤਾ ਜਾਵੇ। ਇਸਦਾ ਦੂਜਾ ਪਾਸਾ ਵੀ ਹੈ ਜਿਸਨੂੰ ਸ਼ੁਭ ਕਹਿਣਾ ਬਣਦਾ ਹੈ। ਉਹ ਹੈ ਕਿ ਪੱਛਮੀ ਪੰਜਾਬ, ਜਿਸ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਏਧਰ ਲਿਆ ਨਾਲੋਂ ਕਈ ਗੁਣਾਂ ਹੈ, ਬੋਲੀ ਦੇ ਮਸਲੇ ਤੇ ਇੱਕ ਜੁਟ ਹੋਣ ਲੱਗੇ ਹਨ। ਸ਼ਾਹਮੁਖੀ ਲਿਪੀ ਵਿਚ ਕੋਈ ਨਾ ਕੋਈ ਕਾਵਿ-ਸੰਗ੍ਰਹਿ ਜਾ ਕਹਾਣੀ-ਸੰਗ੍ਰਹਿ ਪਹਿਲਾਂ ਵੀ ਛਪ ਜਾਂਦਾ ਸੀ। ਹੁਣ ਤਾਂ ਪਰ ਉਮੀਦ ਕੀਤੀ ਜਾ ਸਕਦੀ ਹੈ ਕਿ ਦਿਸ਼ਾ ਵਿਚ ਕਿਤੇ ਵੱਧ ਗਿਣਤੀ ਵਿਚ ਛਪਵਾਈ ਹੋਣ ਲੱਗ ਪਵੇਗੀ। ਪੰਜਾਬੀ ਵਿਚ ਉੱਚ-ਵਿਦਿਆ ਦੇ ਪ੍ਰਬੰਧ ਵੀ ਵਿਕਸਤ ਹੋ ਜਾਣਗੇ। ਏਧਰਲੇ ਪੰਜਾਬ ਵਿਚ ਪੰਜਾਬੀ ਬੋਲੀ ਦੀ ਵਿਦਿਆ ਨੂੰ ਜੋ ਘੁਣ ਲੱਗਾ ਹੋਇਆ ਹੈ ਅਤੇ ਜੋ ਵਧੇਰੇ ਤੋਂ ਵਧੇਰੇ ਖਤਰਨਾਕ ਹੁੰਦਾ ਜਾਂਦਾ ਹੈ, ਉਸਨੂੰ ਠੱਲ ਪਵੇਗੀ। ਬੋਲੀ ਦੀ ਸਾਂਝ ਮਜ਼ਹਬ ਦੇ ਵਖਰੇਵੇਂ ਨਾਲੋਂ ਪ੍ਰਥਮ ਸਿੱਧ ਹੋਵੇਗੀ। ਸ਼ੇਖ਼ ਫ਼ਰੀਦ ਨੂੰ ਪੰਜਾਬੀਅਤ ਦਾ ਆਦਿ ਪੁਰਖ ਉਸੇ ਸਦਭਾਵਨਾ ਨਾਲ ਮੰਨ ਲਿਆ ਜਾਵੇਗਾ ਜਿਵੇਂ ਗੁਰੂ ਨਾਨਕ ਨੂੰ ਬਾਬਾ ਮੰਨਿਆ ਜਾਂਦਾ ਹੈ। ਜਿਵੇਂ ਬਾਬਾ ਕਹਿਣ ਨਾਲ ਸੁਤੇ ਸਿੱਧ ਗੁਰੂ ਨਾਨਕ ਦਾ ਖਿਆਲ ਸਾਡੇ ਮਨਾਂ ਵਿਚ ਜਗਮਗ ਹੋ ਜਾਂਦਾ ਹੈ, ਉਸੇ ਰੌਂ ਵਿਚ ਸ਼ੇਖ਼ ਫ਼ਰੀਦ ਸੂਫ਼ੀਆਂ ਅਤੇ ਕਿੱਸਾਕਾਰਾਂ ਦਾ ਖਿਆਲ ਲਿਸ਼ਕਣ ਲੱਗ ਜਾਇਆ ਕਰੇਗਾ।

Sri Satguru Jagjit Singh Ji eLibrary NamdhariElibrary@gmail.com

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਰੋਕਾਰ

✍-ਸਤਨਾਮ ਸਿੰਘ ਮਾਣਕ

ਹਜ਼ਾਰਾਂ ਸਾਲਾਂ ਤੋਂ ਮਨੁੱਖ ਚੰਗੇ ਭੋਜਨ ਅਤੇ ਸੁਰੱਖਿਅਤ ਜ਼ਿੰਦਗੀ ਦੀ ਭਾਲ ਵਿਚ ਪ੍ਰਵਾਸ ਕਰਦਾ ਆ ਰਿਹਾ ਹੈ। ਪੰਜਾਬੀ ਸਮਾਜ ਵੀ ਇਸ ਅਮਲ ਤੋਂ ਅਛੂਤਾ ਨਹੀਂ ਹੈ। ਇਸ ਸਮੇਂ ਪੰਜਾਬੀ ਭਾਈਚਾਰਾ ਪੂਰੀ ਦੁਨੀਆਂ ਵਿਚ ਫੈਲ ਚੁੱਕਾ ਹੈ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਹਰ ਦੌਰ ਦੇ ਲੋਕਾਂ ਨੂੰ ਆਪਣੇ ਸਮੇਂ ਦਾ ਮਹਾਂਭਾਰਤ ਲੜਨਾ ਪੈਂਦਾ ਹੈ। ਭਾਵ ਆਪਣੇ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਆਪਣੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਸੰਘਰਸ਼ਸ਼ੀਲ ਹੋਣਾ ਪੈਂਦਾ ਹੈ। ਇਸ ਸੰਦਰਭ ਵਿਚ ਹੀ ਅਸੀਂ ਪੰਜਾਬੀ ਭਾਈਚਾਰੇ ਦੀਆਂ ਰਾਜਨੀਤਕ, ਆਰਥਿਕ, ਸੱਭਿਆਚਾਰਕ ਤੇ ਭਾਸ਼ਾਈ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਦੇ ਸੰਭਾਵਿਤ ਹੱਲਾਂ ਬਾਰੇ ਚਰਚਾ ਕਰਾਂਗੇ।

ਭਾਵੇਂ ਪੰਜਾਬੀ ਭਾਈਚਾਰਾ ਇਸ ਸਮੇਂ ਪੂਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ ਪਰ ਸਭ ਤੋਂ ਵੱਡੀ ਗਿਣਤੀ ਵਿਚ ਇਸ ਦਾ ਵਸੇਬਾ ਅੱਜ ਵੀ ਪੰਜਾਬ ਵਿਚ ਹੈ। ਇਸ ਲਈ ਅਸੀਂ ਆਪਣੀ ਚਰਚਾ ਦੀ ਸ਼ੁਰੂਆਤ ਪੰਜਾਬ ਤੋਂ ਕਰ ਰਹੇ ਹਾਂ। ਪੰਜਾਬ ਇਸ ਸਮੇਂ ਬਹੁਪੱਖੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਜੇਕਰ ਇਸ ਦੇ ਨਿਧਾਨ ਵੱਲ ਪ੍ਰਤੀਬੱਧਤਾ ਨਾਲ ਧਿਆਨ ਨਾ ਦਿੱਤਾ ਗਿਆ ਤਾਂ ਇਹ ਸੰਕਟ ਹੋਰ ਵੀ ਗੰਭੀਰ ਹੋ ਕੇ ਅਮਨ-ਕਾਨੂੰਨ ਦੀ ਸਮੱਸਿਆ ਦਾ ਰੂਪ ਧਾਰਨ ਕਰ ਸਕਦਾ ਹੈ। ਇਕ ਤਰ੍ਹਾਂ ਨਾਲ ਇਸ ਸਮੇਂ ਇਹ ਸੰਕਟ ਅਮਨ-ਕਾਨੂੰਨ ਦੀ ਸਮੱਸਿਆ ਦਾ ਰੂਪ ਹੀ ਲੈ ਚੁੱਕਾ ਹੈ। ਹਰ ਰੋਜ਼ ਸਵੇਰੇ-ਸਵੇਰੇ ਜਦੋਂ ਅਖ਼ਬਾਰਾਂ ਆਉਂਦੀਆਂ ਹਨ ਤਾਂ ਉਨ੍ਹਾਂ ਵਿਚ ਅਕਸਰ 3-4 ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਕਾਰਨ ਖ਼ੁਦਕੁਸ਼ੀ ਕਰਨ, ਗੈਂਗਸਟਰਾਂ ਵਲੋਂ ਲੁੱਟਾਂ-ਖੋਹਾਂ ਕਰਨ ਜਾਂ ਪੁਲਿਸ ਮੁਕਾਬਲਿਆਂ ਵਿਚ ਗੈਂਗਸਟਰਾਂ ਦੇ ਮਾਰੇ ਜਾਣ, ਕਾਰਾਂ ਅਤੇ ਮੋਟਰਸਾਈਕਲ ਚੋਰੀ ਕਰਨ ਵਾਲੇ ਗਰੋਹਾਂ ਦੇ ਫੜੇ ਜਾਣ, ਹੈਰੋਇਨ ਅਤੇ ਸਮੈਕ ਆਦਿ ਵੇਚਣ ਵਾਲੇ ਤਸਕਰਾਂ ਦੇ ਫੜੇ ਜਾਣ, ਸਿਆਸਤਦਾਨਾਂ ਤੇ ਅਫਸਰਸ਼ਾਹਾਂ ਦੇ ਭ੍ਰਿਸ਼ਟਾਚਾਰ ਅਤੇ ਰੇਤੇ ਦੀ ਨਾਜਾਇਜ਼ ਨਿਕਾਸੀ ਅਤੇ ਆਪਣੀਆਂ ਮੰਗਾਂ ਲਈ ਵਿਖਾਵੇ ਕਰਦੇ ਅਤੇ ਪੁਲਿਸ ਦੀਆਂ ਲਾਠੀਆਂ ਖਾਂਦੇ ਵੱਖ-ਵੱਖ ਵਰਗਾਂ ਨਾਲ ਸਬੰਧਿਤ ਲੋਕਾਂ ਦੀਆਂ ਖ਼ਬਰਾਂ ਛਪੀਆਂ ਹੁੰਦੀਆਂ ਹਨ। ਪੰਜਾਬ ਦੀ ਇਹ ਤਸਵੀਰ ਦੱਸਦੀ ਹੈ ਕਿ ਸਰਕਾਰਾਂ ਵਿਕਾਸ ਬਾਰੇ ਜੋ ਮਰਜ਼ੀ ਦਾਅਵੇ ਕਰੀ ਜਾਣ ਪਰ ਰਾਜ ਅਨੇਕਾਂ ਪਹਿਲੂਆਂ ਤੋਂ ਬੇਹੱਦ ਪਛੜਦਾ ਜਾ ਰਿਹਾ ਹੈ। ਪੰਜਾਬ ਦੀ ਸਰਕਾਰ ਇਸ ਸਮੇਂ ਦੋ ਲੱਖ ਕਰੋੜ ਤੋਂ ਵੱਧ ਦੀ ਕਰਜ਼ਾਈ ਹੈ ਅਤੇ ਹਰ ਰਾਜਨੀਤਕ ਪਾਰਟੀ ਚੋਣਾਂ ਲੜਨ ਸਮੇਂ ਲੋਕਾਂ ਨਾਲ ਏਨੇ ਵਧਾ-ਚੜ੍ਹਾ ਕੇ ਵਾਅਦੇ ਕਰਦੀ ਹੈ ਕਿ ਉਨ੍ਹਾਂ ਦੀ ਬਾਅਦ ਵਿਚ ਪੂਰਤੀ ਕਰਨੀ ਮੁਸ਼ਕਿਲ ਹੋ ਜਾਂਦੀ ਹੈ। ਇਸ ਸਮੇਂ ਦੀ ਜ਼ਰੂਰਤ ਇਹ ਹੈ ਕਿ ਰਾਜ ਦੀਆਂ ਸਰਕਾਰੀ ਖੇਤਰ ਦੀਆਂ ਢਹਿ-ਢੇਰੀ ਹੋ ਚੁੱਕੀਆਂ ਸਿੱਖਿਆ ਤੇ ਸਿਹਤ ਸੇਵਾਵਾਂ ਦੀ ਪੁਨਰ-ਬਹਾਲੀ ਕੀਤੀ ਜਾਵੇ ਅਤੇ ਖੇਤੀ ਨੂੰ ਮੁੜ ਤੋਂ ਲਾਭਕਾਰੀ ਬਣਾ ਕੇ ਰਾਜ ਵਿਚ ਵੱਡੀ ਪੱਧਰ 'ਤੇ ਖੇਤੀ ਆਧਾਰਿਤ ਸਨਅਤਾਂ ਲਾਈਆਂ ਜਾਣ ਅਤੇ ਰਾਜ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਏ ਜਾਣ। ਇਸ ਸਮੇਂ ਨੌਜਵਾਨਾਂ ਨੂੰ ਰਾਜ ਵਿਚ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ ਅਤੇ ਇਸ ਕਰਕੇ ਹੀ ਵੱਡੀ ਗਿਣਤੀ ਵਿਚ +2 ਤੋਂ ਬਾਅਦ ਜਿਨ੍ਹਾਂ ਨੌਜਵਾਨਾਂ ਦੇ ਮਾਂ-ਬਾਪ ਕਿਸੇ ਨਾ ਕਿਸੇ ਢੰਗ ਨਾਲ ਪੈਸੇ ਦਾ ਜੁਗਾੜ ਕਰ ਲੈਂਦੇ ਹਨ, ਉਹ ਪੜ੍ਹਨ ਦੇ ਬਹਾਨੇ ਵਿਦੇਸ਼ਾਂ ਨੂੰ ਪ੍ਰਵਾਸ ਕਰ ਰਹੇ ਹਨ ਤਾਂ ਜੋ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਉਨ੍ਹਾਂ ਦੇਸ਼ਾਂ ਵਿਚ ਆਰਥਿਕ ਤੌਰ 'ਤੇ ਸਥਾਪਿਤ ਹੋ ਸਕਣ। ਜਿਹੜੇ ਗ਼ਰੀਬ ਪਰਿਵਾਰ ਮਹਿੰਗੇ ਗ਼ੈਰ-ਸਰਕਾਰੀ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਮਿਆਰੀ ਸਿੱਖਿਆ ਨਹੀਂ ਦਿਵਾ ਸਕਦੇ ਅਤੇ ਮਜ਼ਬੂਰੀ-ਵੱਸ ਅਧਿਆਪਕ ਵਿਹੂਣੇ ਸਰਕਾਰੀ ਸਕੂਲਾਂ ਵਿਚ ਭੇਜਣ ਲਈ ਮਜ਼ਬੂਰ ਹੁੰਦੇ ਹਨ, ਉਨ੍ਹਾਂ ਨੌਜਵਾਨਾਂ ਨੂੰ ਅੱਗੇ ਉਚੇਰੀ ਸਿੱਖਿਆ ਤੱਕ ਪਹੁੰਚਣ ਵਿਚ ਵੱਡੀ ਮੁਸ਼ਕਿਲ ਆਉਂਦੀ ਹੈ ਅਤੇ ਅਜਿਹੇ ਵਰਗ ਦੇ ਬਹੁਤੇ ਨੌਜਵਾਨ ਸਕੂਲ ਸਿੱਖਿਆ ਦੌਰਾਨ ਹੀ ਪੜ੍ਹਾਈ ਛੱਡ ਜਾਂਦੇ ਹਨ। ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਅੱਗੋਂ ਇਹ ਨੌਜਵਾਨ ਜਾਂ ਤਾਂ ਛੋਟੇ-ਮੋਟੇ ਕੰਮ ਕਰਕੇ ਆਪਣਾ ਵਕਤ ਲੰਘਾਉਂਦੇ ਹਨ ਅਤੇ ਜਾਂ ਫਿਰ ਅਪਰਾਧ ਦੀ ਦੁਨੀਆਂ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਰਾਜ ਵਿਚ ਦਿਨੋ-ਦਿਨ ਵਧ ਰਹੇ ਅਪਰਾਧ ਅਤੇ ਨੌਜਵਾਨਾਂ ਦੀ ਇਨ੍ਹਾਂ ਵਿਚ ਚੋਖੀ ਸ਼ਮੂਲੀਅਤ ਇਸੇ ਰੁਝਾਨ ਦਾ ਪ੍ਰਗਟਾਵਾ ਕਰਦੀ ਹੈ।

ਜਿਸ ਤਰ੍ਹਾਂ ਕਿ ਅਸੀਂ ਉੱਪਰ ਜ਼ਿਕਰ ਕੀਤਾ ਹੈ ਕਿ ਪੰਜਾਬ ਰਾਜਨੀਤਕ ਅਤੇ ਆਰਥਿਕ ਸੰਕਟ ਦਾ ਹੀ ਸ਼ਿਕਾਰ ਨਹੀਂ ਹੈ, ਸਗੋਂ ਇਹ ਸੱਭਿਆਚਾਰਕ ਅਤੇ ਭਾਸ਼ਾਈ ਸੰਕਟ ਦਾ ਵੀ ਸਾਹਮਣਾ ਕਰ ਰਿਹਾ ਹੈ। ਭਾਵੇਂ 1 ਨਵੰਬਰ, 1966 ਨੂੰ ਲੰਮੀ ਜੱਦੋ-ਜਹਿਦ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦਾ ਪੁਨਰ-ਗਠਨ ਕੀਤਾ ਗਿਆ ਸੀ ਪਰ ਲਗਭਗ 5 ਦਹਾਕੇ

Sri Satguru Jagjit Singh Ji eLibrary NamdhariElibrary@gmail.com

ਬੀਤ ਜਾਣ ਤੋਂ ਬਾਅਦ ਵੀ ਰਾਜ ਵਿਚ ਪੰਜਾਬੀ ਜ਼ਬਾਨ ਅਤੇ ਪੰਜਾਬੀ ਸੱਭਿਆਚਾਰ ਦਾ ਸਹੀ ਲੀਹਾਂ 'ਤੇ ਪ੍ਰਚਾਰ-ਪ੍ਰਸਾਰ ਨਹੀਂ ਹੋ ਸਕਿਆ। ਪੰਜਾਬੀ ਸੂਬੇ ਦੇ ਪੁਨਰ-ਗਠਨ ਤੋਂ ਬਾਅਦ ਬਣਨ ਵਾਲੀਆਂ ਰਾਜ ਦੀਆਂ ਬਹੁਤੀਆਂ ਸਰਕਾਰਾਂ ਨੇ ਇਸ ਪਾਸੇ ਪ੍ਰਤੀਬੱਧਤਾ ਅਤੇ ਗੰਭੀਰਤਾ ਨਾਲ ਧਿਆਨ ਨਹੀਂ ਦਿੱਤਾ। ਪਿਛਲੀ ਅਕਾਲੀ-ਭਾਜਪਾ ਸਰਕਾਰ ਵਲੋਂ 2008 ਵਿਚ ਹਰ ਸਰਕਾਰੀ, ਗ਼ੈਰ-ਸਰਕਾਰੀ ਸਕੂਲ ਵਿਚ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦਾ ਕਾਨੂੰਨ ਬਣਾਏ ਜਾਣ ਤੋਂ ਬਾਅਦ ਭਾਵੇਂ ਗ਼ੈਰ-ਸਰਕਾਰੀ ਸਕੂਲਾਂ ਨੇ ਅਣਚਾਹੇ ਮਨ ਨਾਲ ਪੰਜਾਬੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਹੈ, ਪਰ ਬਹੁਤੇ ਗ਼ੈਰ-ਸਰਕਾਰੀ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਅੱਜ ਵੀ ਪਾਬੰਦੀਆਂ ਲੱਗੀਆਂ ਹੋਈਆਂ ਹਨ। ਬਹੁਤ ਸਾਰੇ ਗ਼ੈਰ-ਸਰਕਾਰੀ ਸਕੂਲ ਚੌਥੀ-ਪੰਜਵੀਂ ਤੱਕ ਪੰਜਾਬੀ ਪੜ੍ਹਾਉਣ ਤੋਂ ਬਾਅਦ ਵਿਦਿਆਰਥੀਆਂ ਨੂੰ ਪੰਜਾਬੀ ਦੀ ਥਾਂ 'ਤੇ ਹੋਰ ਵਿਦੇਸ਼ੀ ਜ਼ਬਾਨਾਂ ਚੋਣਵੇਂ ਵਿਸ਼ੇ ਵਜੋਂ ਪੜ੍ਹਨ ਲਈ ਪ੍ਰੇਰਿਤ ਕਰਦੇ ਵੀ ਦੇਖੇ ਗਏ ਹਨ। ਸੀ.ਬੀ.ਐਸ.ਈ. ਬੋਰਡ ਪੰਜਾਬੀ ਅਤੇ ਹਿੰਦੀ ਵਿਚੋਂ ਜਿਸ ਵਿਸ਼ੇ ਦੇ ਨੰਬਰ ਜ਼ਿਆਦਾ ਹੋਣ, ਉਸ ਦੇ ਨੰਬਰ ਹੀ ਵਿਦਿਆਰਥੀਆਂ ਦੇ ਦਸਵੀਂ ਦੇ ਸਰਟੀਫ਼ਿਕੇਟ ਵਿਚ ਸ਼ਾਮਿਲ ਕਰਦਾ ਹੈ ਤੇ ਇਸ ਤਰ੍ਹਾਂ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸੀ.ਬੀ.ਐਸ.ਈ. ਨਾਲ ਜੁੜੇ ਸਕੂਲਾਂ ਵਿਚ ਪੰਜਾਬੀ ਇਕ ਲਾਜ਼ਮੀ ਵਿਸ਼ਾ ਨਹੀਂ ਹੈ, ਭਾਵੇਂ ਕਿ ਰਾਜ ਸਰਕਾਰ ਨੇ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਪੰਜਾਬੀ ਨੂੰ ਇਕ ਲਾਜ਼ਮੀ ਵਿਸ਼ਾ ਕਰਾਰ ਦਿੱਤਾ ਹੋਇਆ ਹੈ।

ਪੰਜਾਬੀ ਗੀਤ-ਸੰਗੀਤ ਪੰਜਾਬੀ ਸੱਭਿਆਚਾਰ ਦਾ ਇਕ ਅਨਿੱਖੜਵਾਂ ਅੰਗ ਹੈ। ਪਰ ਪਿਛਲੇ ਲੰਮੇ ਸਮੇਂ ਤੋਂ ਇਸ ਖੇਤਰ ਵਿਚ ਵੱਡਾ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ। ਲੱਚਰ ਗੀਤ ਲਿਖੇ ਜਾ ਰਹੇ ਹਨ ਅਤੇ ਲੱਚਰ ਗੀਤ ਗਾਏ ਜਾ ਰਹੇ ਹਨ। ਇਨ੍ਹਾਂ ਗੀਤਾਂ ਵਿਚ ਅਕਸਰ ਨਸ਼ਿਆਂ ਅਤੇ ਹਥਿਆਰਾਂ ਨੂੰ ਵਡਿਆਇਆ ਗਿਆ ਹੁੰਦਾ ਹੈ ਅਤੇ ਮੁਟਿਆਰਾਂ ਬਾਰੇ ਅਸ਼ਲੀਲ ਕਿਸਮ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੁੰਦਾ ਹੈ। ਹਿੰਸਾ ਕਰਨ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ ਨਾਇਕਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਦਾ ਵੀ ਇਕ ਸਿੱਟਾ ਹੈ ਕਿ ਨੌਜਵਾਨਾਂ ਦਾ ਇਕ ਵੱਡਾ ਵਰਗ ਗੈਂਗਸਟਰ ਬਣਨ ਜਾਂ ਹੋਰ ਤਰ੍ਹਾਂ ਦੇ ਅਪਰਾਧ ਕਰਨ ਵੱਲ ਰੁਚਿਤ ਹੋ ਗਿਆ ਹੈ।

ਪੰਜਾਬ ਤੋਂ ਬਾਹਰ ਦੇਸ਼ ਦੇ ਹੋਰ ਵੱਖ-ਵੱਖ ਰਾਜਾਂ ਵਿਚ ਵੱਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਦੀਆਂ ਆਪਣੀ ਕਿਸਮ ਦੀਆਂ ਸਮੱਸਿਆਵਾਂ ਹਨ। ਉਨ੍ਹਾਂ ਨੂੰ ਆਪਣੀ ਰੋਟੀ-ਰੋਜ਼ੀ ਕਮਾਉਣ ਅਤੇ ਵੱਖ-ਵੱਖ ਸੂਬਿਆਂ ਵਿਚ ਆਪਣੀ ਸੁਰੱਖਿਅਤਾ ਬਣਾਈ ਰੱਖਣ ਲਈ ਸੁਭਾਵਿਕ ਤੌਰ 'ਤੇ ਉਨ੍ਹਾਂ ਸੂਬਿਆਂ ਦੀ ਮੁੱਖਧਾਰਾ ਦਾ ਇਕ ਅੰਗ ਬਣ ਕੇ ਵਿਚਰਨਾ ਪੈਂਦਾ ਹੈ। ਅਜਿਹਾ ਕਰਨਾ ਜ਼ਰੂਰੀ ਵੀ ਹੈ। ਪਰ ਭਾਈਚਾਰੇ ਦੇ ਇਨ੍ਹਾਂ ਲੋਕਾਂ ਦੀ ਸਮੱਸਿਆ ਇਹ ਹੈ ਕਿ ਪੰਜਾਬੀ ਦੀ ਪੜ੍ਹਾਈ ਦਾ ਬਾਹਰਲੇ ਸੂਬਿਆਂ ਵਿਚ ਉਚਿਤ ਪ੍ਰਬੰਧ ਨਾ ਹੋਣ ਕਾਰਨ ਇਨ੍ਹਾਂ ਪਰਿਵਾਰਾਂ ਦੇ ਨੌਜਵਾਨ ਪੰਜਾਬੀ ਸੱਭਿਆਚਾਰ ਅਤੇ ਇਥੋਂ ਤੱਕ ਕਿ ਆਪਣੀਆਂ ਧਾਰਮਿਕ ਸਿੱਖਿਆਵਾਂ ਤੋਂ ਵੀ ਦੂਰ ਹੁੰਦੇ ਜਾ ਰਹੇ ਹਨ। ਕੁਝ ਸੂਬਿਆਂ ਵਿਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਆਪਣੇ ਵਿੱਦਿਅਕ ਅਦਾਰੇ ਕਾਇਮ ਕਰਕੇ ਆਪਣੀ ਅਗਲੀ ਪੀੜ੍ਹੀ ਨੂੰ ਪੰਜਾਬੀ ਜ਼ਬਾਨ, ਪੰਜਾਬੀ ਸੱਭਿਆਚਾਰ ਅਤੇ ਆਪਣੇ ਇਤਿਹਾਸ ਤੇ ਵਿਰਸੇ ਨਾਲ ਜੋੜਨ ਦੇ ਯਤਨ ਕੀਤੇ ਹਨ, ਪਰ ਸਾਰੀਆਂ ਥਾਵਾਂ 'ਤੇ ਅਜਿਹਾ ਨਹੀਂ ਹੈ। ਇਸ ਕਾਰਨ ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਵਿਚ ਪੰਜਾਬੀ ਜ਼ਬਾਨ ਅਤੇ ਪੰਜਾਬੀ ਸੱਭਿਆਚਾਰ ਨੂੰ ਵਧੇਰੇ ਖੋਰਾ ਲੱਗ ਰਿਹਾ ਹੈ।

ਦਹਾਕਿਆਂ ਤੋਂ ਪ੍ਰਵਾਸ ਦੇ ਚੱਲ ਰਹੇ ਅਮਲ ਕਾਰਨ ਦੁਨੀਆ ਦੇ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਪੰਜਾਬੀ ਭਾਈਚਾਰੇ ਦੇ ਲੋਕ ਚੋਖੀ ਗਿਣਤੀ ਵਿਚ ਜਾ ਵਸੇ ਹਨ। ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਹੋਰ ਦੇਸ਼ਾਂ ਵਿਚ ਪੰਜਾਬੀਆਂ ਦੀ ਆਬਾਦੀ ਉੱਭਰਵੇਂ ਰੂਪ ਵਿਚ ਨਜ਼ਰ ਆ ਰਹੀ ਹੈ। ਇਨ੍ਹਾਂ ਵਿਕਸਿਤ ਦੇਸ਼ਾਂ ਵਿਚ ਜਾ ਕੇ ਪੰਜਾਬੀਆਂ ਨੇ ਸਖ਼ਤ ਮਿਹਨਤ ਕੀਤੀ ਹੈ। ਆਪਣੇ ਲਈ ਖੁਸ਼ਹਾਲੀ ਪੈਦਾ ਕੀਤੀ ਹੈ ਅਤੇ ਇਸ ਦੇ ਨਾਲ ਹੀ ਉਥੋਂ ਦੇ ਰਾਜਨੀਤਕ ਅਤੇ ਸਮਾਜਿਕ ਜੀਵਨ ਵਿਚ ਵੀ ਆਪਣੇ ਲਈ ਸਨਮਾਨਜਨਕ ਸਥਾਨ ਬਣਾਇਆ ਹੈ। ਕੈਨੇਡਾ ਅਤੇ ਬਰਤਾਨੀਆ ਵਿਚ ਤਾਂ ਪੰਜਾਬੀਆਂ ਨੇ ਆਪਣੇ-ਆਪ ਨੂੰ ਰਾਜਨੀਤਕ ਖੇਤਰ ਵਿਚ ਵੀ ਕਾਫ਼ੀ ਹੱਦ ਤੱਕ ਸਥਾਪਿਤ ਕਰ ਲਿਆ ਹੈ। ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚ ਵੀ ਹੌਲੀ-ਹੌਲੀ ਪੰਜਾਬੀਆਂ ਦੀ ਰਾਜਨੀਤਕ ਖੇਤਰਾਂ ਵਿਚ ਸ਼ਮੂਲੀਅਤ ਅਤੇ ਦਿਲਚਸਪੀ ਵਧਦੀ ਜਾ ਰਹੀ ਹੈ। ਪਰ ਇਨ੍ਹਾਂ ਦੇਸ਼ਾਂ ਵਿਚ ਵਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਲਈ ਵੀ ਵੱਡੀ ਸਮੱਸਿਆ ਇਹ ਹੈ ਕਿ ਆਪਣੀ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ, ਵਿਰਸੇ, ਸੱਭਿਆਚਾਰ, ਧਰਮ ਅਤੇ ਪੰਜਾਬੀ ਜ਼ਬਾਨ ਨਾਲ ਜੋੜ ਕੇ ਕਿਵੇਂ ਰੱਖਣ? ਵਿਕਸਿਤ ਦੇਸ਼ਾਂ ਵਿਚ ਵਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਦਾ ਵੱਡਾ ਹਿੱਸਾ ਇਹ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਹੌਲੀ-ਹੌਲੀ ਉਨ੍ਹਾਂ ਦੇਸ਼ਾਂ ਦੀ ਮੁੱਖ ਧਾਰਾ ਦਾ ਹਿੱਸਾ ਹੀ ਬਣ ਕੇ ਰਹਿ ਜਾਣਗੀਆਂ ਅਤੇ ਪੰਜਾਬੀ ਜ਼ਬਾਨ ਅਤੇ ਪੰਜਾਬੀ ਵਿਰਸੇ ਨਾਲੋਂ ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਦਾ ਨਾਤਾ ਟੁੱਟ ਜਾਏਗਾ। ਉਨ੍ਹਾਂ ਦੇ ਤੌਖ਼ਲੇ ਗ਼ਲਤ ਨਹੀਂ ਹਨ। ਹੌਲੀ-ਹੌਲੀ ਅਜਿਹਾ ਵਾਪਰ ਵੀ ਰਿਹਾ ਹੈ।

ਦੇਸ਼-ਵਿਦੇਸ਼ ਵਿਚ ਵਸਦੇ ਪੰਜਾਬੀ ਭਾਈਚਾਰੇ ਦੀਆਂ ਉਪਰੋਕਤ ਸਥਿਤੀਆਂ ਇਹ ਮੰਗ ਕਰਦੀਆਂ ਹਨ ਕਿ ਪੰਜਾਬੀ ਭਾਈਚਾਰਾ ਆਪਣੇ ਸਮੁੱਚੇ ਸਰੋਕਾਰਾਂ ਬਾਰੇ ਸੁਚੇਤ ਹੋਵੇ। ਅਜੋਕੇ ਸਮੇਂ ਵਿਚ ਦੇਸ਼ ਅੰਦਰ ਅਤੇ ਦੇਸ਼ ਤੋਂ ਬਾਹਰ ਜੋ ਵੀ ਵਿਕਾਸ ਦੇ ਅਵਸਰ ਉਸ ਨੂੰ ਮਿਲਦੇ ਹਨ, ਉਨ੍ਹਾਂ ਤੋਂ ਪੂਰਾ-ਪੂਰਾ ਲਾਭ ਉਠਾਵੇ ਅਤੇ ਇਸ ਦੇ ਨਾਲ ਹੀ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਪੰਜਾਬੀ ਸੱਭਿਆਚਾਰ, ਪੰਜਾਬੀ ਜ਼ਬਾਨ ਅਤੇ ਪੰਜਾਬੀ ਜੀਵਨ-ਦਰਸ਼ਨ ਨਾਲ ਜੋੜਨ ਲਈ ਠੋਸ ਕਦਮ ਉਠਾਵੇ। ਸਾਡੇ ਵਿਚਾਰ ਅਨੁਸਾਰ ਦੇਸ਼ ਅਤੇ ਦੇਸ਼ ਤੋਂ ਬਾਹਰ ਪੰਜਾਬੀ ਭਾਈਚਾਰੇ ਨੂੰ ਆਪਣੇ ਵਿਕਾਸ ਅਤੇ ਆਪਣੇ ਵਿਰਸੇ ਨੂੰ ਸੁਰੱਖਿਅਤ ਰੱਖਣ ਲਈ ਹੇਠ ਲਿਖੇ ਕਦਮ ਚੁੱਕਣੇ ਚਾਹੀਦੇ ਹਨ।

• ਪੰਜਾਬ ਵਿਚ ਖੇਤੀਬਾੜੀ ਦੇ ਸੰਕਟ ਨੂੰ ਹੱਲ ਕਰਨ ਲਈ ਸਰਕਾਰਾਂ ਵਲੋਂ ਠੋਸ ਪਹਿਲਕਦਮੀ ਕੀਤੀ ਜਾਏ। ਖੇਤੀ ਨੂੰ ਮੁੜ ਤੋਂ ਲਾਭਕਾਰੀ ਬਣਾਉਣ ਲਈ ਨਾ ਕੇਵਲ ਕਿਸਾਨਾਂ ਨੂੰ ਫ਼ਸਲਾਂ ਦੇ ਯੋਗ ਭਾਅ ਦਿੱਤੇ ਜਾਣ, ਸਗੋਂ ਖੇਤੀ ਲਾਗਤਾਂ ਘਟਾਉਣ ਅਤੇ ਲੋਕਾਂ ਨੂੰ ਸਿਹਤਮੰਦ ਖੁਰਾਕ ਮੁਹੱਈਆ ਕਰਨ ਲਈ ਕੁਦਰਤੀ ਖੇਤੀ ਦਾ ਵੀ ਪ੍ਰਚਾਰ-ਪ੍ਰਸਾਰ ਕੀਤਾ ਜਾਏ। ਰਾਜ ਵਿਚ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਵਾਸਤੇ ਵੱਧ ਤੋਂ ਵੱਧ ਖੇਤੀ ਆਧਾਰਿਤ ਸਨਅਤਾਂ ਲਾਈਆਂ ਜਾਣ :

• ਰਾਜ ਦੀਆਂ ਸਨਅਤਾਂ ਨੂੰ ਦੇਸ਼ ਦੀਆਂ ਹੋਰ ਸਨਅਤਾਂ ਦੇ ਮੁਕਾਬਲੇ ਵਿਚ ਖੜ੍ਹੇ ਕਰਨ ਲਈ ਜਿਸ ਤਰ੍ਹਾਂ ਰਾਜ ਦੇ ਗੁਆਂਢੀ ਪਹਾੜੀ ਰਾਜਾਂ ਨੂੰ ਸਨਅਤੀ ਵਿਕਾਸ ਲਈ ਵਿਸ਼ੇਸ਼ ਸਹੂਲਤਾਂ ਦਿੱਤੀਆਂ ਗਈਆਂ ਹਨ, ਉਸੇ ਤਰ੍ਹਾਂ ਦੀਆਂ ਸਹੂਲਤਾਂ ਪੰਜਾਬ ਨੂੰ ਸਰਹੱਦੀ ਰਾਜ ਹੋਣ ਕਾਰਨ ਦਿੱਤੀਆਂ ਜਾਣ, ਤਾਂ ਜੋ ਰਾਜ ਵਿਚੋਂ ਸਨਅਤਾਂ ਦੀ ਹਿਜਰਤ ਨੂੰ ਰੋਕਿਆ ਜਾ ਸਕੇ।

• ਰਾਜ ਵਿਚ ਸਰਕਾਰੀ ਖੇਤਰ ਦੀਆਂ ਸਿੱਖਿਆ ਸੰਸਥਾਵਾਂ ਨੂੰ ਸਮੇਂ ਦੀਆਂ ਹਾਣੀ ਬਣਾਉਣ ਲਈ ਵੱਡੇ ਪੂੰਜੀ ਨਿਵੇਸ਼ ਦੀ ਜ਼ਰੂਰਤ ਹੈ, ਖ਼ਾਸ ਕਰਕੇ ਸਰਕਾਰੀ ਸਿੱਖਿਆ ਸੰਸਥਾਵਾਂ ਲਈ ਬਿਹਤਰ ਇਮਾਰਤਾਂ, ਫਰਨੀਚਰ ਅਤੇ ਸਿੱਖਿਆ ਲਈ ਲੋੜੀਂਦੀ ਹੋਰ ਸਮੱਗਰੀ ਮੁਹੱਈਆ ਕਰਨ ਦੀ ਬੇਹੱਦ ਜ਼ਰੂਰਤ ਹੈ ਤਾਂ ਜੋ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਲਈ ਸਸਤੀ ਅਤੇ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

• ਰਾਜ ਦੀਆਂ ਸਿਹਤ ਸੇਵਾਵਾਂ ਨੂੰ ਵੀ ਮੁੜ ਤੋਂ ਬਹਾਲ ਕਰਨ ਦੀ ਜ਼ਰੂਰਤ ਹੈ, ਕਿਉਂਕਿ ਇਨ੍ਹਾਂ ਦੇ ਕੰਮ-ਕਾਰ ਵਿਚ ਬੇਹੱਦ ਨਿਘਾਰ ਆ ਚੁੱਕਾ ਹੈ। ਸਰਕਾਰੀ ਹਸਪਤਾਲਾਂ ਵਿਚ ਨਾ ਤਾਂ ਲੋੜੀਂਦੇ ਡਾਕਟਰ ਹਨ ਅਤੇ ਨਾ ਹੀ ਲੋੜਵੰਦਾਂ ਨੂੰ ਦਵਾਈਆਂ ਮਿਲਦੀਆਂ ਹਨ। ਪਿਛਲੇ ਦਹਾਕਿਆਂ ਵਿਚ ਖੇਤੀ ਉਤਪਾਦਨ ਲਈ ਕੀਟਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਦੀ ਵੱਡੀ ਪੱਧਰ 'ਤੇ ਹੋਈ ਵਰਤੋਂ ਕਾਰਨ ਵਾਤਾਵਰਨ ਵਿਚ ਵੱਡਾ ਵਿਗਾੜ ਆਇਆ ਹੈ ਤੇ ਉਸ ਕਾਰਨ ਰਾਜ ਦੇ ਲੋਕ ਕੈਂਸਰ, ਕਾਲਾ ਪੀਲੀਆ, ਗੁਰਦੇ ਫੇਲ੍ਹ ਹੋਣ, ਹਾਰਟ ਅਟੈਕ ਅਤੇ ਸ਼ੂਗਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਵੱਡੀ ਪੱਧਰ 'ਤੇ ਸ਼ਿਕਾਰ ਹੋ ਰਹੇ ਹਨ। ਗ਼ਰੀਬ ਪਰਿਵਾਰਾਂ ਦੇ ਲੋਕਾਂ ਲਈ ਮਹਿੰਗੇ ਗ਼ੈਰ-ਸਰਕਾਰੀ ਹਸਪਤਾਲਾਂ ਵਿਚ ਇਲਾਜ ਕਰਾਉਣਾ ਬੇਹੱਦ ਕਠਿਨ ਹੈ। ਇਸ ਕਾਰਨ ਵੀ ਗ਼ਰੀਬ ਪਰਿਵਾਰਾਂ ਦੀ ਗ਼ਰੀਬੀ ਵਿਚ ਹੋਰ ਵਾਧਾ ਹੋ ਰਿਹਾ ਹੈ। ਰਾਜ ਦੇ ਲੋੜਵੰਦ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਸਰਕਾਰੀ ਹਸਪਤਾਲਾਂ ਅਤੇ ਦਿਹਾਤੀ ਕੇਂਦਰਾਂ ਦੇ ਸਿਹਤ ਕੇਂਦਰਾਂ ਦੀ ਹਾਲਤ ਸੁਧਾਰਨੀ ਬੇਹੱਦ ਜ਼ਰੂਰੀ ਹੈ।

• ਰਾਜ ਵਿਚ ਪਿਛਲੇ ਕਈ ਦਹਾਕਿਆਂ ਤੋਂ ਝੋਨੇ ਦੀ ਖੇਤੀ ਹੁੰਦੀ ਆ ਰਹੀ ਹੈ। ਇਸ ਕਾਰਨ ਧਰਤੀ ਹੇਠਲੇ ਪਾਣੀ ਦੀ ਪੱਧਰ ਬੇਹੱਦ ਨੀਵੀਂ ਚਲੇ ਗਈ ਹੈ। ਜੇਕਰ ਇਹੀ ਸਿਲਸਿਲਾ ਜਾਰੀ ਰਿਹਾ ਤਾਂ ਆਉਣ ਵਾਲੇ 8-10 ਸਾਲਾਂ ਵਿਚ ਖੇਤੀ ਸਨਅਤਾਂ ਅਤੇ ਹੋਰ ਕੰਮਾਂ ਲਈ ਪਾਣੀ ਤਾਂ ਕੀ ਮਿਲਣਾ ਹੈ, ਲੋਕਾਂ ਨੂੰ ਪੀਣ ਵਾਲੇ ਪਾਣੀ ਦੇ ਸੰਕਟ ਦਾ ਵੀ ਸਾਹਮਣਾ ਕਰਨਾ ਪਵੇਗਾ। ਕੇਂਦਰ ਸਰਕਾਰ ਨੂੰ ਪੰਜਾਬ ਦੀ ਖੇਤੀ ਨੂੰ ਨਵੀਂ ਦਿਸ਼ਾ ਦੇਣ ਲਈ ਰਾਜ ਸਰਕਾਰ ਦੀ ਵਿਸ਼ੇਸ਼ ਤੌਰ 'ਤੇ ਸਹਾਇਤਾ ਕਰਨੀ ਚਾਹੀਦੀ ਹੈ। ਕਿਉਂਕਿ ਜਦੋਂ ਦੇਸ਼ ਨੂੰ ਅਨਾਜ ਦੀ ਲੋੜ ਸੀ ਤਾਂ ਕਣਕ-ਝੋਨੇ ਦੇ ਦੋ ਫ਼ਸਲੀ ਚੱਕਰ ਵੱਲ ਸਮੇਂ ਦੀਆਂ ਕੇਂਦਰੀ ਸਰਕਾਰਾਂ ਨੇ ਹੀ ਪੰਜਾਬ ਨੂੰ ਧਕੇਲਿਆ ਹੈ। ਹੁਣ ਇਸ ਸੰਕਟ ਵਿਚੋਂ ਬਾਹਰ ਕੱਢਣ ਲਈ ਵੀ ਕੇਂਦਰ ਸਰਕਾਰ ਨੂੰ ਪੰਜਾਬ ਲਈ ਇਕ ਵੱਖਰਾ ਖੇਤੀ ਮਾਡਲ ਤਿਆਰ ਕਰਕੇ ਰਾਜ ਦੀ ਸਹਾਇਤਾ ਨਾਲ ਉਸ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ।

• ਪੰਜਾਬੀ ਸੂਬਾ ਕਿਉਂਕਿ ਪੰਜਾਬੀ ਜ਼ਬਾਨ ਦੇ ਨਾਂਅ 'ਤੇ ਹੋਂਦ ਵਿਚ ਆਇਆ ਹੈ। ਇਸ ਦੀ ਪੰਜਾਬੀ ਜ਼ਬਾਨ ਦੇ ਆਧਾਰ 'ਤੇ ਪਛਾਣ ਨੂੰ ਕਾਇਮ ਰੱਖਣਾ ਰਾਜ ਦੀ ਹਰ ਸਰਕਾਰ ਦਾ ਅਹਿਮ ਫ਼ਰਜ਼ ਹੋਣਾ ਚਾਹੀਦਾ ਹੈ। ਉਂਜ ਵੀ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਆਪਣੀ ਜ਼ਬਾਨ ਵਿਚ ਹਾਸਲ ਕਰਨਾ ਕਿਸੇ ਵੀ ਆਜ਼ਾਦ ਦੇਸ਼ ਦੇ ਲੋਕਾਂ ਦਾ ਕੁਦਰਤੀ ਅਧਿਕਾਰ ਹੁੰਦਾ ਹੈ। ਇਸ ਲਈ ਰਾਜ ਸਰਕਾਰ ਨੂੰ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿਚ ਪੰਜਾਬੀ ਨੂੰ ਉਸ ਦਾ ਬਣਦਾ ਯੋਗ ਸਥਾਨ

Sri Satguru Jagjit Singh Ji eLibrary NamdhariElibrary@gmail.com

ਦੇਣ ਲਈ ਦ੍ਰਿੜ੍ਹ ਇੱਛਾ ਨਾਲ ਕੰਮ ਕਰਨਾ ਚਾਹੀਦਾ ਹੈ। 2008 ਵਿਚ ਬਣਾਏ ਗਏ ਰਾਜ ਭਾਸ਼ਾ ਐਕਟ ਅਤੇ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਪੜ੍ਹਾਈ ਸਬੰਧੀ ਬਣਾਏ ਗਏ ਐਕਟ ਨੂੰ ਰਾਜ ਸਰਕਾਰ ਵਲੋਂ ਦ੍ਰਿੜ੍ਹਤਾ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਦੋਵਾਂ ਐਕਟਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਪ੍ਰਭਾਵੀ ਸਜ਼ਾਵਾਂ ਦੇਣ ਲਈ ਇਨ੍ਹਾਂ ਐਕਟਾਂ ਵਿਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਮੁੱਚੇ ਤੌਰ 'ਤੇ ਵੱਖ-ਵੱਖ ਖੇਤਰਾਂ ਵਿਚ ਪੰਜਾਬ ਦੇ ਭਾਸ਼ਾਈ ਅਤੇ ਸੱਭਿਆਚਾਰਕ ਹਿਤਾਂ ਦੀ ਰੱਖਿਆ ਅਤੇ ਪ੍ਰਚਾਰ-ਪ੍ਰਸਾਰ ਲਈ ਇਕ ਰਾਜ ਭਾਸ਼ਾਈ ਕਮਿਸ਼ਨ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਇਹ ਚੰਗੀ ਗੱਲ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਰਾਜ ਲਈ ਲੰਮੇ ਸਮੇਂ ਬਾਅਦ ਇਕ ਸੱਭਿਆਚਾਰਕ ਨੀਤੀ ਤਿਆਰ ਕਰਵਾਈ ਹੈ। ਇਸ ਨੀਤੀ ਨੂੰ ਅਮਲ ਵਿਚ ਲਿਆਉਣ ਲਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ ਅਤੇ ਇਸ ਦੇ ਨਾਲ-ਨਾਲ ਲੱਚਰ ਗਾਇਕੀ ਨੂੰ ਨਕੇਲ ਪਾਉਣ ਲਈ ਵੀ ਇਸ ਸੱਭਿਆਚਾਰਕ ਨੀਤੀ ਵਿਚ ਸੋਧ ਕਰਕੇ ਲੋੜੀਂਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ।

- ਪੰਜਾਬ ਤੋਂ ਬਾਹਰ ਦੇਸ਼ ਦੇ ਹੋਰ ਸੂਬਿਆਂ ਵਿਚ ਵਸਦੇ ਪੰਜਾਬੀਆਂ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਆਪਣੀ ਜ਼ਬਾਨ, ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਅਤੇ ਇਥੋਂ ਤੱਕ ਕਿ ਆਪਣੀ ਧਾਰਮਿਕ ਵਿਰਾਸਤ ਨਾਲ ਜੋੜੀ ਰੱਖਣ ਲਈ ਖ਼ੁਦ ਯਤਨਸ਼ੀਲ ਹੋਣਾ ਪਵੇਗਾ ਅਤੇ ਇਸ ਸੰਦਰਭ ਵਿਚ ਆਪਣੀਆਂ ਅਗਲੀਆਂ ਪੀੜ੍ਹੀਆਂ ਦੀ ਸਿੱਖਿਆ-ਦਿੱਖਿਆ ਲਈ ਵਿਦੇਸ਼ਾਂ ਵਿਚ ਖ਼ੁਦ ਵਿੱਦਿਅਕ ਅਦਾਰੇ ਕਾਇਮ ਕਰਨੇ ਪੈਣਗੇ ਜਾਂ ਫਿਰ ਆਪਣੇ ਰਾਜਨੀਤਕ ਪ੍ਰਭਾਵਾਂ ਦੀ ਵਰਤੋਂ ਕਰਦਿਆਂ ਉਥੋਂ ਦੀਆਂ ਸਰਕਾਰਾਂ ਤੋਂ ਅਜਿਹੇ ਅਦਾਰੇ ਕਾਇਮ ਕਰਵਾਉਣੇ ਪੈਣਗੇ।

- ਪੰਜਾਬੀ ਭਾਈਚਾਰੇ ਲਈ ਅਤੇ ਸਮੁੱਚੇ ਤੌਰ 'ਤੇ ਦੇਸ਼ ਦੇ ਧਰਮ-ਨਿਰਪੱਖ ਅਤੇ ਜਮਹੂਰੀ ਖਿਆਲਾਂ ਦੇ ਲੋਕਾਂ ਲਈ ਇਕ ਹੋਰ ਵੀ ਨਵੀਂ ਚੁਣੌਤੀ ਉੱਭਰ ਰਹੀ ਹੈ, ਜਿਸ ਵੱਲ ਪੰਜਾਬੀ ਭਾਈਚਾਰੇ ਨੂੰ ਧਿਆਨ ਦੇਣਾ ਪਵੇਗਾ। ਪੰਜਾਬੀ ਭਾਈਚਾਰੇ ਦਾ ਜੀਵਨ ਦਰਸ਼ਨ ਵਧੇਰੇ ਕਰਕੇ ਗੁਰਮਤਿ, ਸੂਫ਼ੀਮਤ ਅਤੇ ਭਗਤੀ ਲਹਿਰ ਦੇ ਸੰਤਾਂ ਦੀ ਵਿਚਾਰਧਾਰਾ 'ਤੇ ਆਧਾਰਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਤਿੰਨਾਂ ਧਾਰਾਵਾਂ ਨੂੰ ਵਿਸ਼ੇਸ਼ ਤੌਰ 'ਤੇ ਸਥਾਨ ਮਿਲਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿਸ਼ਵ ਵਿਆਪੀ ਦ੍ਰਿਸ਼ਟੀਕੋਣ ਦੀਆਂ ਧਾਰਨੀ ਹੋਣ ਕਾਰਨ ਪਿਛਲੀਆਂ ਸਦੀਆਂ ਵਿਚ ਵੀ ਪ੍ਰਸੰਗਿਕ ਰਹੀਆਂ ਹਨ ਅਤੇ ਪੰਜਾਬੀ ਭਾਈਚਾਰੇ ਅਤੇ ਸਮੁੱਚੀ ਮਾਨਵਤਾ ਨੂੰ ਰਾਹ ਦਰਸਾਉਂਦੀਆਂ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਇਹ ਸਿੱਖਿਆਵਾਂ ਪ੍ਰਸੰਗਿਕ ਹੀ ਰਹਿਣਗੀਆਂ। ਇਹ ਸਿੱਖਿਆਵਾਂ ਸਾਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਨੂੰ ਮੰਨਣ ਅਤੇ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਦੀ ਕਦਰ ਕਰਨ ਅਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਰਹਿਣ ਦੀ ਪ੍ਰੇਰਨਾ ਦਿੰਦੀਆਂ ਹਨ। ਪਰ ਪਿਛਲੇ ਕੁਝ ਸਮੇਂ ਤੋਂ ਦੇਸ਼ ਵਿਚ ਧਰਮਾਂ ਅਤੇ ਜਾਤਾਂ ਦੇ ਆਧਾਰ 'ਤੇ ਅਸਹਿਣਸ਼ੀਲਤਾ ਵਧਦੀ ਜਾ ਰਹੀ ਹੈ, ਜਿਸ ਕਾਰਨ ਦੇਸ਼ ਦੀਆਂ ਘੱਟ-ਗਿਣਤੀਆਂ ਅਤੇ ਦੱਬੇ-ਕੁਚਲੇ ਲੋਕ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗੇ ਹਨ। ਮੁਗ਼ਲ ਕਾਲ ਵਿਚ ਪੈਦਾ ਹੋਈਆਂ ਇਹੋ ਜਿਹੀਆਂ ਸਥਿਤੀਆਂ ਵਿਚ ਗੁਰੂ ਸਾਹਿਬਾਨ ਨੇ ਆਪਣੀ ਕਰਨੀ ਅਤੇ ਕਥਨੀ ਰਾਹੀਂ ਉਸ ਸਮੇਂ ਦੇ ਸਮਾਜ ਦੀ ਅਗਵਾਈ ਕੀਤੀ ਸੀ। ਦੱਬੇ-ਕੁਚਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਸਨ। ਪੈਦਾ ਹੋ ਰਹੀਆਂ ਅਜੋਕੀਆਂ ਸਥਿਤੀਆਂ ਵਿਚ ਪੰਜਾਬੀ ਭਾਈਚਾਰੇ ਨੇ ਆਪਣੇ ਸਰਬੱਤ ਦੇ ਭਲੇ ਦੇ ਜੀਵਨ ਦਰਸ਼ਨ ਦੀ ਰੋਸ਼ਨੀ ਵਿਚ ਕਿਹੋ ਜਿਹਾ ਰੋਲ ਅਦਾ ਕਰਨਾ ਹੈ, ਆਉਣ ਵਾਲੇ ਸਮੇਂ ਵਿਚ ਪੰਜਾਬੀ ਭਾਈਚਾਰੇ ਨੂੰ ਇਸ ਸਬੰਧ ਵਿਚ ਵੀ ਗਹਿਰੀ ਸੋਚ ਵਿਚਾਰ ਕਰਨੀ ਪਵੇਗੀ।

ਅਸੀਂ ਆਪਣੀ ਗੱਲ ਪੰਜਾਬੀ ਦੇ ਉੱਘੇ ਸ਼ਾਇਰ ਸੁਰਜੀਤ ਪਾਤਰ ਦੀਆਂ ਇਨ੍ਹਾਂ ਲਾਈਨਾਂ ਨਾਲ ਖ਼ਤਮ ਕਰਦੇ ਹਾਂ—

ਇਹ ਪੰਜਾਬ ਕੋਈ ਨਿਰਾ ਜੌਗਰਾਫੀਆ ਨਹੀਂ
ਇਕ ਰੀਤ, ਇਕ ਗੀਤ, ਇਤਿਹਾਸ ਵੀ ਹੈ।
ਗੁਰੂਆਂ ਰਿਸ਼ੀਆਂ ਤੇ ਸੂਫ਼ੀਆਂ ਸਿਰਜਿਆ ਹੈ
ਇਹ ਇਕ ਫਲਸਫ਼ਾ ਸੋਚ ਅਹਿਸਾਸ ਵੀ ਹੈ।
ਕਿੰਨੇ ਝੱਖੜਾਂ ਤੂਫ਼ਾਨਾਂ 'ਚੋਂ ਲੰਘਿਆ ਹੈ
ਇਸ ਦਾ ਮੁਖੜਾ ਕੁਝ-ਕੁਝ ਉਦਾਸ ਵੀ ਹੈ।
ਇਕ ਦਿਨ ਸ਼ਾਨ ਇਸ ਦੀ ਸੂਰਜ ਵਾਂਗ ਚਮਕੂ
ਮੇਰੀ ਆਸ ਵੀ ਹੈ ਅਰਦਾਸ ਵੀ ਹੈ।

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਭਾਸ਼ਾ ਨੂੰ ਕਿੰਨਾ ਕੁ ਖਤਰਾ ?

✍-ਜੋਗਾ ਸਿੰਘ (ਡਾ.)

ਅੰਗਰੇਜ਼ਾਂ ਦੇ ਭਾਰਤ ਛੱਡਣ ਤੋਂ 72 ਸਾਲ ਬਾਅਦ ਵੀ ਭਾਰਤ ਵਿੱਚ ਹਾਲੇ ਉਹਨਾਂ ਮੁੱਦਿਆਂ 'ਤੇ ਬਹਿਸ ਕਰਨੀ ਪੈ ਰਹੀ ਹੈ, ਜਿਹੜੇ ਮੁੱਦੇ ਸੁਤੰਤਰਤਾ ਅੰਦੋਲਨ ਦੇ ਆਗੂ ਅਜ਼ਾਦੀ ਤੋਂ ਪਹਿਲਾਂ ਹੀ ਨਜਿੱਠ ਚੁੱਕੇ ਸਨ ਅਤੇ ਉਹਨਾਂ 'ਤੇ ਸਪੱਸ਼ਟ ਨੀਤੀਆਂ ਦਾ ਐਲਾਨ ਕਰ ਚੁੱਕੇ ਸਨ। ਇਹਨਾਂ ਨੀਤੀਆਂ ਵਿਚੋਂ ਇੱਕ ਖੇਤਰ ਭਾਸ਼ਾ ਨੀਤੀ ਦਾ ਸੀ। ਕਾਂਗਰਸ ਪਾਰਟੀ ਨੇ 1929 ਵਿੱਚ ਆਪਣੇ ਲਾਹੌਰ ਸੈਸ਼ਨ ਵਿੱਚ ਹੀ ਇਸ ਬਾਰੇ ਸਪੱਸ਼ਟ ਐਲਾਨ ਕੀਤਾ ਸੀ ਕਿ ਅਜ਼ਾਦੀ ਤੋਂ ਬਾਅਦ ਭਾਰਤ ਵਿੱਚ ਮਾਤ ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰਸ਼ਾਸਨ ਦਾ ਅਧਾਰ ਬਣਾਇਆ ਜਾਵੇਗਾ ਅਤੇ ਭਾਰਤੀ ਭਾਸ਼ਾਵਾਂ ਨੂੰ ਉਚੇਰੇ ਤੋਂ ਉਚੇਰੇ ਕਾਰਜਾਂ ਦੇ ਸਮਰੱਥ ਬਨਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ।

ਸ਼ਹੀਦ ਭਗਤ ਸਿੰਘ ਤਾਂ 15 ਸਾਲ ਦੀ ਉਮਰ ਵਿੱਚ ਹੀ ਇਹ ਸਮਝ ਪ੍ਰਾਪਤ ਕਰ ਚੁੱਕੇ ਸਨ ਅਤੇ ਲਿਖ ਚੁੱਕੇ ਸਨ ਕਿ 'ਪੰਜਾਬ ਵਿੱਚ ਪੰਜਾਬੀ ਭਾਸ਼ਾ ਤੋਂ ਬਿਨਾਂ ਅੱਗੇ ਨਹੀਂ ਵਧਿਆ ਜਾ ਸਕਦਾ'। ਗਾਂਧੀ ਜੀ ਨੇ ਤਾਂ 1938 ਵਿਚ ਹੀ ਸਪੱਸ਼ਟ ਕਿਹਾ ਸੀ ਕਿ "ਖੇਤਰੀ ਭਾਸ਼ਾਵਾਂ ਨੂੰ ਉਹਨਾਂ ਦੀ ਹੱਕੀ ਥਾਂ ਦੇਂਦੇ ਹੋਏ ਸਿੱਖਿਆ ਦਾ ਮਾਧਿਅਮ ਹਰ ਹਾਲਤ ਵਿਚ ਤੁਰੰਤ ਬਦਲਿਆ ਜਾਣਾ ਚਾਹੀਦਾ ਹੈ।" ਇਕ ਹੋਰ ਮੌਕੇ ਉਹਨਾਂ ਕਿਹਾ ਸੀ ਕਿ ਅੰਗਰੇਜ਼ੀ ਭਾਸ਼ਾ ਦੇ ਹੇਜ ਤੋਂ ਨਿਜਾਤ ਪਾਉਣਾ ਸਵਰਾਜ ਦੇ ਸਭ ਤੋਂ ਜ਼ਰੂਰੀ ਉਦੇਸ਼ਾਂ ਵਿਚੋਂ ਇਕ ਹੈ।"

ਅਜ਼ਾਦੀ ਤੋਂ ਬਾਅਦ ਕੁਝ ਭਾਰਤੀ ਭਾਸ਼ਾਵਾਂ ਦੇ ਵਿਕਾਸ ਲਈ ਕੁਝ ਯਤਨ ਵੀ ਹੋਏ ਤੇ ਇਸ ਦੇ ਸਿੱਖਿਆ ਆਦਿ ਵਿੱਚ ਚੰਗੇ ਨਤੀਜੇ ਵੀ ਪ੍ਰਾਪਤ ਹੋਏ। ਪਰ 1980ਵਿਆਂ ਦੇ ਆਸ-ਪਾਸ ਇਸ ਸਾਰੇ ਰੁਝਾਨ ਨੂੰ ਪੁੱਠਾ ਮੋੜਾ ਦਿੱਤਾ ਜਾਣ ਲੱਗਾ। 1990 ਤੋਂ ਬਾਅਦ ਤੋਂ ਤਾਂ ਅੰਗਰੇਜ਼ੀ ਭਾਸ਼ਾ ਨੇ ਭਾਰਤੀ ਮਾਤ ਭਾਸ਼ਾਵਾਂ ਨੂੰ ਸਿੱਖਿਆ 'ਚੋਂ ਬਾਹਰ ਹੀ ਕੱਢਣਾ ਸ਼ੁਰੂ ਕਰ ਦਿੱਤਾ ਹੈ। ਪਿਛਲੀ ਸਦੀ ਦੇ ਖਤਮ ਹੁੰਦਿਆਂ ਹੀ ਅਜਿਹੀਆਂ ਸਥਿਤੀਆਂ ਪੈਦਾ ਹੋ ਗਈਆਂ ਕਿ ਪੰਜਾਬੀ ਵਰਗੀ ਪੁਰਾਤਨ ਤੇ ਵਿਕਸਤ ਭਾਸ਼ਾ ਦੀ ਹੋਂਦ ਖਤਰੇ ਵਿਚ ਪੈਣ ਬਾਰੇ ਵੀ ਚਿੰਤਾ ਭਰੇ ਬਿਆਨ ਸਾਹਮਣੇ ਆਉਣ ਲੱਗੇ। 21ਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਕੁ 'ਚ ਅਖ਼ਬਾਰਾਂ ਵਿੱਚ ਅਜਿਹੇ ਬਿਆਨ ਛਪਣ ਲੱਗੇ ਕਿ ਸੰਜੁਗਤ ਰਾਸ਼ਟਰ ਸੰਘ ਦੀ ਸਿੱਖਿਆ, ਸੱਭਿਆਚਾਰ ਅਤੇ ਸਮਾਜੀ ਮਾਮਲਿਆਂ ਬਾਰੇ ਅਜੰਸੀ ਯੂਨੈਸਕੋ (UNESCO) ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਪੰਜਾਬੀ 50 ਸਾਲਾਂ ਵਿੱਚ ਲੋਪ ਹੋ ਜਾਣ ਵਾਲੀ ਹੈ।

ਯੂਨੈਸਕੋ ਨੇ ਪੰਜਾਬੀ ਬਾਰੇ ਤਾਂ ਅਜਿਹਾ ਕੋਈ ਬਿਆਨ ਨਹੀਂ ਸੀ ਦਿੱਤਾ, ਪਰ ਯੂਨੈਸਕੋ ਨੇ ਕੁਝ ਅਜਿਹੀਆਂ ਕਸੌਟੀਆਂ ਨਿਸਚਤ ਕੀਤੀਆਂ ਸਨ ਜਿਨ੍ਹਾਂ ਦੇ ਅਧਾਰ 'ਤੇ ਕਿਸੇ ਭਾਸ਼ਾ ਨੂੰ ਦਰਪੇਸ਼ ਖਤਰਿਆਂ ਬਾਰੇ ਵਿਗਿਆਨਕ ਢੰਗ ਨਾਲ ਨਿਰਣਾ ਕੀਤਾ ਜਾ ਸਕਦਾ ਹੈ'। ਇਹਨਾਂ ਕਸੌਟੀਆਂ ਦੇ ਅਧਾਰ 'ਤੇ ਹੀ ਸ਼ਾਇਦ ਇਹ ਪ੍ਰਭਾਵ ਬਣਿਆ ਸੀ ਕਿ ਪੰਜਾਬੀ ਭਾਸ਼ਾ ਦਾ ਭਵਿੱਖ ਚੰਗਾ ਨਹੀਂ। ਅਜਿਹੇ ਪ੍ਰਭਾਵ ਚੋਂ ਪੈਦਾ ਹੋਏ ਬਿਆਨਾਂ ਦੇ ਸਾਹਮਣੇ ਆਉਣ ਦੇ ਸਮੇਂ ਤੋਂ ਪੰਜਾਬੀ ਬਾਰੇ ਇਹ ਚਰਚਾ ਲਗਾਤਾਰ ਚੱਲ ਰਹੀ ਹੈ ਕਿ ਪੰਜਾਬੀ ਭਾਸ਼ਾ ਦਾ ਭਵਿੱਖ ਕੀ ਹੈ?

ਭਾਵੇਂ ਕਿ ਯੂਨੈਸਕੋ ਨੇ ਪੰਜਾਬੀ ਬਾਰੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਪਰ ਇਹ ਤੱਥ ਆਪਣੇ-ਆਪ ਵਿੱਚ ਬੜਾ ਮਹੱਤਵਪੂਰਨ ਹੈ ਕਿ ਪੰਜਾਬੀ ਬਾਰੇ ਅਜਿਹਾ ਪ੍ਰਭਾਵ ਬਣ ਸਕਦਾ ਹੈ ਕਿ ਪੰਜਾਬੀ ਨੂੰ ਵੀ ਯੂਨੈਸਕੋ ਦੀ ਭਾਸ਼ਾਵਾਂ ਦੇ ਲੋਪ ਹੋਣ ਬਾਰੇ ਸੂਚੀ ਨਾਲ ਜੋੜਿਆ ਜਾ ਸਕਦਾ ਹੋਵੇ।

ਸੋ, ਅਜਿਹੀ ਸਥਿਤੀ ਵਿੱਚ ਇਹ ਪੰਜਾਬੀ ਪਾਠਕਾਂ ਸਾਹਮਣੇ ਲਿਆਉਣਾ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਭਾਸ਼ਾ ਦੀ ਸਥਿਤੀ ਬਾਰੇ ਨਿਰਣਾ ਕਰਨ ਲਈ ਕੀ ਕਸੌਟੀਆਂ ਹਨ ਅਤੇ ਇਹਨਾਂ ਕਸੌਟੀਆਂ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਦੀ ਕੀ ਸਥਿਤੀ ਹੈ[2]।

ਕਿਸੇ ਭਾਸ਼ਾ ਦੇ ਤਕੜੀ ਜਾਂ ਕਮਜ਼ੋਰ ਅਵਸਥਾ ਦਾ ਪਤਾ ਲਾਉਣ ਲਈ ਯੂਨੈਸਕੋ ਦੇ 2003 ਵਿੱਚ ਛਾਪੇ ਦਸਤਾਵੇਜ਼ (ਭਾਸ਼ਾਈ ਪ੍ਰਾਣਸ਼ਕਤੀ ਅਤੇ ਖਤਰੇ ਦੀ ਅਵਸਥਾ) ਵਿੱਚ ਹੇਠਲੇ 9 ਕਾਰਕ ਦਿੱਤੇ ਗਏ ਹਨ, ਜਿਨ੍ਹਾਂ ਦੇ ਅਧਾਰ 'ਤੇ ਕਿਸੇ ਭਾਸ਼ਾ ਦੀ ਤਾਕਤ ਜਾਂ ਉਸ 'ਤੇ ਛਾਏ ਸੰਕਟ ਨੂੰ ਆਂਕਿਆ ਜਾ ਸਕਦਾ ਹੈ[3]।

Sri Satguru Jagjit Singh Ji eLibrary NamdhariElibrary@gmail.com

1. ਪੀੜ੍ਹੀ-ਦਰ-ਪੀੜ੍ਹੀ ਸੰਚਾਰ।
2. ਬੁਲਾਰਿਆਂ ਦੀ ਗਿਣਤੀ।
3. ਕੁੱਲ ਅਬਾਦੀ ਵਿੱਚ ਬੁਲਾਰਿਆਂ ਦਾ ਅਨੁਪਾਤ।
4. ਭਾਸ਼ਾਈ ਵਰਤੋਂ ਦੇ ਖੇਤਰਾਂ ਵਿੱਚ ਪਰਚਲਨ।
5. ਨਵੇਂ ਖੇਤਰਾਂ ਅਤੇ ਸੰਚਾਰ ਮਾਧਿਅਮਾਂ ਨੂੰ ਹੁੰਗਾਰਾ।
6. ਭਾਸ਼ਾਈ ਸਿੱਖਿਆ ਅਤੇ ਸਾਖਰਤਾ ਲਈ ਸਮੱਗਰੀ ਹਾਸਲ ਹੋਣਾ।
7. ਸਰਕਾਰਾਂ ਅਤੇ ਸੰਸਥਾਵਾਂ ਦਾ ਭਾਸ਼ਾ ਵੱਲ ਵਤੀਰਾ ਅਤੇ ਨੀਤੀਆਂ (ਸਰਕਾਰੀ ਰੁਤਬੇ ਅਤੇ ਵਰਤੋਂ ਸਮੇਤ)।
8. ਭਾਸ਼ਾਈ ਸਮੂਹ ਵੱਲੋਂ ਆਪਣੀ ਭਾਸ਼ਾ ਵੱਲ ਵਤੀਰਾ। 9. ਭੰਡਾਰੀਕਰਣ (documentation) ਦੀ ਕਿਸਮ ਤੇ ਗੁਣਵੱਤਾ

ਯੂਨੈਸਕੋ ਦੀ ਸੰਬੰਧਿਤ ਰਿਪੋਰਟ ਅਨੁਸਾਰ ਕਿਸੇ ਵੀ ਭਾਸ਼ਾ 'ਤੇ ਖਤਰੇ ਨੂੰ ਉਪਰਲੇ ਨੌ ਕਾਰਕਾਂ ਦੇ ਅਧਾਰ 'ਤੇ ਹੇਠਲੇ ਛੇ ਦਰਜਿਆਂ ਵਿੱਚ ਵੰਡਿਆ ਜਾ ਸਕਦਾ ਹੈ (ਵੇਖੋ, ਯੂਨੈਸਕੋ 2003:8):

1. ਲੋਪ ਹੋਣ ਦਾ ਕੋਈ ਖਤਰਾ ਨਹੀਂ। 2. ਲੋਪ ਹੋਣ ਦਾ ਖਤਰਾ ਹੈ। 3. ਲੋਪ ਹੋਣ ਦਾ ਗੰਭੀਰ ਖਤਰਾ ਹੈ।
4. ਲੋਪ ਹੋਣ ਦਾ ਬਹੁਤ ਗੰਭੀਰ ਖਤਰਾ ਹੈ। 5. ਲੋਪ ਹੋਣ ਵਾਲੀ ਹੈ। 6. ਲੋਪ ਹੋ ਚੁੱਕੀ ਹੈ।

ਯੂਨੈਸਕੋ ਦੀ ਸੰਬੰਧਿਤ ਰਿਪੋਰਟ ਅਨੁਸਾਰ ਕਿਸੇ ਵੀ ਭਾਸ਼ਾ ਨੂੰ ਪਿੱਛੇ ਦਿੱਤੇ ਨੌ ਕਾਰਕਾਂ 'ਚੋਂ ਹਰ ਕਾਰਨ ਦੇ ਅਧਾਰ 'ਤੇ ਉਪਰਲੀਆਂ ਛੇ ਅਵਸਥਾਵਾਂ ਵਿਚੋਂ ਇੱਕ ਵਿੱਚ ਰੱਖਿਆ ਜਾ ਸਕਦਾ ਹੈ। ਸਬੰਧਤ ਕਾਰਕਾਂ ਅਤੇ ਸਬੰਧਤ ਅਵਸਥਾਵਾਂ ਦੀ ਅਨੁਸਾਰਤਾ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ ਅਤੇ ਇਹਨਾਂ ਅਧਾਰਾਂ 'ਤੇ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਆਂਕਿਆ ਗਿਆ ਹੈ।

ਸਾਰਣੀ ਕਾਰਕ-।: ਪੀੜ੍ਹੀ ਦਰ ਪੀੜ੍ਹੀ ਸੰਚਾਰ ਅਤੇ ਪੰਜਾਬੀ ਭਾਸ਼ਾ

ਕ੍ਰਮ ਅੰਕ	ਖਤਰੇ ਦਾ ਪੱਧਰ	ਦਰਜਾ	ਸੰਚਾਰ ਦੀ ਸਥਿਤੀ
1.1	ਲੋਪ ਹੋਣ ਦਾ ਕੋਈ ਖਤਰਾ ਨਹੀਂ	5	ਕੋਈ ਵੀ ਭਾਸ਼ਾ ਖਤਰੇ ਤੋਂ ਬਾਹਰ ਹੈ "ਜੇ ਸਾਰੀਆਂ ਪੀੜ੍ਹੀਆਂ ਉਸ ਦੀ ਵਰਤੋਂ ਰਹੀਆਂ ਹਨ ਅਤੇ ਕਿਸੇ ਹੋਰ ਭਾਸ਼ਾ ਦਾ ਦਾਖਲ ਨਹੀਂ ਹੈ।"
1.1.1	ਸਥਿਰ ਪਰ ਭਾਰੀ ਦਬਾਅ ਹੇਠ	4.5	ਇਹ ਉਹ ਅਵਸਥਾ ਹੈ ਜਦੋਂ ਸਾਰੀਆਂ ਪੀੜ੍ਹੀਆਂ ਸਾਰੇ ਖੇਤਰਾਂ ਵਿੱਚ ਸਬਧੰਤ ਭਾਸ਼ਾ ਦੀ ਵਰਤੋਂ ਕਰਦੀਆਂ ਹਨ ਪਰ "ਕੋਈ ਹੋਰ ਭਾਸ਼ਾ ਕੁਝ ਵਿਸ਼ੇਸ਼ ਖੇਤਰਾਂ ਨੂੰ ਹਥਿਆ ਚੁੱਕੀ ਹੈ।"
1.2	ਲੋਪ ਹੋਣ ਦਾ ਖਤਰਾ ਹੈ	4	"ਸਮੂਹ ਦੇ ਬਹੁਤੇ ਬੱਚੇ ਜਾਂ ਪਰਿਵਾਰ ਸਬੰਧਤ ਭਾਸ਼ਾ ਪਹਿਲੀ ਭਾਸ਼ਾ ਵੱਜੋਂ ਬੋਲਦੇ ਹਨ ਤੇ ਕੁਝ ਨਹੀਂ ਬੋਲਦੇ, ਪਰ ਇਹ ਵਰਤੋਂ ਕੁਝ ਵਿਸ਼ੇਸ਼ ਸਮਾਜੀ ਘੇਰਿਆਂ ਤੱਕ ਸੀਮਤ ਹੋ ਜਾਂਦੀ ਹੈ (ਜਿਵੇਂ ਕਿ ਪਰਿਵਾਰ ਵਿੱਚ)।"
1.3	ਲੋਪ ਹੋਣ ਗੰਭੀਰ ਖਤਰਾ	3	"ਬੱਚੇ ਘਰ ਵਿੱਚ ਆਪਣੀ ਭਾਸ਼ਾ ਸਿੱਖਣਾ ਬੰਦ ਕਰ ਚੁੱਕੇ ਹਨ। ਸਿਰਫ ਮਾਪੇ ਹੀ ਆਪਣੀ ਭਾਸ਼ਾ ਬੋਲਦੇ ਹਨ ਪਰ ਜ਼ਰੂਰੀ ਨਹੀਂ ਕਿ ਬੱਚੇ ਆਪਣੀ ਭਾਸ਼ਾ ਵਿੱਚ ਹੀ ਜਵਾਬ ਦੇਣ।"
1.4	ਲੋਪ ਹੋਣ ਦਾ ਬਹੁਤ ਗੰਭੀਰ ਖਤਰਾ	2	"ਦਾਦੇ-ਦਾਦੀਆਂ ਅਤੇ ਬਜ਼ੁਰਗ ਪੀੜ੍ਹੀ ਹੀ ਭਾਸ਼ਾ ਬੋਲਦੀ ਹੈ। ਮਾਂ-ਪਿਉ ਦੀ ਪੀੜ੍ਹੀ ਆਪਣੀ ਭਾਸ਼ਾ ਸਮਝਦੀ ਤਾਂ ਹੈ ਪਰ ਬੱਚਿਆਂ ਨਾਲ ਇਸ ਵਿੱਚ ਨਹੀਂ ਕਰਦੀ।"
1.5	ਲੋਪ ਹੋਣ ਵਾਲੀ ਹੈ	1	"ਆਪਣੀ ਭਾਸ਼ਾ ਦੇ ਸਭ ਤੋਂ ਛੋਟੀ ਉਮਰ ਦੇ ਵਿਅਕਤੀ ਪੜਦਾਦੇ-ਪੜਦਾਦੀਆਂ ਹੀ ਹਨ। ਉਹਨਾਂ ਨੂੰ ਆਪਣੀ ਭਾਸ਼ਾ ਕੁਝ ਯਾਦ ਤਾਂ ਹੈ ਪਰ ਇਸ ਦੀ ਵਰਤੋਂ ਨਹੀਂ ਕਰਦੇ ਕਿਉਂਕਿ ਕੋਈ ਹੈ ਹੀ ਨਹੀਂ ਜਿਸ ਨਾਲ ਉਹ ਬੋਲ ਸਕਣ।"
1.6	ਲੋਪ ਹੋ ਚੁੱਕੀ ਹੈ	0	"ਇੱਕ ਵੀ ਵਿਅਕਤੀ ਨਹੀਂ ਹੈ ਜੋ ਆਪਣੀ ਭਾਸ਼ਾ ਬੋਲ ਜਾਂ ਸਮਝ ਸਕਦਾ ਹੈ।"

Sri Satguru Jagjit Singh Ji eLibrary NamdhariElibrary@gmail.com

ਵੱਖ-ਵੱਖ ਭੂਗੋਲਿਕ ਭਾਸ਼ਾਈ ਪਰਸੰਗਾਂ ਵਿੱਚ ਰਹਿ ਰਹੇ ਪੰਜਾਬੀਆਂ ਨੂੰ ਮੋਟੇ ਤੌਰ 'ਤੇ ਹੇਠਲੇ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

1. ਭਾਰਤੀ ਪੰਜਾਬ ਵਿੱਚ ਰਹਿ ਰਹੇ ਪੰਜਾਬੀ।
2. ਪਾਕਿਸਤਾਨੀ ਪੰਜਾਬ ਵਿੱਚ ਰਹਿ ਰਹੇ ਪੰਜਾਬੀ।
3. ਦੋਹਾਂ ਪੰਜਾਬਾਂ ਤੋਂ ਬਾਹਰਲੇ ਭਾਰਤੀ ਤੇ ਪਾਕਿਸਤਾਨੀ ਸੂਬਿਆਂ ਵਿੱਚ ਰਹਿ ਰਹੇ ਪੰਜਾਬੀ।
4. ਵਿਦੇਸ਼ਾਂ ਵਿੱਚ ਰਹਿ ਰਹੇ ਪੰਜਾਬੀ। (ਵਿਦੇਸ਼ਾਂ ਤੋਂ ਭਾਵ ਕਨੇਡਾ, ਇੰਗਲੈਂਡ, ਅਮਰੀਕਾ, ਮਲੇਸ਼ੀਆ ਜਿਹੇ ਦੇਸ਼ਾਂ ਤੋਂ ਹੈ ਜਿੱਥੇ ਪੰਜਾਬੀ ਅਬਾਦੀ ਜ਼ਿਕਰਯੋਗ ਗਿਣਤੀ ਵਿੱਚ ਹੈ)

ਪਰ ਇੱਕ ਗੱਲ ਇਹਨਾਂ ਚਾਰਾਂ ਵਰਗਾਂ ਦੇ ਪੰਜਾਬੀਆਂ ਵਿੱਚ ਸਾਂਝੀ ਹੈ ਕਿ ਇਨ੍ਹਾਂ ਚਹੁੰਆਂ ਹੀ ਵਰਗਾਂ ਦੇ ਬੱਚਿਆਂ ਦੇ ਜੀਵਨ ਵਿੱਚ ਕੋਈ ਹੋਰ ਭਾਰੂ ਭਾਸ਼ਾ ਮਿਕਦਾਰ ਦੇ ਵਾਧੇ-ਘਾਟੇ ਨਾਲ ਦਖਲ ਦੇ ਚੁੱਕੀ ਹੈ।

ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੇ ਬੱਚੇ ਪੰਜਾਬੀ ਦੀ ਵਰਤੋਂ ਲਗਭਗ ਬੱਸ ਗੈਰ-ਰਸਮੀ ਖੇਤਰਾਂ (domains) ਵਿੱਚ (ਪਰਿਵਾਰ ਅਤੇ ਸਮਾਜਿਕ ਇਕੱਠਾਂ ਵੇਲੇ) ਹੀ ਕਰਦੇ ਹਨ। ਵਿਦੇਸ਼ੀ ਪੰਜਾਬੀਆਂ ਦੇ ਬਹੁਤ ਬੱਚੇ ਤਾਂ ਪੰਜਾਬੀ ਦੀ ਘੱਟ ਮੁਹਾਰਤ ਕਰਕੇ ਗੈਰ-ਰਸਮੀ ਖੇਤਰਾਂ ਵਿੱਚ ਵੀ ਪੰਜਾਬੀ ਦੀ ਵਰਤੋਂ ਛੱਡਦੇ ਜਾ ਰਹੇ ਹਨ। ਕਨੇਡਾ ਅਤੇ ਇੰਗਲੈਂਡ ਵਿੱਚ ਰੇਡੀਓ, ਅਖ਼ਬਾਰਾਂ ਅਤੇ ਸਾਹਿਤ ਦੇ ਖੇਤਰਾਂ ਵਿੱਚ ਪੰਜਾਬੀ ਦੀ ਕੁਝ ਵਰਤੋਂ ਹੋ ਰਹੀ ਹੈ, ਪਰ ਇਹਨਾਂ ਦੇਸਾਂ ਵਿੱਚ ਵੀ ਨੌਜੁਆਨ ਪੀੜ੍ਹੀ ਇਹਨਾਂ ਰਸਮੀ ਖੇਤਰਾਂ ਨਾਲ ਕੋਈ ਜ਼ਿਆਦਾ ਜੁੜੀ ਹੋਈ ਨਹੀਂ ਲੱਗਦੀ। ਇਹਨਾਂ ਭੂਗੋਲਿਕ ਖੇਤਰਾਂ ਵਿੱਚ ਸਿੱਖਿਆ ਵਿੱਚ ਵੀ ਪੰਜਾਬੀ ਇੱਕ ਵਿਸ਼ੇ ਵੱਜੋਂ ਕਿਧਰੇ-ਕਿਧਰੇ ਪੜ੍ਹਾਈ ਜਾ ਰਹੀ ਹੈ।

ਭਾਵੇਂ ਭਾਸ਼ਾਈ ਮਸਲੇ ਦਾ ਗਣਿਤਕ ਰੂਪ ਵਿੱਚ ਅੰਕਣ ਸੰਭਵ ਨਹੀਂ ਹੁੰਦਾ, ਪਰ ਫਿਰ ਵੀ ਮੋਟੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਿਦੇਸ਼ਾਂ ਵਿੱਚ ਰਹਿ ਰਹੇ ਪੰਜਾਬੀਆਂ ਵਿੱਚ ਪੰਜਾਬੀ ਭਾਸ਼ਾ ਦੇ ਅਗਲੀ ਪੀੜ੍ਹੀ ਤੱਕ ਸੰਚਾਰ ਵਿੱਚ ਗੰਭੀਰ ਕਠਿਨਾਈਆਂ ਪੇਸ਼ ਹਨ। ਇਸ ਲਈ ਜਿੱਥੋਂ ਤੱਕ ਪੀੜ੍ਹੀਓ-ਪੀੜ੍ਹੀ ਸੰਚਾਰ ਦਾ ਸਵਾਲ ਹੈ, ਵਿਦੇਸ਼ੀ ਪੰਜਾਬੀਆਂ ਵਿੱਚ ਪੰਜਾਬੀ ਖਤਰੇ ਦੇ ਦੂਜੇ ਦਰਜੇ (ਖਤਮ ਹੋਣ ਦਾ ਖਤਰਾ) ਦੇ ਨੇੜੇ-ਤੇੜੇ ਰੱਖੀ ਜਾ ਸਕਦੀ ਹੈ।

ਪੰਜਾਬਾਂ ਤੋਂ ਬਾਹਰਲੇ ਭਾਰਤੀ ਅਤੇ ਪਾਕਿਸਤਾਨੀ ਸੂਬਿਆਂ ਵਿੱਚ ਪੰਜਾਬੀ ਦੀ ਸਥਿਤੀ ਵਿਦੇਸ਼ਾਂ ਨਾਲੋਂ ਬਹੁਤੀ ਵੱਖਰੀ ਨਹੀਂ ਲੱਗਦੀ। ਯਾਨੀ ਕਿ, ਨੌਜੁਆਨ ਪੀੜ੍ਹੀ ਵਿੱਚ ਪੰਜਾਬੀ ਦੀ ਵਰਤੋਂ ਲਗਭਗ ਗੈਰ-ਰਸਮੀ ਖੇਤਰਾਂ ਤੱਕ ਹੀ ਸੀਮਤ ਹੈ। ਭਾਰਤ ਦੇ ਹਰਿਆਣਾ ਅਤੇ ਦਿੱਲੀ ਸੂਬਿਆਂ ਵਿੱਚ ਪੰਜਾਬੀ ਅੱਧੇ-ਅਧੂਰੇ ਢੰਗ ਨਾਲ ਕਿਧਰੇ-ਕਿਧਰੇ ਸਕੂਲਾਂ ਵਿੱਚ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ। ਦੂਜੇ ਭਾਰਤੀ ਸੂਬਿਆਂ ਵਿੱਚ ਸਿੱਖ ਧਾਰਮਿਕ ਹਲਕਿਆਂ ਦੇ ਨਿੱਜੀ ਯਤਨਾਂ ਨਾਲ ਪੰਜਾਬੀ ਦੀ ਥੋੜ੍ਹੀ ਬੁਹਤ ਸਿੱਖਿਆ ਦਿੱਤੀ ਜਾ ਰਹੀ ਹੈ। ਲੇਖਕ ਨੂੰ ਅਜਿਹੀ ਕੋਈ ਜਾਣਕਾਰੀ ਨਹੀਂ ਕਿ ਪਾਕਿਸਤਾਨ ਦੇ ਪੰਜਾਬੋਂ ਬਾਹਰਲੇ ਸੂਬਿਆਂ ਵਿੱਚ ਪੰਜਾਬੀ ਕਿਧਰੇ ਰਸਮੀ ਜਾਂ ਗੈਰ-ਰਸਮੀ ਤੌਰ 'ਤੇ ਪੜ੍ਹਾਈ ਜਾ ਰਹੀ ਹੋਵੇ। ਕਈ ਮਾਅਨਿਆਂ ਵਿੱਚ ਭਾਰਤ ਅਤੇ ਪਾਕਿਸਤਾਨ ਦੇ ਪੰਜਾਬੋਂ ਬਾਹਰਲੇ ਸੂਬਿਆਂ ਵਿੱਚ (ਦਿੱਲੀ ਅਤੇ ਹਰਿਆਣਾ ਨੂੰ ਛੱਡ ਕੇ) ਪੰਜਾਬੀ ਦੀ ਹਾਲਤ ਵਿਦੇਸ਼ਾਂ ਨਾਲੋਂ ਵੀ ਮਾੜੀ ਹੈ। ਵਿਦੇਸ਼ਾਂ ਵਿੱਚ ਪੰਜਾਬੀ ਨੂੰ ਇਹਨਾਂ ਸੂਬਿਆਂ ਨਾਲੋਂ ਵਧੇਰੇ ਸਰਕਾਰੀ ਸਰਪ੍ਰਸਤੀ ਵੀ ਪ੍ਰਾਪਤ ਹੈ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਚੇਤਨਤਾ ਦਾ ਪੱਧਰ ਅਤੇ ਯਤਨ ਵੀ ਕੁਝ ਹਲਕਿਆਂ ਵਿੱਚ ਬਿਹਤਰ ਲੱਗਦੇ ਹਨ। ਸੋ, ਪੀੜ੍ਹੀਓ-ਪੀੜ੍ਹੀ ਸੰਚਾਰ ਦੇ ਨਜ਼ਰੀਏ ਤੋਂ ਇਹ ਕਹਿਣਾ ਅਤਿਕਥਨੀ ਨਹੀਂ ਹੋਏਗਾ ਕਿ ਭਾਰਤ ਅਤੇ ਪਾਕਿਸਤਾਨ ਦੇ ਪੰਜਾਬੋਂ ਬਾਹਰਲੇ ਸੂਬਿਆਂ ਵਿੱਚ ਵੀ ਪੰਜਾਬੀ ਨੂੰ ਖਤਰੇ ਦਾ ਦਰਜਾ ਵਿਦੇਸ਼ਾਂ ਵਾਲਾ ਹੀ ਹੈ (ਦੂਜਾ ਦਰਜਾ- ਖਤਮ ਹੋਣ ਦਾ ਖਤਰਾ)।

ਪੀੜ੍ਹੀਓ-ਪੀੜ੍ਹੀ ਸੰਚਾਰ ਦੇ ਪਰਸੰਗ ਤੋਂ ਭਾਰਤੀ ਅਤੇ ਪਾਕਿਸਤਾਨੀ ਪੰਜਾਬਾਂ ਵਿੱਚ ਪੰਜਾਬੀ ਦੀ ਸਥਿਤੀ ਦੂਜੇ ਸੂਬਿਆਂ ਨਾਲੋਂ ਅਤੇ ਵਿਦੇਸ਼ਾਂ ਨਾਲੋਂ ਬਹੁਤ ਬਿਹਤਰ ਹੈ। ਪਰ ਇਥੇ ਵੀ ਨੌਜੁਆਨ ਪੀੜ੍ਹੀ ਦੇ ਜੀਵਨ ਵਿੱਚ ਹੋਰ ਭਾਸ਼ਾਵਾਂ ਦਾ ਦਖਲ ਵਧਦਾ ਜਾ ਰਿਹਾ ਹੈ।

ਪਾਕਿਸਤਾਨੀ ਪੰਜਾਬ ਵਿੱਚ ਸਿੱਖਿਆ ਵਿੱਚ ਪੰਜਾਬੀ ਦੀ ਥਾਂ ਲਗਭਗ ਸਿਫ਼ਰ ਦੇ ਬਰਾਬਰ ਹੈ ਅਤੇ ਸਿੱਖਿਆ ਪੂਰੀ ਤਰ੍ਹਾਂ ਉਰਦੂ ਜਾਂ ਅੰਗਰੇਜ਼ੀ ਅਧਾਰਤ ਹੈ। ਰਸਮੀ ਖੇਤਰਾਂ ਵਿੱਚ ਪੰਜਾਬੀ ਕੇਵਲ ਟੈਲੀਵਿਜ਼ਨ ਅਤੇ ਰਸਾਲਿਆਂ ਵਿੱਚ ਪ੍ਰਚਲਨ ਵਿੱਚ ਹੈ, ਪਰ ਉਥੇ ਵੀ ਇਜ਼ਾਰੇਦਾਰੀ ਉਰਦੂ ਦੀ ਹੀ ਹੈ। ਅਜਿਹੀਆਂ ਰਿਪੋਰਟਾਂ ਵੀ ਹਨ ਕਿ ਗੈਰ ਰਸਮੀ ਖੇਤਰਾਂ ਵਿੱਚ ਵੀ ਉਰਦੂ ਦਾ ਦਖਲ ਵੱਡੀ ਪੱਧਰ 'ਤੇ ਹੋ ਰਿਹਾ ਹੈ। ਇੰਜ ਪਾਕਿਸਤਾਨੀ ਪੰਜਾਬ ਦੀ ਨੌਜੁਆਨ ਪੀੜ੍ਹੀ ਵਿੱਚ ਪੰਜਾਬੀ ਦਾ ਸੰਚਾਰ ਕੁਝ ਭਾਸ਼ਾਈ ਸੀਮਾਵਾਂ ਦੇ ਅੰਦਰ-ਅੰਦਰ ਹੀ ਹੋ ਰਿਹਾ ਹੈ। ਸੋ, ਤੀਜੇ ਪੜਾਅ (ਲੋਪ ਹੋਣ ਦਾ ਖਤਰਾ) ਤੋਂ ਬਹੁਤੀ ਦੂਰ ਨਹੀਂ ਲੱਗਦੀ।

Sri Satguru Jagjit Singh Ji eLibrary NamdhariElibrary@gmail.com

ਭਾਰਤੀ ਪੰਜਾਬ ਵਿੱਚ ਪੰਜਾਬੀ ਦਾ ਪੀੜ੍ਹੀਓ-ਪੀੜ੍ਹੀ ਸੰਚਾਰ ਚੰਗਾ ਜ਼ਰੂਰ ਹੈ ਪਰ ਆਦਰਸ਼ਕ ਰੂਪ ਵਿੱਚ ਇੱਥੇ ਵੀ ਨਹੀਂ। ਬਹੁਤ ਖੇਤਰ ਹਨ ਜਿੱਥੇ ਪੰਜਾਬੀ ਦੀ ਵਰਤੋਂ ਨਹੀਂ ਹੋ ਰਹੀ ਜਾਂ ਘੱਟ ਰਹੀ ਹੈ। ਇਹਨਾਂ ਵਿੱਚੋਂ ਸਭ ਤੋਂ ਵੱਡਾ ਖੇਤਰ ਸਕੂਲੀ ਸਿੱਖਿਆ ਦਾ ਹੈ। ਭਾਰੂ ਵਰਗ ਦੇ ਲਗਭਗ ਸਾਰੇ ਬੱਚੇ ਆਰੰਭਕ ਪੱਧਰ ਤੋਂ ਹੀ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਜਾ ਰਹੇ ਹਨ। ਇਹਨਾਂ ਸਕੂਲਾਂ ਵਿੱਚ ਪੰਜਾਬੀ ਵਿਸ਼ੇ ਵੱਜੋਂ ਅਧੂਰੇ ਜਿਹੇ ਢੰਗ ਨਾਲ ਹੀ ਪੜ੍ਹਾਈ ਜਾ ਰਹੀ ਹੈ। ਜਿਵੇਂ ਕਿ ਲੇਖਕ ਪਹਿਲਾਂ ਹੀ ਆਪਣੇ ਇਕ ਲੇਖ ਵਿੱਚ ਦਰਜ ਕਰ ਚੁੱਕਾ ਹੈ, ਇਹਨਾਂ ਸਕੂਲਾਂ 'ਚੋ ਨਿਕਲ ਰਹੇ ਬੱਚਿਆਂ ਨੂੰ ਪੰਜਾਬੀ ਮਾਤ ਭਾਸ਼ੀ ਬੱਚੇ ਕਹਿਣਾ ਵੀ ਠੀਕ ਨਹੀਂ ਹੈ ਕਿਉਂਕਿ ਸਕੂਲੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਇਹਨਾਂ ਬੱਚਿਆਂ ਦੀ ਭਾਸ਼ਾਈ ਸਮਰੱਥਾ ਪੰਜਾਬੀ ਭਾਸ਼ਾ ਨਾਲੋਂ ਅੰਗਰੇਜ਼ੀ ਭਾਸ਼ਾ ਵਿੱਚ ਬਿਹਤਰ ਹੁੰਦੀ ਹੈ (ਇਹ ਵੱਖਰੀ ਗੱਲ ਹੈ ਕਿ ਹੈ ਉਹ ਵੀ ਸੀਮਤ ਜਿਹੀ ਹੀ)। ਸੋ, ਭਾਰਤੀ ਪੰਜਾਬ ਵਿੱਚ ਵੀ ਅਗਲੀ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਦਾ ਸਫਲ ਸੰਚਾਰ ਵੱਡੇ ਦਬਾਵਾਂ ਹੇਠ ਹੈ।

ਕਾਰਕ II : ਬੁਲਾਰਿਆਂ ਦੀ ਗਿਣਤੀ : ਅਜਿਹੀ ਕੋਈ ਨਿਸਚਤ ਗਿਣਤੀ ਨਹੀਂ ਹੈ ਜਿਸ ਦੇ ਅਧਾਰ 'ਤੇ ਕਿਸੇ ਭਾਸ਼ਾ ਨੂੰ ਖ਼ਤਮ ਹੋਣ ਦੇ ਖਤਰੇ ਤੋਂ ਖਾਲੀ ਸਮਝ ਲਿਆ ਜਾਵੇ। ਇਹ ਜ਼ਰੂਰ ਹੈ ਕਿ ਬੁਲਾਰਿਆਂ ਦੀ ਵੱਡੀ ਗਿਣਤੀ ਕਿਸੇ ਭਾਸ਼ਾ ਦੇ ਜੀਵਨ ਨੂੰ ਖਤਰਿਆਂ ਤੋਂ ਘਟਾਉਂਦੀ ਹੈ। ਗਿਣਤੀ ਦੇ ਪ੍ਰਸੰਗ ਤੋਂ ਵੇਖਿਆ ਜਾਵੇ ਤਾਂ ਪੰਜਾਬੀ ਦੁਨੀਆਂ ਦੀਆਂ ਵੱਡੀਆਂ ਭਾਸ਼ਾਵਾਂ ਵਿਚੋਂ ਹੈ। ਪੰਜਾਬੀ ਦੇ ਬੁਲਾਰਿਆਂ ਦੀ ਅਸਲੀ ਗਿਣਤੀ 14 ਕਰੋੜ ਦੇ ਲਗਭਗ ਹੈ। ਇੰਜ ਪੰਜਾਬੀ ਦੁਨੀਆਂ ਦੀ 8ਵੇਂ ਨੰਬਰ ਦੀ ਭਾਸ਼ਾ ਹੈ। ਸੋ, ਬੁਲਾਰਿਆਂ ਦੀ ਗਿਣਤੀ ਪੰਜਾਬੀ ਭਾਸ਼ਾ ਦੀ ਵੱਡੀ ਤਾਕਤ ਹੈ।

ਕਾਰਕ III : ਕੁੱਲ ਭਾਸ਼ਾਈ ਅਬਾਦੀ ਵਿੱਚ ਬੁਲਾਰਿਆਂ ਦੀ ਗਿਣਤੀ ਦਾ ਅਨੁਪਾਤ: ਕਿਸੇ ਸਮੂਹ ਦੀ ਕੁੱਲ ਅਬਾਦੀ ਵਿਚੋਂ ਕਿੰਨੇ ਲੋਕ ਆਪਣੀ ਭਾਸ਼ਾ ਬੋਲਦੇ ਹਨ ਇਹ ਕਿਸੇ ਭਾਸ਼ਾ ਦੀ ਪ੍ਰਾਣਸ਼ਕਤੀ ਦਾ ਵੱਡਾ ਸੰਕੇਤ ਦੇਂਦਾ ਹੈ। ਪੰਜਾਬੀ ਦੇ ਪ੍ਰਸੰਗ ਵਿੱਚ ਕੁੱਲ ਅਬਾਦੀ ਨੂੰ ਦੋ ਤਰ੍ਹਾਂ ਵੇਖਿਆ ਜਾ ਸਕਦਾ ਹੈ। ਇੱਕ ਤਾਂ ਭੂਗੋਲਿਕ ਖੇਤਰ (ਸੂਬੇ ਜਾਂ ਦੇਸ) ਦੀ ਕੁੱਲ ਅਬਾਦੀ ਅਤੇ ਦੂਜੇ ਉਸ ਭੂਗੋਲਿਕ ਖੇਤਰ ਦੀ ਕੁੱਲ ਪੰਜਾਬੀ ਅਬਾਦੀ। ਇੱਥੇ ਕੁੱਲ ਪੰਜਾਬੀ ਅਬਾਦੀ ਦਾ ਭਾਵ ਲਿਆ ਗਿਆ ਹੈ। ਯੂਨੈਸਕੋ ਦੀ ਰਿਪੋਰਟ ਇਸ ਪ੍ਰਸੰਗ ਵਿੱਚ ਹੇਠਲਾ ਪੈਮਾਨਾ ਵਰਤਣ ਦਾ ਨਿਰਦੇਸ਼ ਦਿੰਦੀ ਹੈ (ਯੂਨੈਸਕੋ 2003:9):

ਸਾਰਣੀਕਾਰਨ III: ਕੁੱਲ ਭਾਸ਼ਾਈ ਅਬਾਦੀ ਵਿੱਚ ਬੁਲਾਰਿਆਂ ਦੀ ਗਿਣਤੀ ਦਾ ਅਨੁਪਾਤ

ਖਤਰੇ ਦਾ ਪੱਧਰ	ਦਰਜਾ	ਕੁੱਲ ਸਬੰਧਤ ਅਬਾਦੀ ਵਿੱਚ ਬੁਲਾਰਿਆਂ ਦਾ ਅਨੁਪਾਤ
ਕੋਈ ਖਤਰਾ ਨਹੀਂ	5	ਸਾਰੇ (All) ਆਪਣੀ ਭਾਸ਼ਾ ਬੋਲਦੇ ਹਨ।
ਖਤਰਾ ਹੈ	4	ਲਗਭਗ ਸਾਰੇ (nearly all) ਆਪਣੀ ਭਾਸ਼ਾ ਬੋਲਦੇ ਹਨ।
ਗੰਭੀਰ ਖਤਰਾ ਹੈ	3	ਬਹੁਮਤ (a majority) ਆਪਣੀ ਭਾਸ਼ਾ ਬੋਲਦਾ ਹੈ।
ਬਹੁਤ ਗੰਭੀਰ ਖਤਰਾ ਹੈ	2	ਘੱਟ ਗਿਣਤੀ (a minority) ਆਪਣੀ ਭਾਸ਼ਾ ਬੋਲਦੀ ਹੈ।
ਲੋਪ ਹੋਣ ਵਾਲੈ ਹੈ	1	ਬਹੁਤ ਥੋੜ੍ਹੇ (very few) ਆਪਣੀ ਭਾਸ਼ਾ ਬੋਲਦੇ ਹਨ।
ਲੋਪ ਹੋ ਚੁੱਕੀ ਹੈ	0	ਬੋਲਣ ਵਾਲਾ ਕੋਈ ਵੀ ਨਹੀਂ ਰਿਹਾ।

Sri Satguru Jagjit Singh Ji eLibrary NamdhariElibrary@gmail.com

ਉਪਰੋਕਤ ਪੈਮਾਨੇ 'ਤੇ ਪੰਜਾਬੀ ਭਾਸ਼ਾ ਦਾ ਦਰਜਾ ਨਿਸਚਤ ਰੂਪ ਵਿੱਚ ਤਾਂ ਇੱਕ ਵਿਗਿਅਨਕ ਸਰਵੇਖਣ ਤੋਂ ਬਾਅਦ ਹੀ ਅੰਕਿਤ ਕੀਤਾ ਜਾ ਸਕਦਾ ਹੈ ਪਰ ਪਰਭਾਵੀ ਤੌਰ 'ਤੇ ਪੰਜਾਬੀ ਦੀ ਸਥਿਤੀ ਚੌਥੀ ਤੇ ਤੀਜੀ ਸਥਿਤੀ ਦੇ ਦਰਮਿਆਨ ਵਾਲੀ ਭਾਸਦੀ ਹੈ।

ਕਾਰਕ IV : ਭਾਸ਼ਾਈ ਵਰਤੋਂ ਦੇ ਖੇਤਰਾਂ ਵਿੱਚ ਪਰਚਲਨ: ਯੂਨੈਸਕੋ ਦੀ ਰਿਪੋਰਟ ਅਨੁਸਾਰ ਇਹ ਸਥਿਤੀਆਂ ਹੇਠ ਤਰ੍ਹਾਂ ਦੀਆਂ ਹੋ ਸਕਦੀਆਂ ਹਨ (ਯੂਨੈਸਕੋ 2003:10):

ਖਤਰੇ ਦਾ ਪੱਧਰ	ਦਰਜਾ	ਭਾਸ਼ਾਈ ਖੇਤਰ ਅਤੇ ਭਾਸ਼ਾਈ ਕਾਰਜ
ਸਰਬਵਿਆਪਕ ਵਰਤੋਂ	5	ਭਾਸ਼ਾ ਦੀ ਵਰਤੋਂ ਸਭ ਖੇਤਰਾਂ (domains) ਅਤੇ ਸਭ ਕਾਰਜਾਂ (functions) ਲਈ ਹੁੰਦੀ ਹੈ।
ਬਹੁਭਾਸ਼ਾਈ ਸਮਾਨਤਾ	4	ਬਹੁਤੇ (most) ਸਮਾਜੀ ਖੇਤਰਾਂ ਅਤੇ ਬਹੁਤੇ ਕਾਰਜਾਂ ਲਈ ਇੱਕ ਤੋਂ ਵੱਧ ਭਾਸ਼ਾਵਾਂ ਦੀ ਵਰਤੋਂ ਹੁੰਦੀ ਹੈ।
ਖੁਰ ਰਹੇ ਖੇਤਰ	3	ਭਾਸ਼ਾ ਦੀ ਵਰਤੋਂ ਪਰਿਵਾਰਕ ਖੇਤਰਾਂ ਅਤੇ ਬਹੁਤ (many) ਕਾਰਜਾਂ ਲਈ ਹੁੰਦੀ ਹੈ ਪਰ ਭਾਰੂ ਭਾਸ਼ਾ ਪਰਿਵਾਰਕ ਖੇਤਰਾਂ ਵਿੱਚ ਵੀ ਦਖਲ ਦੇਣ ਲੱਗੀ ਹੈ।
ਸੀਮਤ ਅਤੇ ਰਸਮੀ ਖੇਤਰ	2	ਭਾਸ਼ਾ ਦੀ ਵਰਤੋਂ ਬਹੁਤ ਹੀ ਸੀਮਤ ਸਮਾਜੀ ਖੇਤਰਾਂ ਅਤੇ ਕਈ (several) ਕਾਰਜਾਂ ਵਾਸਤੇ ਹੁੰਦੀ ਹੈ।
ਬਹੁਤ ਹੀ ਸੀਮਤ ਖੇਤਰ	1	ਭਾਸ਼ਾ ਦੀ ਵਰਤੋਂ ਬਹੁਤ ਹੀ ਸੀਮਤ ਖੇਤਰਾਂ ਵਿੱਚ ਅਤੇ ਕੁਝ ਕੁ (very few) ਕਾਰਜਾਂ ਲਈ ਹੀ ਹੁੰਦੀ ਹੈ।
ਖਤਮ ਹੋ ਚੁੱਕੀ	0	ਭਾਸ਼ਾ ਦੀ ਵਰਤੋਂ ਕਿਸੇ ਵੀ ਖੇਤਰ ਵਿੱਚ ਅਤੇ ਕਿਸੇ ਵੀ ਕਾਰਜ ਲਈ ਨਹੀਂ ਹੁੰਦੀ।

ਬਹੁਤੇ ਵਿਸਤਾਰ ਵਿੱਚ ਜਾਣ ਤੋਂ ਬਿਨਾਂ ਹੀ ਕਿਹਾ ਜਾ ਸਕਦਾ ਹੈ ਕਿ ਭਾਸ਼ਾਈ ਵਰਤੋਂ ਦੇ ਸਾਰੇ ਖੇਤਰਾਂ ਵਿੱਚ ਪੰਜਾਬੀ ਦੇ ਪ੍ਰਚਲਨ ਦੇ ਅਧਾਰ 'ਤੇ ਪੰਜਾਬੀ ਤੀਜੇ ਦਰਜੇ 'ਤੇ ਆ ਖਲੋਤੀ ਹੈ, ਕਿਉਂਕਿ ਭਾਰਤੀ ਪੰਜਾਬ ਵਿੱਚ ਵੀ ਪਰਿਵਾਰਕ ਹਲਕਿਆਂ ਵਿੱਚ ਹਿੰਦੀ ਅਤੇ ਅੰਗਰੇਜ਼ੀ ਦਾ ਦਖਲ ਵਧ ਰਿਹਾ ਹੈ। ਜੇ ਭਾਰਤੀ ਪੰਜਾਬ ਦੀ ਇਹ ਹਾਲਤ ਹੈ ਜਿੱਥੇ ਪੰਜਾਬੀ ਭਾਸ਼ਾ ਬਾਕੀ ਭੂਗੋਲਿਕ ਖੇਤਰਾਂ ਦੇ ਮੁਕਾਬਲੇ ਬਿਹਤਰ ਸਥਿਤੀ ਵਿੱਚ ਹੈ ਤਾਂ ਦੂਜੇ ਭੂਗੋਲਿਕ ਖੇਤਰਾਂ ਬਾਰੇ ਤਾਂ ਸਥਿਤੀ ਹੋਰ ਵੀ ਚਿੰਤਾਤੁਰ ਹੋਵੇਗੀ।

ਕਾਰਕ V : ਨਵੇਂ ਖੇਤਰਾਂ ਅਤੇ ਸੰਚਾਰ ਮਾਧਿਅਮਾਂ ਨੂੰ ਹੁੰਗਾਰਾ: ਹੇਠਲੀ ਸਾਰਣੀ ਯੂਨੈਸਕੋ ਦੀ ਰਿਪੋਰਟ ਨੂੰ ਰੂਪਮਾਨ ਕਰਦੀ ਹੈ (ਯੂਨੈਸਕੋ 2003:11)। ਨਵੇਂ ਖੇਤਰਾਂ ਤੋਂ ਭਾਵ ਟੈਲੀਵਿਜ਼ਨ, ਇੰਟਰਨੈੱਟ ਆਦਿ ਤੋਂ ਹੈ।

ਖਤਰੇ ਦਾ ਪੱਧਰ	ਦਰਜਾ	ਨਵੇਂ ਖੇਤਰਾਂ ਅਤੇ ਸੰਚਾਰ ਮਾਧਿਅਮਾਂ ਵਿਚ ਵਰਤੋਂ
ਵਿਕਾਸਸ਼ੀਲ (dynamic)	5	ਭਾਸ਼ਾਈ ਵਰਤੋਂ ਸਾਰੇ ਨਵੇਂ ਖੇਤਰਾਂ ਵਿੱਚ ਹੁੰਦੀ ਹੈ।
ਤਾਕਤਵਰ/ ਸਰਗਰਮ (robust/active)	4	ਭਾਸ਼ਾਈ ਵਰਤੋਂ ਬਹੁਤੇ ਨਵੇਂ ਖੇਤਰਾਂ ਵਿੱਚ ਹੁੰਦੀ ਹੈ।
ਗ੍ਰਹਿਣਸ਼ੀਲ (receptive)	3	ਭਾਸ਼ਾਈ ਵਰਤੋਂ ਬਹੁਤ ਨਵੇਂ ਖੇਤਰਾਂ ਵਿੱਚ ਹੁੰਦੀ ਹੈ।
ਨਜਿੱਠ ਰਹੀ ਹੈ (ਚੋਪਨਿਗ)	2	ਭਾਸ਼ਾ ਦੀ ਵਰਤੋਂ ਕੁਝ ਨਵੇਂ ਖੇਤਰਾਂ ਵਿੱਚ ਹੁੰਦੀ ਹੈ।
ਅਤਿਅੰਤ ਘੱਟ (minimal)	1	ਭਾਸ਼ਾ ਦੀ ਵਰਤੋਂ ਕੇਵਲ ਕੁਝ ਖੇਤਰਾਂ ਵਿਚ ਹੁੰਦੀ ਹੈ।
ਕਿਰਿਆਹੀਣ (inactive)	0	ਭਾਸ਼ਾ ਦੀ ਵਰਤੋਂ ਕਿਸੇ ਵੀ ਨਵੇਂ ਖੇਤਰ ਵਿਚ ਨਹੀਂ ਹੁੰਦੀ।

Sri Satguru Jagjit Singh Ji eLibrary NamdhariElibrary@gmail.com

ਇਹ ਸਹੀ ਹੈ ਕਿ ਪੰਜਾਬੀ ਭਾਸ਼ਾ ਦੀ ਵਰਤੋਂ ਹਰ ਨਵੇਂ ਖੇਤਰ ਵਿੱਚ ਹੋ ਰਹੀ ਹੈ, ਪਰ ਇਥੇ ਵੀ ਹਾਲੇ ਦੂਜੀਆਂ ਭਾਸ਼ਾਵਾਂ ਅੰਗਰੇਜ਼ੀ ਅਤੇ ਹਿੰਦੀ ਸਮੁੱਚੇ ਤੌਰ 'ਤੇ ਪੰਜਾਬੀ ਨਾਲੋਂ ਹਾਲੇ ਵਧੇਰੇ ਵਰਤੋਂ ਵਿੱਚ ਹਨ। ਇਸ ਲਈ ਸਥਿਤੀ ਇੱਥੇ ਵੀ ਆਦਰਸ਼ ਨਹੀਂ ਹੈ।

ਕਾਰਕ VI : ਭਾਸ਼ਾਈ ਸਿੱਖਿਆ ਅਤੇ ਸਾਖਰਤਾ ਲਈ ਸਮੱਗਰੀ: ਸਬੰਧਤ ਰਿਪੋਰਟ ਅਨੁਸਾਰ ਭਾਸ਼ਾਈ ਪ੍ਰਾਣਸ਼ਕਤੀ ਲਈ ਉਸ ਭਾਸ਼ਾ ਰਾਹੀਂ ਸਿੱਖਿਆ ਦਾ ਹੋਣਾ ਅਵੱਸ਼ਕ ਹੈ।' (ਪੰਨਾ 12) ਭਾਸ਼ਾਈ ਸਿੱਖਿਆ ਅਤੇ ਸਾਖਰਤਾ ਦੇ ਕਾਰਕ ਦੇ ਅਧਾਰ 'ਤੇ ਯੂਨੈਸਕੋ ਦੀ ਰਿਪੋਰਟ ਕਿਸੇ ਭਾਸ਼ਾ ਦੀ ਤਾਕਤ ਨੂੰ ਅੰਕਣ ਲਈ ਹੇਠਲੀ ਸਾਰਣੀ ਦੇਂਦੀ ਹੈ:

ਸਾਰਣੀ ਕਾਰਕ VI : ਭਾਸ਼ਾਈ ਸਿੱਖਿਆ ਅਤੇ ਸਾਖਰਤਾ ਲਈ ਸਮੱਗਰੀ: ਦਰਜਾ

ਦਰਜਾ	ਲਿਖਤੀ ਸਮੱਗਰੀ ਦੀ ਹੋਂਦ
5	ਭਾਸ਼ਾ ਦੀ ਕੋਈ ਸਥਾਪਨ ਲਿਪੀ ਅਤੇ ਸਾਹਿਤਕ ਪਰੰਪਰਾ ਹੈ ਅਤੇ ਵਿਆਕਰਣਾਂ, ਸ਼ਬਦ ਕੋਸ਼, ਪੁਸਤਕਾਂ, ਸਾਹਿਤ ਅਤੇ ਰੋਜ਼ਾਨਾ ਸੰਚਾਰ ਮਾਧਿਅਮ ਦੇ ਸਰੋਤ ਹਾਂਸਿਲ ਹਨ। ਭਾਸ਼ਾਈ ਲਿਖਤਾਂ ਦੀ ਪ੍ਰਸ਼ਾਸਨ ਅਤੇ ਸਿੱਖਿਆ ਵਿੱਚ ਵਰਤੋਂ ਹੋ ਰਹੀ ਹੈ।
4	ਲਿਖਤੀ ਸਮੱਗਰੀ ਹਾਂਸਿਲ ਹੈ ਅਤੇ ਬੱਚੇ ਸਕੂਲਾਂ ਵਿੱਚ ਭਾਸ਼ਾ ਵਿੱਚ ਸਾਖਰਤਾ ਹਾਸਲ ਕਰ ਰਹੇ ਹਨ। ਪ੍ਰਸ਼ਾਸਨ ਵਿੱਚ ਭਾਸਾ ਦੀ ਵਰਤੋਂ ਨਹੀਂ ਹੁੰਦੀ।
3	ਲਿਖਤੀ ਸਮੱਗਰੀ ਦੀ ਹੋਂਦ ਹੈ ਅਤੇ ਹੋ ਸਕਦਾ ਹੈ ਕਿ ਬੱਚੇ ਸਕੂਲ ਵਿੱਚ ਭਾਸ਼ਾ ਸਾਖਰਤਾ ਹਾਸਲ ਕਰ ਰਹੇ ਹਨ। ਪ੍ਰਕਾਸ਼ਤ ਮਾਧਿਅਮ ਰਾਹੀਂ ਸਾਖਰਤਾ ਦਾ ਵਿਕਾਸ ਨਹੀਂ ਕੀਤਾ ਜਾ ਰਿਹਾ।
2	ਲਿਖਤੀ ਸਮੱਗਰੀ ਦੀ ਹੋਂਦ ਹੈ ਪਰ ਸਮੂਹ ਦੇ ਕੁਝ ਮੈਂਬਰਾਂ ਲਈ ਇਹ ਵਰਤੋਂ ਯੋਗ ਨਹੀਂ ਹੈ। ਦੂਜਿਆਂ ਲਈ ਇਸ ਦੀ ਹੋਂਦ ਪ੍ਰਤੀਕ ਮਾਤਰ ਹੈ। ਸਬੰਧਤ ਭਾਸ਼ਾ ਵਿੱਚ ਸਾਖਰਤਾ ਸਿੱਖਿਆ ਸਕੂਲ ਦਾ ਹਿੱਸਾ ਨਹੀਂ ਹੈ।

ਜਿਵੇਂ ਕਿ ਲੇਖ ਦੇ ਸ਼ੁਰੂ ਵਿੱਚ ਕਿਹਾ ਗਿਆ ਹੈ, ਪੰਜਾਬੀ ਦੀ ਸਥਿਤੀ ਦਾ ਮੁਲੰਕਣ ਵੱਖ-ਵੱਖ ਭੂਗੋਲਿਕ ਖੇਤਰਾਂ ਲਈ ਵੱਖਰਾ-ਵੱਖਰਾ ਹੀ ਕੀਤਾ ਜਾ ਸਕਦਾ ਹੈ।

ਵਿਦੇਸ਼ਾਂ ਅਤੇ ਭਾਰਤੀ ਪਾਕਿਸਤਾਨੀ ਪੰਜਾਬਾਂ ਤੋਂ ਬਾਹਰਲੇ ਸੂਬਿਆਂ ਵਿੱਚ (ਦਿੱਲੀ ਅਤੇ ਹਰਿਆਣਾ ਨੂੰ ਛੱਡ ਕੇ) ਪੰਜਾਬੀ ਦੀ ਸਥਿਤੀ ਪਹਿਲੇ ਦਰਜੇ 'ਤੇ ਰੱਖੀ ਜਾ ਸਕਦੀ ਹੈ। ਦਿੱਲੀ ਅਤੇ ਹਰਿਆਣੇ ਦੀ ਸਥਿਤੀ ਤੀਜੇ ਅਤੇ ਦੂਜੇ ਦਰਜੇ ਦੇ ਵਿਚਕਾਰ ਵਾਲੀ ਹੈ। ਪਾਕਿਸਤਾਨੀ ਪੰਜਾਬ ਵਿੱਚ ਵੀ ਸਥਿਤੀ ਪਹਿਲੇ ਦਰਜੇ 'ਤੇ ਹੀ ਹੈ। ਭਾਰਤੀ ਪੰਜਾਬ ਵਿੱਚ ਸਥਿਤੀ ਪੰਜਵੇਂ ਅਤੇ ਚੌਥੇ ਦਰਜੇ ਦੇ ਵਿਚਕਾਰ ਦੀ ਹੈ ਕਿਉਂਕਿ ਪੰਜਾਬੀ ਨਾਂ ਤਾਂ ਸਾਰੇ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ ਹੈ ਅਤੇ ਨਾ ਹੀ ਪ੍ਰਸ਼ਾਸਨ ਵਿੱਚ ਮੁਕੰਮਲ ਤੌਰ 'ਤੇ ਇਸ ਦੀ ਵਰਤੋਂ ਹੋ ਰਹੀ ਹੈ।

ਕਾਰਕ VII : ਸਰਕਾਰਾਂ ਅਤੇ ਸੰਸਥਾਵਾਂ ਦਾ ਭਾਸ਼ਾ ਵੱਲ ਵਤੀਰਾ ਅਤੇ ਨੀਤੀਆਂ, ਸਰਕਾਰੀ ਰੁਤਬੇ ਅਤੇ ਵਰਤੋਂ ਸਮੇਤ: ਸਰਕਾਰੀ ਅਤੇ ਸੰਸਥਾਈ ਵਤੀਰੇ ਅਤੇ ਨੀਤੀਆਂ ਦੇ ਅਧਾਰ 'ਤੇ ਹੇਠਲੀ ਸਾਰਣੀ ਕਿਸੇ ਭਾਸ਼ਾ ਦੀ ਜੀਵਨ ਸ਼ਕਤੀ ਦਾ ਅਕਸ ਪੇਸ਼ ਕਰਦੀ ਹੈ:.

ਸਰਪ੍ਰਸਤੀ ਦਾ ਪੱਧਰ	ਦਰਜਾ	ਭਾਸ਼ਾ ਵੱਲ ਸਰਕਾਰੀ ਵਤੀਰਾ।
ਸਭ ਭਾਸ਼ਾਵਾਂ ਨੂੰ ਬਰਾਬਰ ਸਰਪ੍ਰਸਤੀ	5	ਸਭ ਭਾਸ਼ਾਵਾਂ ਨੂੰ ਸੁਰੱਖਿਆ ਹਾਸਲ ਹੈ।
ਸਰਪ੍ਰਸਤੀ ਬਰਾਬਰ ਨਹੀਂ	4	ਘੱਟ ਗਿਣਤੀ ਭਾਸ਼ਾਵਾਂ ਦੀ ਗੈਰ-ਰਸਮੀ ਖੇਤਰਾਂ ਵਿੱਚ ਹੀ ਰਾਖੀ ਹੋ ਰਹੀ ਹੈ। ਸਬੰਧਤ ਭਾਸ਼ਾ ਦੀ ਵਰਤੋਂ ਨੂੰ ਵਕਾਰ ਹਾਸਲ ਹੈ।
ਚੁਪ-ਚਾਪ ਆਤਮਸਾਤ	3	ਘੱਟ ਗਿਣਤੀ ਭਾਸ਼ਾਵਾਂ ਲਈ ਪ੍ਰਤੱਖ ਨੀਤੀ ਦੀ ਅਣਹੋਂਦ ਹੈ। ਰਸਮੀ ਖੇਤਰਾਂ ਵਿੱਚ ਭਾਰੂ ਭਾਸ਼ਾ ਦਾ ਕਬਜਾ।

Sri Satguru Jagjit Singh Ji eLibrary NamdhariElibrary@gmail.com

ਸਰਗਰਮ ਆਤਮਸਾਤ	2	ਸਰਕਾਰ ਵੱਲੋਂ ਭਾਸ਼ਾ ਦੇ ਭਾਰੂ ਵਿੱਚ ਆਤਮਸਾਤ ਹੋਣ ਨੂੰ ਉਤਸਾਹਿਤ ਕੀਤਾ ਜਾਂਦਾ ਹੈ। ਘੱਟ ਗਿਣਤੀ ਭਾਸ਼ਾਵਾਂ ਲਈ ਕੋਈ ਸੁਰੱਖਿਆ ਨਹੀਂ ਹੈ।
ਜਬਰੀ ਆਤਮਸਾਤ	1	ਭਾਰੂ ਭਾਸ਼ਾ ਇਕੱਲੀ ਹੀ ਸਰਕਾਰੀ ਭਾਸ਼ਾ ਹੈ, ਜਦਕਿ ਹੋਰ ਸਰਕਾਰੀ ਭਾਸ਼ਾਵਾਂ ਨੂੰ ਨਾ ਮਾਣਕਾ ਹੈ ਅਤੇ ਨਾ ਹੀ ਸੁਰੱਖਿਆ।
ਮਨਾਹੀ	0	ਘੱਟ ਗਿਣਤੀ ਭਾਸ਼ਾਵਾਂ ਦੀ ਮਨਾਹੀ ਹੈ।

ਸਰਕਾਰੀ ਵਤੀਰੇ ਅਤੇ ਨੀਤੀਆਂ ਦੇ ਅਧਾਰ 'ਤੇ ਪੰਜਾਬੀ ਵੱਖ-ਵੱਖ ਭੂਗੋਲਿਕ ਖੇਤਰਾਂ ਵਿੱਚ ਵੱਖ-ਵੱਖ ਅਵਸਥਾਵਾਂ ਵਿੱਚ ਹੈ। ਵਿਦੇਸ਼ਾਂ ਵਿੱਚ ਜਿੱਥੇ ਵੀ ਗਿਣਨਯੋਗ ਪੰਜਾਬੀ ਅਬਾਦੀ ਹੈ ਉਥੇ ਹੀ ਪੰਜਾਬੀ ਭਾਸ਼ਾ ਨੂੰ ਸਰਕਾਰੀ ਜਾਂ ਸੰਸਥਾਈ ਰੂਪ ਵਿੱਚ ਕੁਝ ਨਾ ਕੁਝ ਸਰਪ੍ਰਸਤੀ ਹਾਂਸਿਲ ਹੈ। ਕਨੇਡਾ ਵਿੱਚ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਦੀ ਵਰਤੋਂ ਨੂੰ ਵਕਾਰ ਵੀ ਹਾਂਸਿਲ ਹੈ। ਜਿੱਥੇ-ਜਿੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਹਨ ਉਹਨਾ ਵਿੱਚੋਂ ਬਹੁਤੇ ਦੇਸ਼ਾਂ ਵਿੱਚ ਭਾਸ਼ਾ ਨੀਤੀਆਂ ਮਾਹਿਰਾਂ ਦੀਆਂ ਪੜਚੋਲਾਂ ਅਤੇ ਰਇਆਂ 'ਤੇ ਅਧਾਰਤ ਹੋਣ ਕਰਕੇ ਸਰਕਾਰੀ ਪੱਧਰ 'ਤੇ ਥੋੜੀ ਜਾਂ ਬਹੁਤੀ ਸਰਪ੍ਰਸਤੀ ਹਾਂਸਿਲ ਕੀਤੀ ਜਾ ਸਕਦੀ ਹੈ। ਇੰਜ, ਜਿੱਥੋਂ ਤੱਕ ਸਰਕਾਰੀ ਨੀਤੀਆਂ ਦਾ ਸਵਾਲ ਹੈ, ਵਿਦੇਸ਼ਾਂ ਵਿੱਚ ਪੰਜਾਬੀ ਦੀ ਅਵਸਥਾ ਚੌਥੇ ਕੁ ਦਰਜੇ 'ਤੇ ਰੱਖੀ ਜਾ ਸਕਦੀ ਹੈ।

ਭਾਰਤ ਅਤੇ ਪਾਕਿਸਤਾਨ ਵਿਚਲੇ ਪੰਜਾਬਾਂ ਤੋਂ ਬਾਹਰਲੇ ਸੂਬਿਆਂ ਵਿੱਚ (ਦੋ-ਤਿੰਨ ਭਾਰਤੀ ਸੂਬਿਆਂ ਨੂੰ ਛੱਡ ਕੇ) ਕਿਸੇ ਵੀ ਸੂਬੇ ਵਿੱਚ ਘੱਟ ਗਿਣਤੀ ਭਾਸ਼ਾਵਾਂ ਲਈ ਕੋਈ ਪ੍ਰਤੱਖ ਸਰਕਾਰੀ ਯਤਨ ਨਜਰ ਨਹੀਂ ਆਉਂਦਾ। ਇੰਜ ਇਹਨਾਂ ਥਾਵਾਂ 'ਤੇ ਪੰਜਾਬੀ ਦੀ ਅਵਸਥਾ ਨੂੰ ਦੂਜੇ ਦਰਜੇ 'ਤੇ ਸਮਝਣਾ ਹੀ ਠੀਕ ਹੋਵੇਗਾ, ਯਾਨੀ ਕਿ ਵਿਦੇਸ਼ਾਂ ਵਿਚਲੀ ਅਵਸਥਾ ਤੋਂ ਵੀ ਹੇਠਾਂ। ਸਰਕਾਰੀ ਵਤੀਰੇ ਅਤੇ ਨੀਤੀਆਂ ਦੇ ਹਿਸਾਬ ਨਾਲ ਪਾਕਿਸਤਾਨੀ ਪੰਜਾਬ ਵਿੱਚ ਵੀ ਪੰਜਾਬੀ ਦੀ ਅਵਸਥਾ ਵਿਦੇਸ਼ਾਂ ਨਾਲੋਂ ਵੀ ਮਾੜੀ ਹੈ। ਭਾਰੂ ਭਾਸ਼ਾ (ਉਰਦੂ) ਹੀ ਸਰਕਾਰੀ ਕੰਮ ਕਾਜ ਦੀ ਭਾਸ਼ਾ ਹੈ। ਪੰਜਾਬੀ ਨੂੰ ਨਾ ਕੋਈ ਵਿਸ਼ੇਸ਼ ਮਾਣਤਾ ਪ੍ਰਾਪਤ ਹੈ ਅਤੇ ਨਾ ਹੀ ਸੁਰੱਖਿਆ। ਬਲਕਿ ਪੰਜਾਬੀ ਦੀ ਸਰਕਾਰੀ ਖੇਤਰਾਂ ਵਿੱਚ ਵਰਤੋਂ ਦੀ ਮਨਾਹੀ ਹੈ। ਇੰਜ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਵੱਲ ਸਰਕਾਰੀ ਵਤੀਰੇ ਅਤੇ ਨੀਤੀਆਂ ਨੂੰ 1 ਅੰਕ ਤੋਂ ਵੱਧ ਨਹੀਂ ਦਿੱਤਾ ਜਾ ਸਕਦਾ।

ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਵੱਲ ਸਰਕਾਰੀ ਖੇਤਰਾਂ ਦਾ ਵਤੀਰਾ ਕੋਈ ਉਤਸਾਹਜਨਕ ਨਹੀਂ ਹੈ। ਸਰਕਾਰੀ ਦਫ਼ਤਰਾਂ ਅਤੇ ਅਦਾਰਿਆਂ ਵਿੱਚ ਪੰਜਾਬੀ ਦੀ ਵਰਤੋਂ ਲਈ ਕਨੂੰਨ ਬਣ ਜਾਣ ਦੇ ਬਾਵਜੂਦ ਵੀ ਇਸ ਨੂੰ ਇਮਾਨਦਾਰੀ ਨਾਲ ਲਾਗੂ ਕਰਾਉਣ ਦੇ ਕੋਈ ਯਤਨ ਨਹੀਂ ਕੀਤੇ ਜਾ ਰਹੇ। ਜੇ ਕੋਈ ਹਿਲਜੁਲ ਹੁੰਦੀ ਵੀ ਹੈ ਤਾਂ ਬੱਸ ਜਨਤਕ ਦਬਾਅ ਹੇਠ।

ਕੁਝ ਸਾਲ ਪਹਿਲਾਂ ਵਾਪਰੀ ਇੱਕ ਘਿਰਣਾਯੋਗ ਘਟਨਾ (ਜਿਸਦਾ ਅਖ਼ਬਾਰਾਂ ਵਿੱਚ ਵੇਰਵਾ ਦਿੱਤਾ ਗਿਆ ਸੀ) ਦਾ ਜ਼ਿਕਰ ਹਾਲਤ ਨੂੰ ਸਮਝਣ ਵਿੱਚ ਸਹਾਈ ਹੋਵੇਗਾ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ (ਕਾਂਗਰਸ ਪਾਰਟੀ) ਦੇ ਨੇਤਾ ਸੁਨੀਲ ਜਾਖੜ ਜੀ ਨੇ ਅੰਗਰੇਜ਼ੀ ਵਿੱਚ ਬੋਲਣਾ ਸ਼ੁਰੂ ਕੀਤਾ ਤਾਂ ਇੱਕ ਮਾਣਯੋਗ ਮੈਂਬਰ ਨੇ ਉਹਨਾਂ ਨੂੰ ਪੰਜਾਬੀ ਵਿੱਚ ਬੋਲਣ ਦੀ ਤਾਕੀਦ ਕੀਤੀ। ਸ੍ਰੀ ਸੁਨੀਲ ਜਾਖੜ ਜੀ ਦਾ ਜਵਾਬ ਸੀ ਕਿ 'ਵਿਧਾਨ ਸਭਾ 'ਚ ਬੈਠੇ ਮੈਂਬਰ ਅੰਗਰੇਜ਼ੀ ਸਮਝ ਸਕਦੇ ਹਨ।' ਪੰਜਾਬ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਦੀ ਅੰਗਰੇਜ਼ੀ ਭਾਸ਼ਾ ਵਿੱਚ ਸਮਰੱਥਾ ਕਿੰਨੀ ਕੁ ਹੈ ਇਸ ਸਵਾਲ 'ਚ ਜਾਣ ਦੀ ਤਾਂ ਸਾਨੂੰ ਲੋੜ ਨਹੀਂ ਹੈ, ਪਰ ਸ੍ਰੀ ਸੁਨੀਲ ਜਾਖੜ ਜੀ ਨੂੰ ਇਹ ਪੁੱਛਣਾ ਬਣਦਾ ਹੈ ਕਿ ਪੰਜਾਬ ਵਿਧਾਨ ਸਭਾ ਦੀ ਬੈਠਕ ਵਿੱਚ ਗੱਲ ਪੰਜਾਬੀ ਵਿੱਚ ਬਿਹਤਰ ਸਮਝਾਈ ਜਾ ਸਕਦੀ ਹੈ ਜਾਂ ਅੰਗਰੇਜ਼ੀ ਵਿੱਚ। ਖੈਰ ! ਇਹ ਘਟਨਾ ਪੰਜਾਬ ਵਿੱਚ ਪੰਜਾਬੀ ਵੱਲ ਪੂਰੇ ਰਾਜਨੀਤਕ ਅਤੇ ਸਰਕਾਰੀ ਵਤੀਰੇ ਦਾ ਸਬੂਤ ਹੈ।

ਜਿੱਥੋਂ ਤੱਕ ਸਰਕਾਰੀ ਨੀਤੀਆ ਦਾ ਸਵਾਲ ਹੈ, ਪੰਜਾਬੀ ਭਾਸ਼ਾ ਪੰਜਾਬ ਦੀ ਰਾਜ ਭਾਸ਼ਾ ਹੈ। ਪਰ ਸਿੱਖਿਆ, ਪ੍ਰਸ਼ਾਸਨ ਅਤੇ ਹੋਰ ਸਰਕਾਰੀ ਖੇਤਰਾਂ ਵਿੱਚ ਅੰਗਰੇਜ਼ੀ ਭਾਸ਼ਾ ਦਾ ਦਖਲ ਮਾਰੂ ਢੰਗ ਨਾਲ ਜਾਰੀ ਹੈ। ਭਾਰੂ ਵਰਗ ਦੇ ਸਭ ਨਿਆਣੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਜਾ ਰਹੇ ਹਨ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦਾ ਭੋਗ ਪੈ ਚੁੱਕਾ ਹੈ। ਇੰਜ, ਨਿਸਚਤ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਜ਼ਿਕਰਯੋਗ ਸਿਖਲਾਈ ਦਾ ਭੋਗ ਪੈ ਚੁੱਕਾ ਹੈ। ਇਸ ਅਮਲ ਦੇ ਸਿੱਟੇ ਲਗਭਗ ਸਾਹਮਣੇ ਹਨ। ਪੰਜਾਬੀ ਦੀ ਵਰਤਮਾਨ ਨੌਜੁਆਨ ਪੀੜ੍ਹੀ ਵਿਚੋਂ ਪੰਜਾਬੀ ਭਾਸ਼ਾ ਦੀ ਜ਼ਿਕਰਯੋਗ ਮੁਹਾਰਤ ਲਗਭਗ ਖਤਮ ਹੋ ਚੁੱਕੀ ਹੈ। ਇਸ ਦੇ ਸਿੱਖਿਆ, ਗਿਆਨ, ਸਭਿਆਚਾਰ, ਸਾਹਿਤ, ਸੰਚਾਰ ਅਤੇ ਹੋਰ ਖੇਤਰਾਂ ਲਈ

Sri Satguru Jagjit Singh Ji eLibrary NamdhariElibrary@gmail.com

ਭਿਆਨਕ ਸਿੱਟੇ ਉਹਨਾਂ ਨੂੰ ਨਜਰ ਆ ਰਹੇ ਹਨ ਜੋ ਵੇਖ ਸਕਦੇ ਹਨ, ਅਤੇ ਉਹ ਕੁਰਲਾ ਵੀ ਰਹੇ ਹਨ।

ਕਿਉਂਕਿ ਮਾਤ ਭਾਸ਼ਾ ਦੀ ਚੰਗੀ ਸਿਖਲਾਈ ਅਤੇ ਮੁਹਾਰਤ ਤੋਂ ਬਿਨਾਂ ਦੂਜੀ ਜਾਂ ਵਿਦੇਸ਼ੀ ਭਾਸ਼ਾ ਵੀ ਸਫ਼ਲਤਾ ਨਾਲ ਨਹੀਂ ਸਿੱਖੀ ਜਾ ਸਕਦੀ, ਇਸ ਲਈ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਵਰਤਮਾਨ ਵਿੱਚ ਤਿਆਰ ਕੀਤੀ ਜਾ ਰਹੀ ਪੰਜਾਬੀ ਪੀੜ੍ਹੀ ਭਾਸ਼ਾਈ ਅਪੰਗਾਂ ਦੀ ਪੀੜ੍ਹੀ ਅਖਵਾਏਗੀ ਕਿਉਂਕਿ ਇਸ ਨੂੰ ਕਿਸੇ ਭਾਸ਼ਾ ਵਿੱਚ ਵੀ ਜ਼ਿਕਰਯੋਗ ਮੁਹਾਰਤ ਹਾਂਸਿਲ ਨਹੀਂ ਹੋਵੇਗੀ।

ਜਿੱਥੋਂ ਤੱਕ ਸਰਕਾਰੀ ਵਤੀਰੇ ਅਤੇ ਨੀਤੀਆਂ ਨੂੰ ਅੰਕ ਦੇਣ ਦਾ ਸਵਾਲ ਹੈ, ਇਹ ਕਹਿਣਾ ਬਣਦਾ ਹੈ ਕਿ ਸਰਕਾਰੀ ਨੀਤੀਆਂ ਵਿੱਚ ਪੰਜਾਬੀ ਨੂੰ ਸੁਰੱਖਿਆ ਆਦਰਸ਼ ਰੂਪ ਵਿੱਚ ਭਾਵੇਂ ਨਹੀਂ ਪਰ ਹਾਂਸਿਲ ਤਾਂ ਹੈ, ਪਰ ਸਰਕਾਰੀ ਵਤੀਰੇ ਕਰਕੇ ਇਹ ਨੀਤੀਆਂ ਠੀਕ ਤਰ੍ਹਾਂ ਅਮਲ ਵਿੱਚ ਨਹੀਂ ਆ ਰਹੀਆਂ। ਇੰਜ, ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਦੀ ਸਥਿਤੀ 3 ਤੇ 4 ਅੰਕਾਂ ਦੇ ਵਿਚਕਾਰ ਜਿਹੀ ਹੀ ਹੈ। ਇਥੇ ਇਹ ਵੀ ਗੱਲ ਯਾਦ ਰੱਖਣ ਵਾਲੀ ਹੈ ਕਿ ਉਚੇਰੀ ਸਿੱਖਿਆ ਵਿੱਚ ਵਿਗਿਆਨਾਂ, ਤਕਨੀਕੀ ਵਿਸ਼ਿਆਂ ਅਤੇ ਪੇਸ਼ੇਵਰ ਕੋਰਸਾਂ ਵਿੱਚੋਂ ਪੰਜਾਬ ਵਿੱਚ ਵੀ ਪੰਜਾਬੀ ਦੀ ਮਾਧਿਅਮ ਵੱਜੋਂ ਅਣਹੋਂਦ ਹੈ।

ਕਾਰਕ-VIII : ਭਾਸ਼ਾ ਸਮੂਹ ਦਾ ਭਾਸ਼ਾ ਵੱਲ ਵਤੀਰਾ: ਭਾਸ਼ਾ ਕਿਉਂਕਿ ਇਕ ਮਨੁੱਖੀ ਅਮਲ ਹੈ, ਇਸ ਲਈ ਕਿਸੇ ਭਾਸ਼ਾ ਸਮੂਹ ਦਾ ਆਪਣੀ ਭਾਸ਼ਾ ਪ੍ਰਤੀ ਵਤੀਰਾ ਅਤੇ ਯਤਨ ਉਸ ਭਾਸ਼ਾ ਦੇ ਜੀਵਨ, ਸਮਰੱਥਾ, ਤਾਕਤ, ਪਸਾਰ ਅਤੇ ਵਿਕਾਸ ਵਿੱਚ ਨਿਰਣਾਇਕ ਰੋਲ ਅਦਾ ਕਰਦੇ ਹਨ। ਇਹ ਕਹਿਣਾ ਸੱਚਾਈ ਤੋਂ ਦੂਰ ਨਹੀਂ ਕਿ ਕਿਸੇ ਭਾਸ਼ਾ ਦੀ ਬਾਕੀ ਖੇਤਰਾਂ ਵਿੱਚ ਸਥਿਤੀ ਲਈ ਉਸ ਭਾਸ਼ਾ ਸਮੂਹ ਦਾ ਆਪਣੀ ਭਾਸ਼ਾ ਵੱਲ ਵਤੀਰਾ ਫੈਸਲਾਕੁਨ ਰੋਲ ਅਦਾ ਕਰਦਾ ਹੈ। ਕਿਸੇ ਭਾਸ਼ਾ ਸਮੂਹ ਦੇ ਵਤੀਰੇ ਨੂੰ ਯੂਨੈਸਕੋ ਦੀ ਰਿਪੋਰਟ ਹੇਠਲੇ ਵਰਗਾਂ ਵਿੱਚ ਵੰਡਦੀ ਹੈ (ਯੂਨੈਸਕੋ 2003:15)

	ਸਾਰਣੀ ਕਾਰਕ- : ਭਾਸ਼ਾ ਸਮੂਹ ਦਾ ਭਾਸ਼ਾ ਵੱਲ ਵਤੀਰਾ:
ਦਰਜਾ	ਭਾਸ਼ਾ ਸਮੂਹ ਦਾ ਭਾਸ਼ਾ ਵੱਲ ਵਤੀਰਾ
5	ਸਾਰੇ ਵਿਅਕਤੀ ਆਪਣੀ ਭਾਸ਼ਾ ਦੀ ਕਦਰ ਕਰਦੇ ਹਨ ਅਤੇ ਇਸ ਦੀ ਤਰੱਕੀ ਵੇਖਣਾ ਚਾਹੁੰਦੇ ਹਨ।
4	ਬਹੁਤੇ ਵਿਅਕਤੀ ਆਪਣੀ ਭਾਸ਼ਾ ਬਰਕਰਾਰ ਰੱਖਣ ਦੀ ਹਮਾਇਤ ਕਰਦੇ ਹਨ।
3	ਬਹੁਤ ਵਿਅਕਤੀ ਆਪਣੀ ਭਾਸ਼ਾ ਬਰਕਰਾਰ ਰੱਖਣ ਦੀ ਹਮਾਇਤ ਕਰਦੇ ਹਨ: ਬਾਕੀ ਜਾਂ ਬੇਪਰਵਾਹ ਹਨ ਜਾਂ ਆਪਣੀ ਭਾਸ਼ਾ ਦੇ ਖਾਤਮੇ ਤੱਕ ਦੀ ਹਮਾਇਤ ਕਰ ਸਕਦੇ ਹਨ।
2	ਕੁਝ ਵਿਅਕਤੀ ਆਪਣੀ ਭਾਸ਼ਾ ਬਰਕਰਾਰ ਰੱਖਣ ਦੀ ਹਮਾਇਤ ਕਰਦੇ ਹਨ: ਬਾਕੀ ਜਾਂ ਬੇਪਰਵਾਹ ਹਨ ਜਾਂ ਆਪਣੀ ਭਾਸ਼ਾ ਦੇ ਖਤਰੇ ਤੱਕ ਦੀ ਹਮਾਇਤ ਕਰ ਸਕਦੇ ਹਨ।
1	ਕੇਵਲ ਕੁਝ ਕੁ ਵਿਅਕਤੀ ਆਪਣੀ ਭਾਸ਼ਾ ਬਰਕਰਾਰ ਰੱਖਣ ਦੀ ਹਮਾਇਤ ਕਰਦੇ ਹਨ: ਬਾਕੀ ਜਾਂ ਬੇਪਰਵਾਹ ਹਨ ਜਾਂ ਆਪਣੀ ਭਾਸ਼ਾ ਦੇ ਖਾਤਮੇ ਤੱਕ ਹੀ ਹਮਾਇਤ ਕਰ ਸਕਦੇ ਹਨ।
0	ਕੋਈ ਵੀ ਆਪਣੀ ਭਾਸ਼ਾ ਦੇ ਖਤਮ ਹੋਣ ਦੀ ਪਰਵਾਹ ਨਹੀਂ ਕਰਦਾ: ਸਾਰੇ ਭਾਰੂ ਭਾਸ਼ਾ ਵਰਤਣ ਨੂੰ ਪਹਿਲ ਦੇਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਇਹ ਬੜੇ ਫਿਕਰ ਵਾਲੀ ਗੱਲ ਹੈ ਕਿ ਉਪਰੋਕਤ ਕਾਰਕ, ਜਿਹੜਾ ਕਾਰਕ ਭਾਸ਼ਾ ਦੇ ਜੀਵਨ ਅਤੇ ਵਿਕਾਸ ਲਈ ਸਭ ਤੋਂ ਮਹੱਤਵਪੂਰਨ ਹੈ, ਉਸ ਪੱਖੋਂ ਵੀ ਪੰਜਾਬੀ ਦੀ ਅਵਸਥਾ ਉਤਸ਼ਾਹ ਪੈਦਾ ਕਰਨ ਵਾਲੀ ਨਹੀਂ ਹੈ।

ਵਿਦੇਸ਼ਾਂ ਵਿੱਚ ਪੰਜਾਬੀਆਂ ਵਿੱਚ ਆਪਣੀ ਭਾਸ਼ਾ ਦੀ ਫਿਕਰਮੰਦੀ ਦਾ ਅਹਿਸਾਸ ਜ਼ਰੂਰ ਨਜ਼ਰ ਆਉਂਦਾ ਹੈ ਅਤੇ ਉਹ ਇਸ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਵੀ ਨਜ਼ਰ ਆਉਂਦੇ ਹਨ। ਪਰ ਇਹ ਗੱਲ ਵਿਦੇਸ਼ਾਂ ਵਿੱਚ ਜੰਮੀ-ਪਲੀ ਨਵੀਂ ਪੀੜ੍ਹੀ ਬਾਰੇ ਕਹਿਣੀ ਔਖੀ ਹੈ। ਭਾਰਤ ਅਤੇ ਪਾਕਿਸਤਾਨ ਵਿੱਚ ਪੰਜਾਬਾਂ ਤੋਂ ਬਾਹਰਲੇ ਸੂਬਿਆਂ ਵਿੱਚ ਪੰਜਾਬੀਆਂ ਵਿੱਚ ਆਪਣੀ ਭਾਸ਼ਾ ਨੂੰ ਬਰਕਰਾਰ ਰੱਖਣ ਦੀ ਇੱਛਾ ਸਾਰੇ ਭਾਸ਼ਾ ਸਮੂਹ ਵਿੱਚ ਇਕਸਾਰ ਨਜ਼ਰ ਨਹੀਂ ਆਉਂਦੀ। ਸਿੱਖ ਧਾਰਮਿਕ ਹਲਕੇ ਧਾਰਮਿਕ ਕਾਰਣਾਂ ਕਰਕੇ ਪੰਜਾਬੀ ਭਾਸ਼ਾ ਨੂੰ ਬਰਕਰਾਰ ਰੱਖਣ ਲਈ ਹਮਾਇਤ ਕਰਦੇ ਹਨ। ਦੂਜੇ ਹਲਕਿਆਂ ਵਿਚੋਂ ਕੁਝ ਵਿਅਕਤੀ ਹੀ ਹਮਾਇਤੀ ਕਾਰਵਾਈਆਂ ਵਿੱਚ ਲੱਗੇ ਨਜ਼ਰ ਆਉਂਦੇ ਹਨ ਅਤੇ ਸਮੂਹਿਕ ਸਰਗਰਮੀਆਂ ਦੀ ਲਗਭਗ ਅਣਹੋਂਦ ਹੀ ਹੈ। ਕੁਝ ਸੂਬਿਆਂ ਵਿੱਚ (ਜਿੱਥੇ ਪੰਜਾਬੀ ਦੂਜੀ ਵੱਡੀ ਵਿਣਤੀ ਵਿੱਚ ਮੌਜੂਦ ਹਨ ਜਿਵੇਂ ਦਿੱਲੀ ਅਤੇ ਹਰਿਆਣਾ) ਪੰਜਾਬੀ ਭਾਸ਼ਾ ਲਈ ਕੁਝ ਸਮੂਹਿਕ ਹਮਾਇਤੀ ਕਾਰਵਾਈਆਂ ਵੇਖਣ ਨੂੰ ਮਿਲਦੀਆਂ ਹਨ। ਪਾਕਿਸਤਾਨੀ ਪੰਜਾਬ ਵਿੱਚ ਵੀ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਸਮੂਹਿਕ ਹਮਾਇਤੀ ਕਾਰਵਾਈਆਂ ਬਹੁਤ ਨਿਗੂਣੀਆਂ ਹਨ ਅਤੇ ਜੋ ਹਨ ਉਹ ਵੀ ਬਹੁਤੀਆਂ ਸਾਹਿਤਕ ਹਲਕਿਆਂ ਤੱਕ ਹੀ ਸੀਮਤ ਲੱਗਦੀਆਂ ਹਨ। ਇੰਜ, ਭਾਰਤ ਅਤੇ ਪਾਕਿਸਤਾਨ ਵਿੱਚ ਪੰਜਾਬੋਂ ਬਾਹਰਲੇ ਸੂਬਿਆਂ ਵਿੱਚ ਅਤੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਦੀ ਅਵਸਥਾ 2 ਅੰਕਾਂ ਵਾਲੀ ਹੀ ਲੱਗਦੀ ਹੈ।

ਭਾਰਤੀ ਪੰਜਾਬ ਦੇ ਪੰਜਾਬੀਆਂ ਦਾ ਪੰਜਾਬੀ ਪ੍ਰਤੀ ਵਤੀਰਾ ਬਿਹਤਰ ਹੈ ਪਰ ਇਥੇ ਲਈ ਵੀ ਚਿੰਤਾ ਤੇ ਕਾਰਣ ਹਨ। ਸੱਤਾ, ਸਮਾਜ ਤੇ ਅਰਥਚਾਰੇ ਵਿੱਚ ਭਾਰੂ ਵਰਗ ਦੀ ਭਾਸ਼ਾ ਹੀ ਭਾਰੂ ਭਾਸ਼ਾ ਹੁੰਦੀ ਹੈ ਅਤੇ ਜਨਸਧਾਰਣ ਉਸੇ ਭਾਸ਼ਾ ਨੂੰ ਵਕਾਰੀ ਭਾਸ਼ਾ ਸਮਝਦਾ ਹੈ। ਪੰਜਾਬ ਦਾ ਭਾਰੂ ਵਰਗ ਵਧੇਰੇ ਤੋਂ ਵਧੇਰੇ ਅੰਗਰੇਜ਼ੀ ਅਤੇ ਕਿਸੇ ਹੱਦ ਤੱਕ ਹਿੰਦੀ ਵੱਲ ਖਿੱਚਿਆ ਜਾ ਰਿਹਾ ਹੈ। ਅੰਗਰੇਜ਼ੀ ਵੱਲ ਖਿੱਚੇ ਜਾਣ ਦਾ ਵੱਡਾ ਕਾਰਨ ਭਾਰੂ ਵਰਗ ਦਾ ਸੁਆਰਥ ਹੈ ਜੋ ਅੰਗਰੇਜ਼ੀ ਭਾਸ਼ਾ ਰਾਹੀਂ ਸਿੱਖਿਆ, ਸੱਤਾ ਅਤੇ ਆਰਥਿਕ ਸਰਗਰਮੀ ਦੇ ਖੇਤਰਾਂ ਵਿੱਚ ਆਪਣੀ ਧੌਂਸ ਕਾਇਮ ਰੱਖਣੀ ਚਾਹੁੰਦਾ ਹੈ। ਚੇਤਨਾ ਦੀ ਘਾਟ ਕਾਰਣ ਜਨਸਧਾਰਣ ਭਾਰੂ ਵਰਗ ਦੀ ਸੱਤਾ ਅਤੇ ਖੁਸ਼ਹਾਲੀ ਦਾ ਇੱਕ ਕਾਰਨ ਅੰਗਰੇਜ਼ੀ ਭਾਸ਼ਾ ਨੂੰ ਸਮਝੀ ਬੈਠਾ ਹੈ। ਭਾਰੂ ਵਰਗ ਦੇ ਸੁਆਰਥ ਦੇ ਨਾਲ-ਨਾਲ ਰਾਜਸੀ ਅਤੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਭਾਸ਼ਾ ਨੀਤੀ ਪ੍ਰਤੀ ਅਗਿਆਨਤਾ ਵੀ ਪੋਹ ਮਹੀਨੇ ਦੀ ਮੱਸਿਆ ਦੀ ਅੱਧੀ ਰਾਤ ਦੇ ਹਨੇਰੇ ਵਾਂਗ ਪੱਸਰੀ ਹੋਈ ਹੈ। ਨਤੀਜੇ ਵੱਜੋਂ ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਭਾਸ਼ਾ ਪ੍ਰਤੀ ਵਤੀਰਾ, ਕੁਝ ਕੁ ਚੇਤੰਨ ਹਲਕਿਆਂ ਨੂੰ ਛੱਡ ਕੇ, ਨਿਰਾਸ਼ਾ ਪੈਦਾ ਕਰਨ ਵਾਲਾ ਹੀ ਹੈ। ਸੋ, ਪੰਜਾਬੀ ਭਾਸ਼ਾ ਦੀ ਤਰੱਕੀ ਦੀ ਇੱਛਾ ਰੱਖਦਿਆਂ ਹੋਇਆਂ ਵੀ, ਭਾਰਤੀ ਪੰਜਾਬ ਦੀ ਅਬਾਦੀ ਪੰਜਾਬੀ ਭਾਸ਼ਾ ਦੇ ਜੀਵਨ ਅਤੇ ਵਿਕਾਸ ਲਈ ਹਮਾਇਤੀ ਸਰਗਰਮੀਆਂ ਵਿੱਚ ਬਹੁਤਾ ਹਿੱਸਾ ਨਹੀਂ ਲੈਂਦੀ। ਇਸ ਤੋਂ ਵੀ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬ ਦਾ ਜਨਸਧਾਰਣ ਵੀ ਅੰਗਰੇਜ਼ੀ ਅਤੇ ਹਿੰਦੀ ਨੂੰ ਪੰਜਾਬੀ ਭਾਸ਼ਾ ਨਾਲੋਂ ਵਕਾਰੀ ਭਾਸ਼ਾਵਾਂ ਕਿਆਸ ਕਰੀ ਬੈਠਾ ਹੈ ਅਤੇ ਪੰਜਾਬ ਵਿੱਚ ਵੀ ਪੰਜਾਬੀ ਪਰਿਵਾਰਾਂ ਵਿੱਚ ਘਰ ਵਿੱਚ ਅੰਗਰੇਜ਼ੀ ਅਤੇ ਹਿੰਦੀ ਬੋਲਣ ਦਾ ਰਿਵਾਜ ਵਾਧੇ ਦੀ ਦਿਸ਼ਾ ਵਿੱਚ ਹੈ। ਅੰਗਰੇਜ਼ੀ ਭਾਸ਼ੀ ਸਕੂਲਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ ਦੀ ਇਜਾਜ਼ਤ ਨਾ ਹੋਣ ਦਾ ਤੱਥ ਤਾਂ ਹਰ ਕੋਈ ਜਾਣਦਾ ਹੀ ਹੈ। ਸੋ, ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਭਾਸ਼ੀਆਂ ਦਾ ਪੰਜਾਬੀ ਵੱਲ ਵਤੀਰਾ 3-4 ਅੰਕਾਂ ਦੇ ਵਿਚਕਾਰਲੀ ਸਥਿਤੀ ਵਿੱਚ ਹੀ ਹੈ।

ਕਾਰਕ-IX : ਭੰਡਾਰੀਕਰਣ ਦੀ ਕਿਸਮ ਅਤੇ ਗੁਣਵੱਤਾ : ਭਾਸ਼ਾ ਦੇ ਜੀਵਨ ਅਤੇ ਵਿਕਾਸ ਲਈ ਲਿਖਤੀ ਸਮੱਗਰੀ ਦੀ ਮਿਕਦਾਰ, ਕਿਸਮ ਅਤੇ ਗੁਣਵੱਤਾ ਬਹੁਤ ਮਹੱਤਵਪੂਰਨ ਹੈ। ਇਸ ਅਧਾਰ 'ਤੇ ਯੂਨੈਸਕੋ ਦੀ ਰਿਪੋਰਟ ਭਾਸ਼ਾਵਾਂ ਦੀ ਅਵਸਥਾ ਨੂੰ ਹੇਠਲੇ ਪੰਜ ਵਰਗਾਂ ਵਿੱਚ ਵੰਡਦੀ ਹੈ (ਯੂਨੈਸਕੋ 2003:16):

ਸਾਰਣੀ ਕਾਰਕ-IX : ਭੰਡਾਰੀਕਰਣ ਦੀ ਕਿਸਮ ਅਤੇ ਗੁਣਵੱਤਾ :=

ਭੰਡਾਰੀਕਰਣ ਦਾ ਪੱਧਰ	ਦਰਜਾ	ਭਾਸ਼ਾ ਭੰਡਾਕੀਕਰਣ
ਉੱਤਮ	5	ਵੱਡੇ ਕੋਸ਼ ਅਤੇ ਵਿਆਕਰਣਾਂ ਅਤੇ ਵਿਸਤਰਿਤ ਪਾਠ ਸਮੱਗਰੀ ਹਾਸਲ ਹੈ ਅਤੇ ਭਾਸ਼ਾ ਸਮੱਗਰੀ ਲਗਾਤਾਰ ਪੈਦਾ ਹੋ ਰਹੀ ਹੈ। ਉੱਚ ਦਰਜੇ ਦੇ ਅਤੇ ਵੱਡੀ ਪੱਧਰ 'ਤੇ ਸਰਵਣੀ ਅਤੇ ਦਰਸ਼ਨੀ ਸਰੋਤ ਵੇਰਵਿਆਂ ਸਹਿਤ ਹਾਂਸਿਲ ਹਨ।

Sri Satguru Jagjit Singh Ji eLibrary NamdhariElibrary@gmail.com

ਚੰਗਾ	4	ਇਕ ਚੰਗਾ ਵਿਆਕਰਣ ਹਾਂਸਿਲ ਹੈ; ਲੋੜਯੋਗ ਵਿਆਕਰਣਾਂ, ਕੋਸ਼, ਪਾਠ-ਸਮੱਗਰੀ ਅਤੇ ਸਾਹਿਤ ਹਾਸਲ ਹੈ: ਰੋਜ਼ਾਨਾ ਸੰਚਾਰ ਮਾਧਿਅਮ ਦੇ ਸਾਧਨ ਮੌਜੂਦ ਹਨ, ਅਤੇ ਉੱਚੇ ਦਰਜੇ ਦੇ ਅਤੇ ਵੱਡੀ ਪੱਧਰ 'ਤੇ ਸਰਵਣੀ ਅਤੇ ਦਰਸ਼ਨੀ ਸਰੋਤ ਵੇਰਵਿਆਂ ਸਹਿਤ ਹਾਸਲ ਹਨ।
ਸੰਤੋਸ਼ਜਨਕ	3	ਇਕ ਲੋੜਯੋਗ ਜਾਂ ਕਈ ਆਮ ਵਿਆਕਰਣ, ਕੋਸ਼ ਅਤੇ ਪਾਠ ਸਮੱਗਰੀ ਹਾਸਲ ਹੈ ਪਰ ਰੋਜ਼ਾਨਾ ਸੰਚਾਰ-ਮਧਿਅਮ ਹਾਸਲ ਨਹੀਂ ਹਨ: ਘੱਟ-ਵੱਧ ਗੁਣਵੱਤਾ ਵਾਲੇ ਅਤੇ ਘੱਟ-ਵੱਧ ਵੇਰਵਿਆਂ ਸਹਿਤ ਸਰਵਣੀ ਅਤੇ ਦਰਸ਼ਨੀ ਸਰੋਤ ਹਾਸਲ ਹੋ ਸਕਦੇ ਹਨ।
ਮਾਮੂਲੀ	2	ਕੁਝ ਵਿਆਕਰਣ ਰੂਪ-ਰੇਖਾਵਾਂ, ਸ਼ਬਦ-ਸੂਚੀਆਂ ਅਤੇ ਪਾਠ ਸਮੱਗਰੀ ਹਾਸਲ ਹਨ ਜੋ ਸੀਮਿਤ ਜਿਹੀ ਭਾਸ਼ਾ ਵਿਗਿਆਨਕ ਖੋਜ ਲਈ ਕੰਮ ਸਾਰ ਕਰਦੀਆਂ ਹਨ ਪਰ ਇਹਨਾਂ ਦਾ ਘੇਰਾ ਸੀਮਤ ਜਿਹਾ ਹੈ। ਘੱਟ-ਵੱਧ ਗੁਣਵੱਤਾ ਵਾਲੇ (ਵੇਰਵਿਆਂ ਸਹਿਤ ਜਾਂ ਵੇਰਵਿਆਂ ਤੋਂ ਬਿਨਾਂ) ਸਰਵਣੀ ਅਤੇ ਦਰਸ਼ਨੀ ਸਰੋਤ ਹਾਸਲ ਹਨ।
ਨਾਕਾਫੀ	1	ਕੇਵਲ ਕੁਝ ਕੁ ਵਿਆਕਰਣਕ ਰੂਪ-ਰੇਖਾਵਾਂ, ਸੰਖੇਪ ਸ਼ਬਦ-ਸੂਚੀਆਂ ਅਤੇ ਟੁੱਟੀ-ਫੁੱਟੀ ਪਾਠ ਸਮੱਗਰੀ ਹਾਸਲ ਹੈ। ਸਰਵਣੀ ਅਤੇ ਦਰਸ਼ਨੀ ਸਰੋਤ ਜਾਂ ਹਾਸਲ ਨਹੀਂ ਜਾਂ ਵਰਤੋਯੋਗ ਨਹੀਂ ਜਾਂ ਕੋਈ ਵੇਰਵੇ ਨਹੀਂ ਦਿੱਤੇ ਗਏ।
ਕੋਈ ਭੰਡਾਰੀਕਰਣ ਨਹੀਂ	0	ਕਿਸੇ ਸਮੱਗਰੀ ਦੀ ਹੋਂਦ ਨਹੀਂ ਹੈ।

ਹੋਰ ਕਾਰਕਾਂ ਦੇ ਮੁਕਾਬਲੇ ਭੰਡਾਰੀਕਰਣ ਦੇ ਨਜ਼ਰੀਏ ਤੋਂ ਪੰਜਾਬੀ ਭਾਸ਼ਾ ਦੀ ਅਵਸਥਾ ਭਾਰਤ ਵਾਲੇ ਪਾਸੇ ਉਤਸ਼ਾਹ ਦੇਣ ਵਾਲੀ ਹੈ। ਪੰਜਾਬੀ ਭਾਸ਼ਾ ਵਿੱਚ ਵੱਡੀ ਮਾਤਰਾ ਵਿੱਚ ਹਵਾਲਾ ਸਮੱਗਰੀ, ਪਾਠ-ਸਮੱਗਰੀ ਅਤੇ ਕਲਾ ਸਮੱਗਰੀ ਹਾਂਸਿਲ ਹੈ। ਇਹਨਾਂ ਦੀ ਪੱਧਰ ਭਾਵੇਂ ਦੁਨੀਆਂ ਦੀਆਂ ਵਧੇਰੇ ਪਰਚਲਤ ਭਾਸ਼ਾਵਾਂ ਅੰਗਰੇਜ਼ੀ, ਫਰਾਂਸੀਸੀ, ਜਰਮਨ ਆਦਿ ਦੇ ਪੱਧਰ ਦੀ ਤਾਂ ਭਾਵੇਂ ਨਹੀਂ ਹੈ, ਪਰ ਇਹ ਸਮੱਗਰੀ ਪੰਜਾਬੀ ਭਾਸ਼ਾ ਦੀ ਵਰਤੋਂ ਦੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ। ਵਿਗਿਆਨ ਅਤੇ ਤਕਨਾਲੋਜੀ ਆਦਿ ਦੀ ਉੱਚ ਸਿੱਖਿਆ ਲਈ ਸਮੱਗਰੀ ਦੀ ਘਾਟ ਜ਼ਰੂਰ ਹੈ ਪਰ ਇਹ ਸਮੱਗਰੀ ਥੋੜ੍ਹੇ ਯਤਨ ਨਾਲ ਪੈਦਾ ਕੀਤੀ ਜਾ ਸਕਦੀ ਹੈ ਅਤੇ ਇਸ ਲਈ ਅਧਾਰ ਮੌਜੂਦ ਹੈ।

ਇਹ ਜ਼ਰੂਰ ਚਿੰਤਾ ਵਾਲੀ ਗੱਲ ਹੈ ਕਿ ਸ਼ਬਦਾਵਲੀ ਦੀ ਪੱਧਰ ਤੇ ਭਾਰਤੀ ਪੰਜਾਬੀ ਅਤੇ ਪਾਕਿਸਤਾਨੀ ਪੰਜਾਬੀ ਕਾਫ਼ੀ ਦੂਰ ਹੋ ਗਈਆਂ ਹਨ ਅਤੇ ਇਕ ਪਾਸੇ ਦੀ ਤਕਨੀਕੀ ਸਮੱਗਰੀ ਦੂਜੇ ਪਾਸੇ ਵਰਤਣੀ ਔਖੀ ਹੈ। ਪਾਕਿਸਤਾਨ ਵਾਲੇ ਪਾਸੇ ਪੰਜਾਬੀ ਸਮੱਗਰੀ ਬਹੁਤ ਸੀਮਤ ਮਾਤਰਾ ਵਿੱਚ ਮਿਲਦੀ ਹੈ ਅਤੇ ਉਹ ਵੀ ਵਧੇਰੇ ਸਾਹਿਤਕ ਕਿਸਮ ਦੀ ਹੈ।

ਵਿਗਿਆਨ, ਤਕਨਾਲੋਜੀ ਅਤੇ ਸਿੱਖਿਆ ਲਈ ਲੋੜੀਂਦੀ ਸਮੱਗਰੀ ਪਾਕਿਸਤਾਨ ਵਿੱਚ ਵਰਤਮਾਨ ਵਿੱਚ ਬਿਲਕੁਲ ਹੀ ਤਿਆਰ ਨਹੀਂ ਕੀਤੀ ਗਈ।

ਇੰਜ, ਸਮੱਗਰੀ ਦੀ ਹੋਂਦ ਦੇ ਅਧਾਰ 'ਤੇ ਪਾਕਿਸਤਾਨ ਵਿੱਚ ਪੰਜਾਬੀ ਦੀ ਅਵਸਥਾ 2 ਅੰਕਾਂ ਤੋਂ ਵੱਧ ਵਾਲੀ ਨਹੀਂ ਲੱਗਦੀ।

ਭਾਰਤ ਵਿੱਚ ਸਮੱਗਰੀ ਦੀ ਹੋਂਦ ਦੇ ਅਧਾਰ 'ਤੇ ਪੰਜਾਬੀ ਦੀ ਅਵਸਥਾ 4 ਅਤੇ 5 ਅੰਕਾਂ ਦਰਮਿਆਨ ਰੱਖੀ ਜਾ ਸਕਦੀ ਹੈ।

ਨਿਚੋੜ: ਭਾਸ਼ਾ ਕਿਉਂਕਿ ਸਮਾਜਿਕ ਵਰਤਾਰਾ ਹੈ, ਇਸ ਲਈ ਭਾਸ਼ਾਈ ਮਸਲਿਆਂ ਨੂੰ ਗਣਿਤਕ ਰੂਪ ਵਿੱਚ ਪੇਸ਼ ਕਰਨਾ ਕਠਿਨ ਹੈ। ਪਰ ਹੇਠਲੀ ਸਾਰਣੀ ਪੰਜਾਬੀ ਭਾਸ਼ਾ ਦੀ ਅਵਸਥਾ ਨੂੰ ਸਮਝਣ ਵਿੱਚ ਜ਼ਰੂਰ ਮਦਦ ਕਰ ਸਕਦੀ ਹੈ (ਸਾਰੇ ਅੰਕ ਕੁੱਲ 5 ਅੰਕਾਂ ਵਿੱਚੋਂ ਹਨ):

ਕਾਰਕ ਅੰਕ	ਕਾਰਕ ਦਾ ਨਾਂ	ਭਾਰਤੀ ਪੰਜਾਬ	ਪਾਕਿਸਤਾਨੀ ਪੰਜਾਬ	ਭਾਰਤ-ਪਾਕਿ ਦੇ ਹੋਰ ਸੂਬੇ	ਵਿਦੇਸ਼
1.	ਪੀੜ੍ਹੀ-ਦਰ ਪੀੜ੍ਹੀ ਸੰਚਾਰ	4	3	2	2
2.	ਬੁਲਾਰਿਆਂ ਦੀ ਗਿਣਤੀ	5	5	3	2
3.	ਕੁੱਲ ਅਬਾਦੀ ਵਿਚ ਬੁਲਾਰਿਆਂ ਦਾ ਅਨੁਪਾਤ	4	3	2	2

Sri Satguru Jagjit Singh Ji eLibrary NamdhariElibrary@gmail.com

4	ਭਾਸ਼ਾਈ ਵਰਤੋਂ ਦੇ ਖੇਤਰਾਂ ਵਿੱਚ ਪਰਚਲਨ	3	2	ਭਾਰਤ-2 ਪਾਕਿ-1	1
5.	ਨਵੇਂ ਖੇਤਰਾਂ ਅਤੇ ਸੰਚਾਰ ਮਾਧਿਅਮਾਂ ਨੂੰ ਹੁੰਗਾਰਾ	3.5	1	ਭਾਰਤ-2 ਪਾਕਿ-1	2
6.	ਭਾਸ਼ਾਈ ਸਿੱਖਿਆ ਅਤੇ ਸਾਖਰਤਾ ਲਈ ਹਾਸਲ ਸਮੱਗਰੀ	4.5	1	ਭਾਰਤ-2 ਪਾਕਿ-1	2
7.	ਸਰਕਾਰ ਅਤੇ ਸੰਸਥਾਵਾਂ ਦਾ ਭਾਸ਼ਾਈ ਵਤੀਰਾ ਅਤੇ ਨੀਤੀਆਂ	3.5	1	ਭਾਰਤ-2 ਪਾਕਿ-1	4
8.	ਭੰਡਾਰੀਕਰਣ ਦੀ ਕਿਸਮ ਅਤੇ ਗੁਣਵੱਤਾ	4.5	2	ਭਾਰਤ-3 ਪਾਕਿ-1	2
9.	ਭਾਸ਼ਾਈ ਸਮੂਹ ਦਾ ਭਾਸ਼ਾਈ ਵਤੀਰਾ	3.5	2	ਭਾਰਤ-3 ਪਾਕਿ-2	2
	ਜੋੜ 9*5=45 ਵਿੱਚੋਂ	**35.5**	**20**	**ਭਾਰਤ-20 ਪਾਕਿ-13**	**18**

ਪੰਜਾਬੀ ਭਾਸ਼ਾ ਦਾ ਭਵਿੱਖ: ਪੰਜਾਬੀ ਭਾਸ਼ਾ ਨੂੰ ਮੋਹ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਇਹ ਅੰਕੜੇ ਬੜਾ ਡਰ ਪੈਦਾ ਕਰਨ ਵਾਲੇ ਹਨ ਕਿਉਂਕਿ ਪੂਰੀ ਤਰ੍ਹਾਂ ਸੁਰੱਖਿਅਤ ਉਹ ਭਾਸ਼ਾ ਹੀ ਕਹੀ ਜਾ ਸਕਦੀ ਹੈ ਜੋ 45ਆਂ ਵਿਚੋਂ 45 ਅੰਕ ਹੀ ਪ੍ਰਾਪਤ ਕਰਦੀ ਹੋਵੇ, ਜਾਂ ਇਸ ਅੰਕੜੇ ਦੇ ਕਰੀਬ ਹੋਵੇ। ਪਾਕਿਸਤਾਨ ਵਿਚ ਪੰਜਾਬੀ ਬੁਲਾਰਿਆਂ ਦੀ ਦੋ-ਤਿਹਾਈ ਗਿਣਤੀ ਵੱਸਦੀ ਹੈ, ਪਰ ਪਾਕਿਸਤਾਨ ਵਿਚ ਪੰਜਾਬੀ ਦੀ ਦਸ਼ਾ ਵਿਦੇਸ਼ਾਂ ਤੋਂ ਵੀ ਮਾੜੀ ਹੈ। ਸੋ, ਜੇ ਪਾਕਿਸਤਾਨ ਵਿਚ ਮੌਜੂਦਾ ਰੁਝਾਨ ਜਾਰੀ ਰਹਿੰਦਾ ਹੈ ਤਾਂ ਉਥੇ ਪੰਜਾਬੀ ਬਹੁਤ ਜ਼ਿਆਦਾ ਦਹਾਕਿਆਂ ਦੀ ਪ੍ਰਾਹੁਣੀ ਨਹੀਂ ਹੈ ਤੇ ਭਾਰਤ ਵਿਚ ਵੀ ਪੰਜਾਬੀ ਨੂੰ ਖਤਰੇ ਤੋਂ ਬਾਹਰ ਨਹੀਂ ਕਿਹਾ ਜਾ ਸਕਦਾ।

ਇਥੇ ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਜੇ ਪੰਜਾਬੀ ਸਦੀਆਂ ਤੋਂ ਕਾਇਮ ਹੈ ਤਾਂ ਭਵਿੱਖ ਵਿਚ ਪੰਜਾਬੀ ਨੂੰ ਏਡਾ ਵੱਡਾ ਖਤਰਾ ਕਿਉਂ ਹੈ?

ਅਜਿਹੇ ਸਵਾਲ ਦਾ ਜਵਾਬ ਇਹਨਾਂ ਸਤਰਾਂ ਦਾ ਲੇਖਕ ਆਪਣੇ ਇਕ ਲੇਖ ਵਿਚ ਪਹਿਲਾਂ ਵੀ ਦੇ ਚੁੱਕਾ ਹੈ। ਇਥੇ ਉਹ ਜਵਾਬ ਹੀ ਦੁਹਰਾਇਆ ਜਾ ਰਿਹਾ ਹੈ। ਭਾਰਤੀ ਉਪ-ਮਹਾਂਦੀਪ ਦੀ ਅਜ਼ਾਦੀ ਤੋਂ ਬਾਅਦ ਦੀ ਭਾਸ਼ਾਈ ਸਥਿਤੀ ਪਹਿਲੇ ਸਮੇਂ ਨਾਲੋਂ ਬਦਲ ਗਈ ਹੈ। ਸਿੱਖਿਆ, ਪ੍ਰਸ਼ਾਸਨ ਅਤੇ ਸੰਚਾਰ ਮਾਧਿਅਮਾਂ ਦੇ ਸੀਮਤ ਪਸਾਰ ਕਰਕੇ ਅਜ਼ਾਦੀ ਤੋਂ ਪਹਿਲਾ ਭਾਰਤੀ ਉਪਮਹਾਂਦੀਪ ਦੀ ਲਗਭਗ ਸਮੂਹ ਅਬਾਦੀ ਆਪਣੀਆਂ ਮਾਤ ਭਾਸ਼ਾਵਾਂ ਦੇ ਭਾਸ਼ਾਈ ਪ੍ਰਸੰਗ ਵਿਚ ਹੀ ਵਿਚਰਦੀ ਸੀ। ਪਰ ਅਜ਼ਾਦੀ ਤੋਂ ਬਾਅਦ ਸਕੂਲੀ ਸਿੱਖਿਆ, ਪ੍ਰਸ਼ਾਸਨ ਅਤੇ ਸੰਚਾਰ ਮਾਧਿਅਮਾਂ ਦਾ ਵੱਡਾ ਪਸਾਰ ਹੋਇਆ ਹੈ (ਭਾਵੇਂ ਪਾਕਿਸਤਾਨ ਵਿਚ ਹਾਲਤ ਮਾੜੀ ਹੀ ਹੈ) ਅਤੇ ਇਸ ਪਸਾਰ ਰਾਹੀਂ ਪੰਜਾਬੀ ਅਬਾਦੀ ਦਾ ਗੈਰ-ਪੰਜਾਬੀ ਭਾਸ਼ਾਵਾਂ ਨਾਲ ਬਹੁਤ ਵੱਡੇ ਪੱਧਰ 'ਤੇ ਵਾਹ ਪਿਆ ਹੈ ਅਤੇ ਮੰਦੇ ਭਾਗੀ ਇਹਨਾਂ ਦੂਜੀਆਂ ਭਾਸ਼ਾਵਾਂ ਨੂੰ ਸਰਕਾਰੇ ਦਰਬਾਰੇ ਮਾਤ-ਭਾਸ਼ਾਵਾਂ ਨਾਲੋਂ ਕਿਧਰੇ ਵੱਡਾ ਰੁਤਬਾ ਹਾਂਸਿਲ ਹੈ।

ਪਾਕਿਸਤਾਨ ਦੇ ਜਨਮ ਦਿਨ ਤੋਂ ਹੀ ਪਾਕਿਸਤਾਨ ਨੇ ਤਾਂ ਸਿੱਖਿਆ ਦਾ ਮਾਧਿਅਮ ਕੇਵਲ ਉਰਦੂ ਅਤੇ ਅੰਗਰੇਜ਼ੀ ਨੂੰ ਹੀ ਬਣਾਇਆ ਹੋਇਆ ਹੈ। ਭਾਰਤ ਵਿਚ 80ਵਿਆਂ ਤੱਕ ਹਾਲਤ ਕੁਝ ਠੀਕ ਸੀ ਪਰ 80ਵਿਆਂ ਤੋਂ ਬਾਅਦ ਰਾਜਸੀ ਅਤੇ ਭਾਰੂ ਵਰਗ ਦੀ ਅਕਲ (ਅਤੇ ਨੀਯਤ) ਨੂੰ ਪੁੱਠਾ ਗੇੜਾ ਆ ਗਿਆ ਹੈ। ਮਾਤ ਭਾਸ਼ਾ ਅਤੇ ਸਿੱਖਿਆ ਬਾਰੇ ਦੁਨੀਆਂ ਦੇ ਕਿਸੇ ਵੀ ਸਿਆਣੇ ਦਾ ਇੱਕ ਵੀ ਸ਼ਬਦ ਆਪਣੇ ਕੰਨੀਂ ਅਤੇ ਅੱਖੀਂ ਨਾਂ ਪੈਣ ਦੇਣ ਦੀ ਇਸ ਨੇ ਪੱਕੀ ਸਹੁੰ ਖਾਧੀ ਹੋਈ ਲੱਗਦੀ ਹੈ। ਨਤੀਜੇ ਵੱਜੋਂ ਭਾਰਤ ਵਿੱਚ ਵੀ ਮਾਤ ਭਾਸ਼ਾਵਾਂ ਨੂੰ ਸਿੱਖਿਆ, ਪ੍ਰਸ਼ਾਸਨ, ਆਰਥਿਕ, ਸਮਾਜਿਕ ਅਤੇ ਹੋਰ ਖੇਤਰਾਂ ਵਿੱਚੋਂ ਬਾਹਰ ਕੱਢ

Sri Satguru Jagjit Singh Ji eLibrary NamdhariElibrary@gmail.com

ਸੁੱਟਣ ਲਈ ਇਹ ਵਰਗ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਇਹ ਗੱਲ ਮਾੜੀ ਲੱਗ ਸਕਦੀ ਹੈ, ਪਰ ਹੈ ਸੱਚ ਕਿ ਭਾਰਤੀ ਉਪਮਹਾਂਦੀਪ ਦੀਆਂ ਮੌਜੂਦਾ ਮਾਤ ਭਾਸ਼ਾਵਾਂ ਨੂੰ ਜੋ ਮਾਰ ਅਜ਼ਾਦੀ ਤੋਂ ਬਾਅਦ ਪਈ ਹੈ ਉਹ ਪਹਿਲਾਂ ਕਦੇ ਵੀ ਨਹੀਂ ਪਈ। ਗੈਰ ਮਾਤ ਭਾਸ਼ਾਵਾਂ ਨੂੰ ਹਰ ਖੇਤਰ ਵਿਚ ਸਰਦਾਰੀ ਬਖ਼ਸ਼ ਦਿੱਤੀ ਜਾਣ ਕਰਕੇ ਜਨ ਸਧਾਰਣ ਨੂੰ ਆਪਣੀਆਂ ਭਾਸ਼ਾਵਾਂ ਦੀ ਸ਼ਕਤੀ 'ਤੇ ਵੀ ਸ਼ੱਕ ਹੋਣ ਲੱਗਾ ਹੈ ਅਤੇ ਦਿਮਾਗੀ ਗੁਲਾਮੀ ਅਜ਼ਾਦੀ ਤੋਂ ਪਹਿਲਾਂ ਨਾਲੋਂ ਵੀ ਡੂੰਘੀ ਹੋ ਗਈ ਹੈ। ਜਨ ਸਧਾਰਣ ਬਹੁਤੇ ਭਾਰੂ ਵਰਗ ਦਾ ਹੀ ਪਿਛਲੱਗ ਹੁੰਦਾ ਹੈ ਅਤੇ ਭਾਰੂ ਵਰਗ ਦਾ ਇਹ ਹਾਲ ਹੈ ਕਿ ਜੇ ਇਸਦਾ ਵੱਸ ਚੱਲੇ ਤਾਂ ਇਹ ਸ਼ਾਇਦ ਆਪਣੇ ਪਿਤਰਾਂ ਦੇ ਨਾਂ ਵੀ ਇੰਜ ਬਦਲ ਲਵੇ ਕਿ ਉਹ ਅੰਗਰੇਜ਼ ਲੱਗਣ ਲੱਗ ਪੈਣ। ਇਹਨਾਂ ਬਦਲੀਆਂ ਹਾਲਤਾਂ ਕਾਰਣ ਹੀ ਹੈ ਕਿ ਭਾਰਤੀ ਉਪਮਹਾਂਦੀਪ ਦੀਆਂ ਵਰਤਮਾਨ ਮਾਤ ਭਾਸ਼ਾਵਾਂ ਪਹਿਲਾਂ ਤਾਂ ਸਦੀਆਂ ਤੋਂ ਜਿਉਂਦੀਆਂ ਅਤੇ ਵਿਗਸਦੀਆਂ ਆ ਰਹੀਆਂ ਹਨ, ਪਰ ਹੁਣ ਉਹਨਾਂ ਨੂੰ ਅੰਗਰੇਜ਼ੀ ਅਤੇ ਹਿੰਦੀ ਗੈਸ ਚੈਂਬਰਾਂ ਵਿਚ ਪਾ ਦਿੱਤਾ ਗਿਆ ਹੈ ਅਤੇ ਇਹਨਾਂ ਦੇ ਲੋਪ ਹੋ ਜਾਣ ਦਾ ਖਤਰਾ ਹਕੀਕਤ ਬਣ ਗਿਆ ਹੈ। ਪਿਆਰੇ ਭਾਰਤੀ ਭਰਾਵੋ ! ਕੀ ਅਜ਼ਾਦੀ ਇਸ ਲਈ ਸੀ ?

ਇਹ ਵੀ ਕਈ ਵਾਰ ਸੁਣਨ ਨੂੰ ਮਿਲਦਾ ਹੈ ਕਿ ਜਿਸ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੀ ਮਹਾਨ ਰਚਨਾ ਵਿਦਮਾਨ ਹੋਵੇ ਜਾਂ ਜਿਸ ਵਿਚ ਸੂਫੀਆਂ ਦਾ ਸੰਦੇਸ਼ ਦਰਜ ਹੋਵੇ ਉਹ ਭਾਸ਼ਾ ਕਦੇ ਨਹੀਂ ਮਰ ਸਕਦੀ। ਇਹ ਆਸ ਚੰਗੀ ਹੈ ਅਤੇ ਆਸਰਾ ਵੱਡਾ ਹੈ, ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਵੇਦ, ਉਪਨਿਸ਼ਦ ਤੇ ਪੁਰਾਣ ਸੰਸਕ੍ਰਿਤ ਵਿਚ ਰਚੇ ਗਏ ਸਨ। ਪਰ ਫਿਰ ਵੀ ਸੰਸਕ੍ਰਿਤ ਕੇਵਲ ਕਿਤਾਬਾਂ ਵਿਚ ਹੀ ਧਰੀ ਮਿਲਦੀ ਹੈ, ਜਿਨ੍ਹਾਂ ਨੂੰ ਪੜ੍ਹ ਵੀ ਨਿਗੂਣੇ ਵਿਅਕਤੀ ਹੀ ਸਕਦੇ ਹਨ।

ਕੋਈ ਵਿਕਾਸ ਦਰਾਂ ਦਾ ਮੁਦੱਈ ਇਹ ਸਵਾਲ ਵੀ ਕਰ ਸਕਦਾ ਹੈ ਕਿ ਆਖਰ ਮਾਤ ਭਾਸ਼ਾਵਾਂ ਨੂੰ ਬਚਾਉਣ ਦਾ ਲਾਭ ਹੀ ਕੀ ਹੈ? ਵੈਸੇ ਤਾਂ ਇਹ ਸਵਾਲ ਇਹੋ ਜਿਹਾ ਹੀ ਹੈ ਜਿਵੇਂ ਕਿਸੇ ਦੀ ਵਡੇਰੀ ਮਾਂ ਬਿਮਾਰ ਪਈ ਹੋਵੇ ਤੇ ਪੁੱਛਿਆ ਜਾਵੇ ਕਿ ਆਖਰ ਇਸ ਬੁੱਢੀ ਮਾਂ ਨੂੰ ਬਚਾਉਣ ਦਾ ਕੀ ਲਾਭ ਹੈ। ਪਰ ਫਿਰ ਵੀ ਸਵਾਲ ਤਾਂ ਸਵਾਲ ਹੀ ਹੈ ਭਾਵੇਂ ਕਿੰਨਾ ਵੀ ਬੇਹੂਦਾ ਕਿਉਂ ਨਾ ਹੋਵੇ। ਸੋ, ਜਵਾਬ ਦੇਣਾ ਬਣਦਾ ਹੈ। ਜਵਾਬ ਬੜਾ ਸਰਲ ਵੀ ਹੈ। ਅਜਿਹੇ ਪ੍ਰਸ਼ਨਕਰਤਾ ਨੂੰ ਬੱਸ ਸਨਿਮਰ ਬੇਨਤੀ ਹੈ ਕਿ ਆਪਣੀਆਂ ਅੱਖਾਂ ਖੋਲ੍ਹਣ ਦੀ ਕਿਰਪਾਲਤਾ ਕਰਕੇ ਸਾਰੇ ਦੇਸਾਂ 'ਤੇ ਝਾਤੀ ਮਾਰੇ ਕਿ ਮਾਤ ਭਾਸ਼ਾਵਾਂ ਨੂੰ ਮਾਂ ਮੰਨਣ ਵਾਲੇ ਦੇਸ ਦੂਜੀ ਤਰ੍ਹਾਂ ਵਾਲਿਆਂ ਦੇ ਮੁਕਾਬਲੇ ਅੱਗੇ ਹਨ ਜਾਂ ਪਿੱਛੇ। ਜੇ ਸੱਚ-ਮੁੱਚ ਹਿਸਾਬ ਨਾ ਲਗਾ ਸਕੇ ਤਾਂ ਭਾਸ਼ਾ ਨੀਤੀ ਅਤੇ ਸਿੱਖਿਆ ਦੇ ਕਿਸੇ ਮਾਹਿਰ ਦੇ ਚਾਰ ਸ਼ਬਦ ਵਾਚਣ ਦੀ ਕਿਰਪਾਲਤਾ ਕਰੇ। ਜੇ ਫਿਰ ਵੀ ਸੰਤੁਸ਼ਟੀ ਨਾ ਹੋਵੇ ਤਾਂ ਭਾਰਤ ਵਿਚ ਅੰਗਰੇਜ਼ੀ ਪੜ੍ਹਾਉਣ ਲਈ ਇਗਲੈਂਡ ਦੀ ਸੰਸਥਾ ਬ੍ਰਿਟਿਸ਼ ਕੌਂਸਿਲ ਦੇ ਕਿਸੇ ਦਫ਼ਤਰ ਜਾਵੇ ਅਤੇ ਉਹਨਾਂ ਦੇ ਭਾਸ਼ਾ ਮਾਹਿਰ ਤੋਂ ਪੁੱਛੇ ਕਿ ਵਿਦੇਸ਼ੀ ਭਾਸ਼ਾ (ਇਥੇ ਅੰਗਰੇਜ਼ੀ) ਪਹਿਲਾਂ ਕੁਝ ਸਾਲ ਮਾਤ ਭਾਸ਼ਾ ਮਾਧਿਅਮ ਵਿਚ ਪੜ੍ਹਾਕੇ ਚੰਗੀ ਆਉਂਦੀ ਹੈ ਜਾਂ ਸਿੱਧੇ ਹੀ ਵਿਦੇਸ਼ੀ ਭਾਸ਼ਾ ਦੇ ਖੂਹ ਵਿੱਚ ਸੁੱਟ ਕੇ।

ਜਾਂਦੇ-ਜਾਂਦੇ ਕੁਝ ਨੁਕਤੇ ਹੋਰ। ਇਸ ਲੇਖ ਵਿਚ ਯੂਨੈਸਕੋ ਦੀ ਅਜਿਹੀ ਰਿਪੋਰਟ ਨੂੰ ਪੜਚੋਲ ਦਾ ਅਧਾਰ ਬਣਾਇਆ ਗਿਆ ਹੈ ਜੋ ਭਾਸ਼ਾਵਾਂ ਦੇ ਲੋਪ ਹੋਣ ਦੇ ਖਤਰੇ ਦੇ ਲੱਛਣਾਂ ਦਾ ਲੇਖਾ-ਜੋਖਾ ਕਰਦੀ ਹੈ। ਪੰਜਾਬੀ ਜਿਹੀ ਵੱਡੀ ਭਾਸ਼ਾ ਦੇ ਵਾਰਸਾਂ ਨੂੰ ਤਾਂ ਇਸ ਸਵਾਲ 'ਤੇ ਚਰਚਾ ਕਰਨ ਦੀ ਲੋੜ ਪੈ ਜਾਣ 'ਤੇ ਵੀ ਉਦਾਸੀ ਹੋਣੀ ਚਾਹੀਦੀ ਹੈ। ਪੰਜਾਬੀ ਭਾਸ਼ਾਈਆਂ ਲਈ ਤਾਂ ਲੋੜ ਇਸ ਸਵਾਲ 'ਤੇ ਚਰਚਾ ਕਰਨ ਦੀ ਹੋਣੀ ਚਾਹੀਦੀ ਹੈ ਕਿ ਪੰਜਾਬੀ ਨੂੰ ਅੰਗਰੇਜ਼ੀ ਫਰਾਂਸੀਸੀ, ਜਰਮਨ, ਚੀਨੀ, ਅਰਬੀ, ਸਪੇਨੀ ਜਿਹੀਆਂ ਵਧੇਰੇ ਚਰਚਿਤ ਭਾਸ਼ਾਵਾਂ ਦੇ ਹਾਣ ਦਾ ਵਰਤਮਾਨ ਵਿਚ ਕਿਵੇਂ ਬਣਾਇਆ ਜਾਵੇ। ਇਹ ਬੜੇ ਥੋੜੇ ਸਾਂਝੇ ਯਤਨਾਂ ਨਾਲ ਸੰਭਵ ਹੈ। ਲੋੜ ਬੱਸ ਇਸ ਲਈ ਕਾਇਲ ਹੋਣ ਦੀ ਹੈ। ਇੰਟਰਨੈੱਟ ਅਤੇ ਕੰਪਿਊਟਰ ਤਕਨਾਲੋਜੀ ਨੇ ਹਰ ਭਾਸ਼ਾ ਦੇ ਬੁਲਾਰਿਆਂ ਦੇ ਹੱਥ ਵਿਚ ਅਜਿਹਾ ਸ਼ਸਤਰ ਦੇ ਦਿੱਤਾ ਹੈ ਕਿ ਕਿਸੇ ਵੀ ਭਾਸ਼ਾ ਨੂੰ ਪਹਿਲਾਂ ਨਾਲੋਂ ਕਿਧਰੇ ਥੋੜੇ ਯਤਨਾਂ ਨਾਲ ਉਚਾਣਾਂ 'ਤੇ ਪਹੁੰਚਾਇਆ ਜਾ ਸਕਦਾ ਹੈ। ਇਥੇ ਹਿਬਰਿਊ ਭਾਸ਼ਾ ਦੀ ਮਿਸਾਲ ਉਤਸ਼ਾਹ ਦੇਣ ਵਾਲੀ ਹੈ। ਬਾਈਬਲ ਦੀ ਭਾਸ਼ਾ ਹਿਬਰਿਊ ਬੋਲ-ਚਾਲ ਚੋਂ ਲੋਪ ਹੋ ਚੁੱਕੀ ਭਾਸ਼ਾ ਸੀ। ਪਰ ਯਹੂਦੀ ਸਮੂਹ ਨੇ ਸਕੂਲਾਂ ਵਿੱਚ ਆਪਣੇ ਸਧਾਰਣ ਜਿਹੇ ਯਤਨਾਂ ਨਾਲ ਇਸ ਨੂੰ ਜਿਉਂਦੀ ਜਾਗਦੀ ਭਾਸ਼ਾ ਬਣਾ ਦਿੱਤਾ ਹੈ। ਇਵੇਂ ਹੀ ਯੂਨੈਸਕੋ ਨੇ ਆਪਣੇ ਯਤਨਾਂ ਨਾਲ ਕਈ ਹੋਰ ਭਾਸ਼ਾਵਾਂ ਨੂੰ ਲੋਪ ਹੋਣ ਤੋਂ ਬਚਾਕੇ ਵਿਕਾਸ ਦੇ ਰਾਹ ਪਾ ਦਿੱਤਾ ਹੈ। ਮੇਘਾਲਿਆ ਦੀ ਇੱਕ ਭਾਸ਼ਾ ਖਾਸੀ ਜੋ ਇੱਕ ਵੇਲੇ ਯੂਨੈਸਕੋ ਦੀ 'ਖਤਰੇ ਹੇਠਲੀਆਂ ਭਾਸ਼ਾਵਾਂ ਦੀ ਸੂਚੀ' ਵਿੱਚ ਸ਼ਾਮਲ ਸੀ ਹੁਣ ਉਸ ਸੂਚੀ ਚੋਂ ਕੱਢ ਲਈ ਗਈ ਹੈ। ਇਸ ਦਾ ਵੱਡਾ ਕਾਰਣ ਮੇਘਾਲਿਆ ਸਰਕਾਰ ਵੱਲੋਂ ਖਾਸੀ ਨੂੰ ਸਰਕਾਰੀ ਕੰਮ ਕਾਜ ਦੀਆਂ ਭਾਸ਼ਾਵਾਂ ਵਿੱਚ ਸ਼ਾਮਲ ਕਰਨ ਕਰਕੇ ਹੋਇਆ ਹੈ। ਇਸ ਦੇ ਨਤੀਜੇ ਵੱਜੋਂ ਖਾਸੀ ਦੀ ਵਰਤੋਂ

Sri Satguru Jagjit Singh Ji eLibrary NamdhariElibrary@gmail.com

ਭਿੰਨ- ਭਿੰਨ ਖੇਤਰਾਂ (ਜਿਵੇਂ ਸਕੂਲੀ ਸਿੱਖਿਆ, ਰੇਡੀਓ, ਟੈਲੀਵਿਜ਼ਨ ਆਦਿ) ਵਿੱਚ ਹੋਣ ਲੱਗੀ ਹੈ ਅਤੇ ਇਹ ਜੀਵੰਤ ਭਾਸ਼ਾ ਬਣ ਗਈ ਹੈ।

ਇਹ ਵੀ ਬੇਨਤੀ ਹੈ ਕਿ ਯੂਨੈਸਕੋ ਦੀ ਰਿਪੋਰਟ ਦੀ ਦੁਹਾਈ ਨੂੰ ਸ਼ੇਰ-ਸ਼ੇਰ ਹੀ ਨਾ ਸਮਝ ਲਿਆ ਜਾਵੇ। ਮੇਰੀ ਜਾਚੇ ਜੇ ਇਸ ਰਿਪੋਰਟ ਦੇ ਅਧਾਰਾਂ 'ਤੇ ਪੰਜਾਬੀ ਦੀ ਕੋਈ ਚਾਰ ਦਹਾਕੇ ਪਹਿਲਾਂ ਦੀ ਅਵਸਥਾ ਨੂੰ ਆਂਕਿਆ ਜਾਵੇ ਤਾਂ ਪੰਜਾਬੀ ਅੱਜ ਦੇ ਮੁਲੰਕਣ ਨਾਲੋ ਵਧੇਰੇ ਅੰਕ ਪ੍ਰਾਪਤ ਕਰੇਗੀ। ਇਹ ਸਬੂਤ ਹੀ ਇਹ ਜਾਣਨ ਲਈ ਕਾਫੀ ਹੈ ਕਿ ਪੰਜਾਬੀ ਭਾਸ਼ਾ ਦੀ ਦਿਸ਼ਾ ਕਿੱਧਰ ਨੂੰ ਹੈ, ਵਿਨਾਸ਼ ਵੱਲ ਜਾਂ ਵਿਕਾਸ ਵੱਲ। ਪੰਜਾਬੀ ਦੇ ਲੋਪ ਹੋ ਜਾਣ ਦੇ ਡਰ ਦਾ ਜ਼ਿਕਰ ਹੀ ਆਪਣੇ ਆਪ ਵਿਚ ਸਬੂਤ ਹੈ ਕਿ ਡਰ ਪੈਦਾ ਕਰਨ ਵਾਲੇ ਸੰਕੇਤ ਮੌਜੂਦ ਹਨ। ਧਿਆਨ ਵਿਚ ਰੱਖਣ ਵਾਲੀ ਸਚਾਈ ਇਹ ਹੈ ਕਿ ਯੂਨੈਸਕੋ ਵੱਲੋ ਦੱਸੇ 9 ਕਾਰਕਾਂ ਵਿਚੋਂ ਕੇਵਲ ਇੱਕ ਕਾਰਕ (ਬੁਲਾਰਿਆਂ ਦੀ ਗਿਣਤੀ) ਹੀ ਅਜਿਹਾ ਕਾਰਕ ਹੈ ਜਿਸ ਦੇ ਅਧਾਰ 'ਤੇ ਪੰਜਾਬੀ ਖਤਰੇ ਤੋਂ ਬਾਹਰ ਕਹੀ ਜਾ ਸਕਦੀ ਹੈ। ਪਰ ਮੁਕੰਮਲ ਮੁਲੰਕਣ ਕੇਵਲ ਇੱਕ ਕਾਰਕ ਤੇ ਅਧਾਰ 'ਤੇ ਨਹੀਂ ਕੀਤਾ ਜਾ ਸਕਦਾ।

ਇਸ ਲੇਖ ਦਾ ਮਕਸਦ ਕੋਈ ਅਕੱਟ ਨਿਰਣੇ ਦੇਣਾ ਵੀ ਨਹੀਂ ਹੈ। ਭਾਸ਼ਾ ਇਕ ਸਮਾਜਿਕ ਵਰਤਾਰਾ ਹੈ ਅਤੇ ਇਸ ਬਾਰੇ ਅੰਦਾਜਿਆਂ ਵਿਚ ਅੰਤਰਮੁਖਤਾ ਦੇ ਕੁਝ ਤੱਤ ਸ਼ਾਮਲ ਹੋਣਾ ਸੁਭਾਵਕ ਹੈ। ਇਸ ਲੇਖ ਵਿਚਲੇ ਅੰਦਾਜੇ ਉਹਨਾਂ ਸਥਿਤੀਆਂ ਬਾਰੇ ਵੀ ਹਨ ਜਿਨ੍ਹਾਂ ਤੱਕ ਸਿੱਧੀ ਪਹੁੰਚ ਜਾਂ ਜਾਣਕਾਰੀ ਹਾਸਲ ਨਹੀਂ ਹੈ (ਮਿਸਾਲ ਲਈ ਪਾਕਿਸਤਾਨ ਦੇ ਵੱਖ-ਵੱਖ ਖੇਤਰਾਂ ਵਿੱਚ ਪੰਜਾਬੀ ਦੀ ਸਥਿਤੀ)। ਇਸ ਲਈ ਲੋੜ ਹੈ ਕਿ ਯੂਨੈਸਕੋ ਵਲੋ ਪੇਸ਼ ਕਾਰਨਾਂ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਦੀ ਅਵਸਥਾ ਦਾ ਹੋਰ ਗਹਿਨ ਅਤੇ ਵਿਸਤਾਰ ਸਹਿਤ ਮੁਲੰਕਣ ਕੀਤਾ ਜਾਵੇ। ਇਹ ਸੁਝਾਅ ਵੀ ਠੀਕ ਹੋਵੇਗਾ ਕਿ ਭਾਸ਼ਾ ਮਾਹਿਰ ਅਤੇ ਪੰਜਾਬੀ ਭਾਸ਼ਾ ਦੇ ਮਾਹਿਰ ਜੁੜ ਬਹਿ ਕੇ ਸੰਬੰਧਿਤ ਮੁੱਦਿਆਂ 'ਤੇ ਡੂੰਘੀ ਵਿਚਾਰ-ਚਰਚਾ ਕਰਕੇ ਰਾਇ ਬਣਾਉਣ, ਜੋ ਪੰਜਾਬੀਆਂ ਨੂੰ ਇਹਨਾਂ ਸਵਾਲਾਂ ਬਾਰੇ ਸਪੱਸ਼ਟਤਾ ਪ੍ਰਦਾਨ ਕਰੇ। ਇਹ ਸਪੱਸ਼ਟਤਾ ਪੰਜਾਬੀ ਭਾਸ਼ਾ ਲਈ ਲੋੜੀਂਦੇ ਹੀਲਿਆਂ ਦਾ ਮੁੱਢ ਬੰਨ੍ਹਣ ਵਿੱਚ ਸਹਾਈ ਹੋਵੇਗੀ। ਇਹ ਇੱਕ ਸਚਾਈ ਹੈ ਕਿ ਪੰਜਾਬੀ ਨੂੰ ਦਿਨੋ-ਦਿਨ ਵੱਡਾ ਖੋਰਾ ਲੱਗ ਰਿਹਾ ਹੈ। ਭਾਸ਼ਾ ਦਾ ਇਤਿਹਾਸ ਇਹ ਦੱਸਦਾ ਹੈ ਕਿ ਜੇ ਕਿਸੇ ਭਾਸ਼ਾ ਨੂੰ ਖੋਰਾ ਲੱਗਣਾ ਸ਼ੁਰੂ ਹੋ ਜਾਂਦਾ ਹੈ ਉਹ ਉਸੇ ਦਿਨ ਤੋ ਹੀ ਲੋਪ ਹੋਣ ਦੇ ਖਤਰੇ ਦੀ ਸੀਮਾ ਵਿਚ ਦਾਖਲ ਹੋ ਜਾਂਦੀ ਹੈ, ਇਸ ਲੋਪ ਹੋਣ ਦੀ ਪ੍ਰਕਿਰਿਆ ਵਿਚ ਸਮਾਂ ਭਾਵੇਂ ਕਿੰਨਾ ਵੀ ਲੱਗ ਜਾਵੇ। ਪਰ ਸਾਡਾ ਟੀਚਾ ਪੰਜਾਬੀ ਨੂੰ ਕੇਵਲ ਲੋਪ ਹੋਣ ਤੋ ਬਚਾਉਣ ਦਾ ਨਹੀਂ ਹੋਣਾ ਚਾਹੀਦਾ। ਸਾਡਾ ਟੀਚਾ ਪੰਜਾਬੀ ਨੂੰ ਏਨਾ ਵਿਕਸਤ ਕਰਨ ਦਾ ਹੋਣਾ ਚਾਹੀਦਾ ਹੈ ਜਿੰਨਾ ਕਿਸੇ ਭਾਸ਼ਾ ਦਾ ਵਿਕਾਸ ਕਿਸੇ ਭਾਸ਼ਾ ਸਮੂਹ ਦੀ ਸਮਾਜਕ, ਆਰਥਕ, ਮਾਨਸਕ ਅਤੇ ਸੱਭਿਆਚਾਰਕ ਆਦਿ ਵਿਕਾਸ ਲਈ ਅਵੱਸ਼ ਹੈ ਅਤੇ ਇਹਨਾਂ ਖੇਤਰਾਂ ਵਿਚ ਮਾਤ ਭਾਸ਼ਾ ਨੂੰ ਅਧਾਰ ਬਣਾਏ ਬਗੈਰ ਚੰਗਾ ਵਿਕਾਸ ਨਹੀਂ ਹੋ ਸਕਦਾ। ਇਸ ਲਈ ਆਓ ਹਰ ਇੱਕ ਪੰਜਾਬੀ ਇਸ ਸੋਚ ਦਾ ਧਾਰਣੀ ਬਣੀਏਂ ਅਤੇ ਪੰਜਾਬੀ ਨੂੰ ਵਿਕਸਤ ਤੋਂ ਵਿਕਸਤ ਭਾਸ਼ਾ ਦੇ ਹਾਣ ਦਾ ਬਣਾਉਣ ਲਈ ਬਣਦਾ ਯੋਗਦਾਨ ਪਾਈਏ। ਮਾਂ ਬੋਲੀਆਂ ਜਿੰਦਾਬਾਦ!

ਹਵਾਲੇ ਅਤੇ ਟਿੱਪਣੀਆਂ:

1. Unesco. 2003. Language Vitality and Endangerment. Paris.

2. ਇਸ ਸਬੰਧੀ ਹੋਰ ਵੇਖੋ:

ੳ) ਸੁਖਵਿੰਦਰ ਸਿੰਘ ਸੰਘਾ. 2008. ਪੰਜਾਬੀ ਭਾਸ਼ਾ ਅਤੇ ਭਾਸ਼ਾ ਸੰਕਟ. ਆਲੋਚਨਾ 54-63.

ਅ) ਜੋਗਾ ਸਿੰਘ (ਸੰਪਾ). 2008. ਆਲੋਚਨਾ (ਭਾਸ਼ਾ ਨੀਤੀ ਵਿਸ਼ੇਸ਼ ਅੰਕ). ਲੁਧਿਆਣਾ: ਪੰਜਾਬੀ ਸਾਹਿਤ ਅਕਾਡਮੀ

3. ਇਸ ਲੇਖ ਵਿਚ ਯੂਨੈਸਕੋ ਦੀ ਉਪਰੋਕਤ ਪੁਸਤਕ ਵਿਚੋ ਵੱਡੇ ਪੱਧਰ 'ਤੇ ਮਦਦ ਅਤੇ ਟੂਕਾਂ ਲਈਆਂ ਗਈਆਂ ਹਨ। ਸਾਰੀਆਂ ਸਾਰਣੀਆਂ ਯੂਨੈਸਕੋ ਦੀ ਰਿਪੋਰਟ ਵਿਚੋ ਹੀ ਹਨ। ਲੇਖਕ ਇਸ ਲਈ ਯੂਨੈਸਕੋ ਦਾ ਧੰਨਵਾਦ ਕਰਦਾ ਹੈ।

ਸੰਪ: +91-9915709582

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਭਾਸ਼ਾ-ਵਿਰਸਾ ਤੇ ਵਰਤਮਾਨ ਵੰਗਾਰਾਂ

✍-ਸੁਵਰਨ ਸਿੰਘ ਵਿਰਕ

ਭਾਰਤ ਦੀ ਖੜਗ ਭੁਜਾ ਜਾਂ ਅੰਨ ਦੇ ਕਟੋਰੇ ਵਜੋਂ ਜਾਣਿਆ ਜਾਂਦਾ ਪੰਜਾਬ, ਆਪਣੇ ਅਜੋਕੇ ਸਰੂਪ ਲਈ, ਆਪਣੇ ਜੁੱਗ ਪਲਟਾਊ ਇਤਿਹਾਸ ਲਈ, ਗੁਰੂ ਬਾਬਾ ਨਾਨਕ ਜੀ ਕਰਕੇ ਹੀ ਜਾਣਿਆ ਜਾਂਦਾ ਹੈ। ਅਜੋਕੇ ਸਰੂਪ ਤੋਂ ਮੇਰੀ ਮੁਰਾਦ ਉਸ ਵਿਸ਼ੇਸ਼ ਖਿੱਤੇ ਤੋਂ ਹੈ ਜੋ ਸੋਲ੍ਹਵੀਂ ਸਦੀ ਤੋਂ ਲੈਕੇ ਉਨ੍ਹੀਵੀਂ ਵੀਹਵੀਂ ਸਦੀ ਦੇ ਕੌਮੀ ਮੁਕਤੀ ਅੰਦੋਲਨ ਦੇ ਸਿੱਟੇ ਵਜੋਂ, ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ, ਭਾਰਤ ਦੇ ਹੋਰ ਪ੍ਰਾਂਤਾਂ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਵੱਸਦਾ ਪੰਜਾਬ ਹੈ। ਗੁਰੂ ਨਾਨਕ ਤੋਂ ਪਹਿਲਾਂ ਇਹ ਸਾਰਾ ਪੰਜਾਬ ਬੇਸ਼ਕ ਭੂਗੋਲਿਕ ਤੌਰ 'ਤੇ ਇੱਕਜੁੱਟ ਸੀ ਪਰ ਇਹ ਸਦੀਆਂ ਤੋਂ ਬਾਹਰੋਂ ਆਉਣ ਵਾਲੀਆਂ ਲੜਾਕੂ, ਕਬੀਲਾਈ ਕੌਮਾਂ ਤੋਂ ਲੁੱਟਿਆ, ਪੁੱਟਿਆ ਅਤੇ ਮਧੋਲਿਆ ਜਾਂਦਾ ਸੀ। ਇਸ ਵਿਚੋਂ ਜਿਊਣ ਦੀ ਇੱਛਾ ਸ਼ਕਤੀ, ਜਿਵੇਂ ਅਲੋਪ ਹੋ ਚੁੱਕੀ ਸੀ ਅਤੇ ਇਹ ਬਾਹਰੋਂ ਆਕੇ ਸੱਤਾ ਸਥਾਪਿਤ ਕਰਨ ਵਾਲਿਆਂ ਦੀ ਚਾਕਰੀ ਤੱਕ ਹੀ, ਆਪਣਾ ਨਿਸ਼ਾਨਾ ਮਿਥੀ ਬੈਠਾ ਸੀ। ਇਹ ਪੰਜਾਬ ਹਮੇਸ਼ਾਂ ਤਾਂ ਇਹੋ ਜਿਹਾ ਢੇਰੀ ਢਾਹ ਕੇ, ਸਿਰ ਸੁੱਟ ਕੇ, ਬਹਿਣ ਵਾਲਾ ਨਹੀਂ ਸੀ। ਈਸਾ ਤੋਂ ਤਿੰਨ ਸਾਢੇ ਤਿੰਨ ਸਦੀਆਂ ਪਹਿਲਾਂ, ਇਸ ਦੇ ਸੂਰਮਿਆਂ ਨੇ ਵਿਸ਼ਵ ਜੇਤੂ ਸਿਕੰਦਰ ਨੂੰ ਰਾਜਾ ਪੋਰਸ ਹੀ ਅਗੁਆਈ ਹੇਠ, ਬਿਆਸ ਤੋਂ ਪਿੱਛੇ ਮੋੜ ਦਿੱਤਾ ਸੀ। ਦੁਨੀਆਂ ਵਿਚ ਗਿਆਨ ਵਿਗਿਆਨ ਦਾ ਵੱਡਾ ਕੇਂਦਰ, ਤਕਸ਼ਸ਼ਿਲਾ, ਇਸੇ ਪੰਜਾਬ ਦੇ ਪੱਛਮੀ ਭਾਗ ਵਿਚ ਸੀ। ਗੁਰੂ ਨਾਨਕ ਦੇਵ ਜਿਹਨਾਂ ਦਾ 550 ਵਾਂ ਪ੍ਰਕਾਸ਼ ਪੁਰਬ, ਦੁਨੀਆਂ ਭਰ ਵਿਚ ਨਾਨਕ ਨਾਮ ਲੇਵਾ ਅਤੇ ਹੋਰ ਮਾਨਵਤਾ ਵਾਦੀ, ਵੱਡੇ ਜਾਹੋ ਜਲਾਲ ਨਾਲ ਮਨਾ ਰਹੇ ਹਨ, ਪੰਜਾਬ ਦੀਆਂ ਅਹੁਰਾਂ (ਰੋਗਾਂ) ਦੀ ਪਹਿਚਾਣ ਕਰਕੇ, ਇਹਨਾਂ ਦਾ ਨਿਵਾਰਨ ਕਰਨ ਵਾਲੇ ਪਹਿਲੇ ਸਫਲ ਚਿਕਿਤਿਸਕ ਸਿੱਧ ਹੋਏ ਹਨ, ਇਸੇ ਲਈ ਪੰਜਾਬੀਆਂ ਨੇ ਉਹਨਾਂ ਨੂੰ "ਬਾਬਾ ਵੈਦ ਰੋਗੀਆਂ ਦਾ" ਕਹਿਕੇ ਸਤਿਕਾਰਿਆ ਹੈ। ਜੇ ਗੁਰੂ ਨਾਨਕ ਦੀ ਮਾਨਵਤਾਵਾਦੀ, ਸਾਂਝੀਵਾਲਤਾ ਦੀ ਹਾਮੀ, ਜਾਤ-ਜਮਾਤ ਦਾ ਵਿਤਕਰਾ ਵਿਖਰੇਵਾਂ ਨਾ ਕਰਨ ਵਾਲੀ, ਨੀਵਿਆਂ ਤੇ ਉਤਿਆਂ ਥੁੜਿਆਂ ਨਾਲ ਖਲੋਣ ਵਾਲੀ ਸਿੱਖਿਆ ਨੂੰ ਪੰਜਾਬੀਆਂ ਨੇ ਆਪਣੇ ਹਿਰਦੇ ਵਿਚ ਵਸਾਇਆ ਹੁੰਦਾ ਤਾਂ 1947 ਵਿੱਚ, ਪੰਜਾਬ ਦਾ ਖੂਨੀ ਬਟਵਾਰਾ ਟਾਲਿਆ ਜਾ ਸਕਦਾ ਸੀ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਾਡੇ ਦੇਸ਼ ਵਿਚ ਮੁੱਖ ਤੌਰ ਤੇ ਹਿੰਦੂ ਅਤੇ ਮੁਸਲਮਾਨ ਦੋ ਧਰਮ ਸਨ। ਹਿੰਦੂਆਂ ਦੇ ਧਰਮ ਗ੍ਰੰਥ ਸੰਸਕ੍ਰਿਤ ਵਿਚ ਅਤੇ ਮੁਸਲਮਾਨਾਂ ਦੇ ਅਰਬੀ ਵਿਚ ਸਨ। ਸੰਸਕ੍ਰਿਤ ਦੀ ਲਿਪੀ ਦੇਵਨਾਗਰੀ ਅਤੇ ਮੁਸਲਮਾਨਾਂ ਦੀ ਰਾਜ ਪ੍ਰਬੰਧ ਦੀ ਭਾਸ਼ਾ ਫ਼ਾਰਸੀ ਅਤੇ ਧਾਰਮਿਕ ਭਾਸ਼ਾ ਅਰਬੀ, ਦੋਹਾਂ ਦੀ ਲਿਪੀ ਅਰਬੀ ਸੀ। ਗੁਰੂ ਨਾਨਕ ਦੋਹਾਂ ਮੱਤਾਂ ਦੁਆਰਾ ਵਰਤੀਆਂ ਜਾਂਦੀਆਂ ਭਾਸ਼ਾਵਾਂ ਦੇ ਗਿਆਤਾ ਸਨ, ਦੋਹਾਂ ਦੀਆਂ ਲਿੱਪੀਆਂ ਵਿਚ ਲਿਖ ਸਕਦੇ ਸਨ, ਪਰ ਉਹਨਾਂ ਨੇ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਪੰਜਾਬੀ ਲੋਕਾਂ ਦੇ ਮਨੋਭਾਵਾਂ ਨੂੰ ਵਿਅਕਤ ਕਰਨ ਲਈ, ਉਹਨਾਂ ਦੀ ਪੰਜਾਬੀ ਭਾਸ਼ਾ ਤੋਂ ਵਧੀਆ ਕੋਈ ਭਾਸ਼ਾ ਨਹੀਂ ਅਤੇ ਇਸ ਭਾਸ਼ਾ ਨੂੰ ਇਸਦੇ ਉਚਾਰਣ ਲਈ, ਵਿਗਿਆਨਿਕ ਤੌਰ ਤੇ ਪੈਂਤੀ ਅੱਖਰਾਂ (ੳ ਤੋਂ ੜ ਤੱਕ) ਵਿਚ ਲਿਖੀ ਜਾਣ ਵਾਲੀ ਲਿੱਪੀ ਤੋਂ ਬਿਹਤਰ ਕੋਈ ਲਿੱਪੀ ਨਹੀਂ। ਉਹਨਾਂ ਦੇ ਦੂਸਰੇ ਉੱਤਰਾ ਅਧਿਕਾਰੀ, ਗੁਰੂ ਅੰਗਦ ਜੀ ਨੇ ਪਹਿਲਾਂ ਤੋਂ ਵਰਤੇ ਜਾ ਰਹੇ ਪੈਂਤੀ ਅੱਖਰਾਂ ਨੂੰ ਬਣਾ ਸੁਆਰ ਕੇ, ਗੁਰਮੁੱਖੀ ਲਿੱਪੀ ਦਾ ਨਾਮ ਦੇ ਦਿਤਾ। ਗੁਰੂ ਨਾਨਕ ਜੀ ਨੇ ਇਹ ਗੱਲ ਮਹਿਸੂਸ ਕੀਤੀ ਕਿ ਆਪਣੀ ਭਾਸ਼ਾ ਅਤੇ ਲਿੱਪੀ ਤੋਂ ਵਿਰਵੇ, ਇਸ ਖਿੱਤੇ ਦੇ ਲੋਕਾਂ ਵਿਚ, ਪੰਜਾਬੀ ਕੌਮੀਅਤ ਦਾ ਜਜ਼ਬਾ ਪ੍ਰਚੰਡ ਕਰਨ ਲਈ, ਭਾਸ਼ਾ ਅਤੇ ਲਿੱਪੀ ਦਾ ਵੱਡਾ ਯੋਗਦਾਨ ਹੈ। ਬੇਸ਼ਕ ਗੁਰੂ ਨਾਨਕ ਆਪਣੇ ਵਿਚਾਰ ਬੋਧ ਵਿਚ, ਸਾਰੀਆਂ ਮਸਨੂਈ ਧਾਰਮਿਕ, ਸਿਆਸੀ ਅਤੇ ਭੂਗੋਲਿਕ ਵੰਡਾਂ ਤੋਂ ਬਹੁਤ ਉੱਪਰ ਉੱਠ ਕੇ ਵਿਸ਼ਵ ਮਾਨਵ ਜਿਉਂ ਵਿਚਰਦੇ ਹਨ, ਪਰ ਪੰਜਾਬੀ ਲੋਕਾਂ ਵਿਚ ਆਪਣੀ ਭਾਸ਼ਾ, ਲਿੱਪੀ, ਪਹਿਰਾਵੇ, ਸੱਭਿਆਚਾਰ, ਖਾਣ-ਪੀਣ ਅਤੇ ਜੀਵਨ ਸ਼ੈਲੀ ਲਈ, ਇਕ ਮੋਹ ਪੈਦਾ ਕਰਨ ਲਈ, ਉਹਨਾਂ ਦੀ ਆਜ਼ਾਦ ਹਸਤੀ ਨੂੰ ਹਾਕਮਾਂ ਦੀ ਖੁਸ਼ਨੂਦੀ ਹਾਸਲ ਕਰਨ ਤੋਂ ਵਰਜਕੇ, ਨਾਬਰੀ ਦੀ ਪੁੱਠ ਚਾਹੜਨ ਦਾ ਜਿਹੜਾ ਵਡੇਰਾ ਕਾਰਜ ਉਹਨਾਂ ਨੇ ਕੀਤਾ, ਉਸ ਲਈ ਉਹਨਾਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਦਾ ਬਾਨੀ ਵੀ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਜੀ ਤੋਂ ਤਿੰਨ ਸਦੀਆਂ ਪਹਿਲਾਂ ਹੋਣ ਵਾਲੇ, ਸੂਫੀ ਦਰਵੇਸ਼ ਬਾਬਾ ਫਰੀਦ ਜੀ ਨੇ ਵੀ ਪੰਜਾਬ ਦੇ

Sri Satguru Jagjit Singh Ji eLibrary NamdhariElibrary@gmail.com

ਜਨ ਮਾਨਸ ਤੱਕ ਆਪਣੀ ਸਿੱਧੀ ਪਹੁੰਚ ਬਨਾਉਣ ਲਈ ਆਪਣੇ ਸ਼ਲੋਕ ਅਤੇ ਕੁਝ ਸ਼ਬਦ, ਮਾਖਿਉਂ ਮਿੱਠੀ ਪੰਜਾਬੀ ਵਿਚ ਲਿਖੇ ਅਤੇ ਪੰਜਾਬੀ ਵੱਸੋਂ ਦੇ ਵੱਡੇ ਹਿੱਸੇ ਨੂੰ ਇਸਲਾਮੀ ਪਰਚਾਰ ਦੇ ਘੇਰੇ ਵਿਚ ਲੈ ਆਏ। ਪਰ ਉਹਨਾਂ ਨੇ ਆਪਣੀ ਪੰਜਾਬੀ ਭਾਸ਼ਾ ਦੀ ਬਾਣੀ ਲਿਖਣ ਲਈ ਅਰਬੀ ਲਿੱਪੀ ਦਾ ਹੀ ਪ੍ਰਯੋਗ ਕੀਤਾ। ਸ਼ਾਇਦ ਗੁਰਮੁਖੀ ਲਿੱਪੀ ਉਦੋਂ ਅਜੇ ਆਪਣੀ ਘਾੜਤ ਦੇ ਦੌਰ ਵਿਚੋਂ ਗੁਜਰ ਰਹੀ ਸੀ। ਬੇਸ਼ਕ ਪੰਜਾਬੀਆਂ ਨੂੰ ਸੁਤੰਤਰ ਜੀਵਨ ਜਿਉਣ ਦਾ ਪਾਠ, ਸ਼ੇਖ ਫਰੀਦ ਜੀ ਵੀ ਪੜ੍ਹਾਉਂਦੇ ਹਨ-

ਫਰੀਦਾ ਬਾਰਿ ਪਰਾਏ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈਂ ਰਖਸੀ ਜੀਉ ਸਰੀਰਹੁ ਲੇਹਿ॥

-(ਆਦਿ ਗ੍ਰੰਥ, ਪੰਨਾ ੧੩੮੦)

ਸ਼ੇਖ ਫਰੀਦ ਜੀ ਦੀ ਬਾਣੀ ਵਿਚ ਜੀਵਨ ਪ੍ਰਤੀ ਮਿਲਦੇ ਉਸਾਰੂ ਨਜ਼ਰੀਏ ਸਦਕਾ ਹੀ ਗੁਰੂ ਨਾਨਕ ਦੇਵ ਜੀ, ਉਹਨਾਂ ਦੇ ਵਾਰਸਾਂ ਪਾਸੋਂ ਪੰਜਾਬੀ ਰਚਿਤ ਫਰੀਦ-ਬਾਣੀ, ਆਪਣੀ ਪੋਥੀ ਤੇ ਉਤਾਰ ਕੇ ਲੈ ਆਏ ਸਨ। ਇਹ ਗੁਰੂ ਨਾਨਕ ਜੀ ਦਾ ਆਪਣੀ ਭਾਸ਼ਾ ਨਾਲ ਸਨੇਹ ਸੀ, ਜੋ ਫਰੀਦ ਜੀ ਦੇ ਗੁਰਮਤਿ ਆਸ਼ੇ ਅਨੁਸਾਰ ਲਿਆਂਦੇ ਸ਼ਲੋਕ, ਸ਼ਬਦ ਆਦਿ ਗਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਸ਼ਾਮਲ ਕਰਕੇ ਸੰਭਾਲ ਲਏ। ਗੁਰੂ ਨਾਨਕ, ਬੇਸ਼ਕ ਅਨੇਕ ਦੇਸੀ, ਬਦੇਸੀ ਬੋਲੀਆਂ ਦੇ ਜਾਣੂੰ ਸਨ, ਪਰ ਉਹ ਪੰਜਾਬ ਦੇ ਲੋਕਾਂ ਨੂੰ ਆਪਣੀ ਪੰਜਾਬੀ ਬੋਲੀ ਅਤੇ ਗੁਰਮੁਖੀ ਅੱਖਰਾਂ ਦੇ ਲੜ ਲਾਉਣ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਪੰਜਾਬ ਵਿਚ ਸੰਗੀਤ ਜਗਤ ਨੂੰ ਪ੍ਰਫੁੱਲਤ ਕਰਨ ਲਈ, ਬਾਣੀ ਦੇ ਗਾਇਨ ਲਈ ਰਬਾਬ ਵਾਲਾ ਭਾਈ ਮਰਦਾਨਾ ਸਾਥੀ ਬਣਾਇਆ। ਆਪਣੀ ਜਾਣ ਪਹਿਚਾਣ ਕਾਦਰ ਦੇ ਸ਼ਾਇਰ ਅਤੇ ਢਾਡੀ ਜਿਉਂ ਕਰਵਾਈ। ਆਪਣੇ ਲੋਕਾਂ ਦਾ ਅੱਖਰਾਂ ਨਾਲ ਸਨੇਹ ਪੀਡਾ ਕਰਨ ਲਈ, ਇਹਨਾਂ ਨੂੰ ਆਪਣੇ ਦੁਆਰਾ ਰਚਿਤ ਅਧਿਆਤਮਿਕ ਸਾਹਿਤ ਦੇ ਵਾਹਕ ਬਣਾਉਂਦੇ ਹਨ।

ਅਖਰੀ ਨਾਮ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥

-(ਆਦਿ ਗ੍ਰੰਥ, ਪੰਨਾ ੪)

ਗੁਰੂ ਜੀ ਲਈ ਅੱਖਰਾਂ ਦਾ ਭੇਦ ਜਾਨਣਾ ਜ਼ਰੂਰੀ ਹੈ, ਭਾਵ ਵਿਚਾਰਵਾਨ ਹੋਣਾ ਅਤੇ ਜੋ ਸਮਝਣ ਵਿਚਾਰਨ ਤੋਂ ਹੀਣੇ ਹਨ, ਗੁਰੂ ਜੀ ਉਹਨਾਂ ਨੂੰ ਕਰੜੇ ਹੱਥੀਂ ਸਿੱਝਦੇ ਹਨ।

ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥

-(ਆਦਿ ਗ੍ਰੰਥ, ਪੰਨਾ ੧੨੪੬)

ਆਪਣੀ ਬੋਲੀ ਅਤੇ ਆਪਣਾ ਸੱਭਿਆਚਾਰ ਤਿਆਗ ਕੇ ਹਾਕਮਾਂ ਦੀ ਗੁਲਾਮੀ ਭੋਗਣ ਵਾਲਿਆ ਨੂੰ ਵੀ ਗੁਰੂ ਜੀ, ਧਰਮ ਤੋਂ ਬੇਮੁੱਖ ਹੋਣ ਦੀ ਸੰਗਿਆ ਦੇ ਰਹੇ ਹਨ। ਉਹਨਾਂ ਨੂੰ ਵੀ ਗੁਰੂ ਜੀ ਬੜੇ ਕਰੜੇ ਸ਼ਬਦਾਂ ਨਾਲ ਤਾੜਨਾ ਕਰਦੇ ਹਨ

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥

-(ਆਦਿ ਗ੍ਰੰਥ, ਪੰਨਾ ੬੬੩)

ਘਰ ਘਰ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ।

-(ਆਦਿ ਗ੍ਰੰਥ, ਪੰਨਾ ੧੧੯੧)

ਨੀਲ ਬਸਤ੍ਰ ਲੈ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।

-(ਆਦਿ ਗ੍ਰੰਥ, ਪੰਨਾ ੪੭੦)

ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨਾ ਜਾਣਾ॥

-(ਆਦਿ ਗ੍ਰੰਥ, ਪੰਨਾ ੪੭੨)

Sri Satguru Jagjit Singh Ji eLibrary NamdhariElibrary@gmail.com

ਦੂਜੇ ਸਿੱਖ ਸਤਿਗੁਰੂ, ਗੁਰੂ ਅੰਗਦ ਸਾਹਿਬ ਜੀ, ਆਪ ਵੀ ਬਾਣੀਕਾਰ ਸਨ ਅਤੇ ਗੁਰੂ ਨਾਨਕ ਜੀ ਦੀ ਬਾਣੀ ਇਕ ਜਗ੍ਹਾ ਇਕੱਠੀ ਕਰਨ ਲਈ, ਪੋਥੀਆਂ ਲਿਖਵਾਈਆਂ। ਉਹਨਾਂ ਨੇ ਹੀ ਉਸ ਸਮੇਂ ਪੰਜਾਬੀ ਵਰਣ ਮਾਲਾ ਦੇ ਪ੍ਰਚਲਿਤ ਪੈਂਤੀ ਅੱਖਰਾਂ ਨੂੰ ਸੋਧ ਸੁਆਰ ਕੇ ਇਸ ਲਿੱਪੀ ਵਿਚ ਆਪਣੇ ਗੁਰੂ ਜੀ ਦੇ ਮੁਖਾਰਬਿੰਦ ਵਿਚੋਂ ਨਿਕਲੀ ਬਾਣੀ ਦਰਜ ਕਰਨ ਲਈ, ਇਸ ਨੂੰ ਗੁਰਮੁਖੀ ਲਿੱਪੀ ਦਾ ਨਾਮ ਦਿੱਤਾ। ਵਿਗਿਆਨਕ ਮੱਤ ਇਹ ਹੈ ਕਿ ਸ਼ਾਰਦਾ, ਟਾਕਰੀ, ਮਹਾਜਨੀ (ਲੰਡਿਆਂ) ਆਦਿ ਲਿੱਪੀਆਂ ਵਿਚੋਂ ਹੀ ਗੁਰਮੁਖੀ ਲਿੱਪੀ ਦਾ ਵਿਕਾਸ ਹੋਇਆ ਹੈ ਜੋ ਹਰ ਤਰ੍ਹਾਂ ਨਾਲ ਪੰਜਾਬੀ ਭਾਸ਼ਾ ਦੇ ਉਚਾਰਨ ਦੇ ਅਨੁਕੂਲ ਹੈ। ਬੇਸ਼ੱਕ ਪਹਿਲੇ ਦਸਾਂ ਵਿਚੋਂ ਸਾਡੇ ਛੇ ਗੁਰੂ ਸਾਹਿਬਾਨ ਬਾਣੀਕਾਰ ਸਨ, ਉਹ ਆਪਣੀ ਬਾਣੀ ਗੁਰਮੁਖੀ ਲਿੱਪੀ ਵਿਚ ਹੀ ਲਿਖਦੇ ਸਨ। ਦੱਸਵੇਂ ਪਾਤਸ਼ਾਹ ਦੇ ਸਮੇਂ ਨਾਲ ਸਬੰਧਿਤ ਰਚਨਾਵਾਂ ਦਾ ਸੰਗ੍ਰਹਿ ਦਸਮ ਗ੍ਰੰਥ ਸਾਹਿਬ ਅਤੇ ਸ੍ਰੀ ਸਰਬਲੋਹ ਗ੍ਰੰਥ ਆਦਿ ਸਿੱਖ ਧਾਰਮਿਕ ਸਾਹਿਤ ਵੀ ਗੁਰਮੁਖੀ ਲਿੱਪੀ ਵਿਚ ਲਿਖਿਆ ਹੈ, ਭਾਵੇਂ ਇਸ ਦੀ ਭਾਸ਼ਾ ਬਰੱਜ ਜਾਂ ਖੜੀ ਬੋਲੀ ਅਤੇ ਫਾਰਸੀ ਆਦਿਕ ਹੈ। ਜਿਹਨਾਂ ਸਤਿਗੁਰਾਂ ਦੇ ਵਲੋਂ ਜ਼ਾਰੀ ਹੁਕਮਨਾਮੇ ਸੰਗਤਾਂ ਦੇ ਨਾਮ ਮਿਲਦੇ ਹਨ, ਉਸ ਵਿਚ ਉਹਨਾਂ ਦੇ ਨਿਸ਼ਾਨ ਵੀ ਗੁਰਮੁਖੀ ਲਿੱਪੀ ਦੇ ਅੱਖਰਾਂ ਵਿਚੋਂ ਬਣਾਏ ਗਏ ਹਨ। ਅਠਾਰ੍ਹਵੀਂ, ਉਨ੍ਹੀਵੀਂ ਸਦੀ ਦਾ ਬਹੁਤ ਸਾਰਾ ਹਿੰਦੂ ਜਾਂ ਸਿੱਖ ਧਾਰਮਿਕ ਸਾਹਿਤ ਜੋ ਲਿਖਿਆ ਬੇਸ਼ਕ ਬਰੱਜ ਭਾਸ਼ਾ, ਖੜੀ ਬੋਲੀ ਜਾਂ ਸਾਧ ਭਾਖਾ ਵਿਚ ਗਿਆ, ਉਸ ਦੀ ਲਿੱਪੀ ਆਮ ਤੌਰ ਤੇ ਗੁਰਮੁਖੀ ਹੀ ਹੁੰਦੀ ਸੀ। ਇਸ ਤਰ੍ਹਾਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨੇ ਪੰਜਾਬ ਦੇ ਲੋਕਾਂ ਨੂੰ ਇਕ ਨਵੀਂ ਅਤੇ ਜੰਗਜੂ ਪਹਿਚਾਨ ਦਿੱਤੀ ਅਤੇ ਉਹ ਅਠਾਰ੍ਹਵੀਂ ਸਦੀ ਦਾ ਦੂਜਾ ਅੱਧ ਟੱਪਣ ਤੋਂ ਪੰਦਰਾਂ ਕੁ ਸਾਲ ਬਾਅਦ ਪੰਜਾਬ ਦੀ ਤਕਦੀਰ ਦੇ ਮਾਲਕ ਬਣ ਗਏ। ਇਹ ਗੁਰੂ ਨਾਨਕ ਅਤੇ ਉਹਨਾਂ ਦੇ ਵਾਰਿਸਾਂ ਦੁਆਰਾ ਛੋਹੇ ਸੱਭਿਆਚਾਰਕ ਇਨਕਲਾਬ ਦੀ ਵਜ੍ਹਾ ਕਰਕੇ ਹੀ ਸੀ ਜਿਸ ਵਿਚ ਭਾਸ਼ਾ ਤੇ ਲਿੱਪੀ ਦਾ ਯੋਗਦਾਨ ਨੁਮਾਂਇਆਂ ਸੀ। ਰਾਜ ਭਾਗ ਤੋਂ ਪਹਿਲਾਂ ਜਦੋਂ ਸਿੰਘ ਜੰਗਲਾਂ, ਪਹਾੜਾਂ ਅਤੇ ਥਲਾਂ ਵਿਚ ਰਹਿਣ ਲਈ ਮਜ਼ਬੂਰ ਸਨ ਤਾਂ ਉਹ ਗੁਰੀਲਾ ਜੰਗ ਸਮੇਂ ਗੁਪਤ ਭਾਸ਼ਾ ਦੇ ਤੌਰ ਤੇ ਖ਼ਾਲਸਈ ਬੋਲੇ ਬੋਲਕੇ, ਹਾਕਮਾਂ ਦੀਆਂ ਅੱਖਾਂ ਵਿਚ ਘੱਟਾ ਵੀ ਪਾਉਂਦੇ ਸਨ ਅਤੇ ਆਪਣਾ ਮਨੋਬਲ ਵੀ ਕਾਇਮ ਰੱਖਦੇ ਸਨ। ਗੁਰੂ ਕਾਲ ਅਤੇ ਸਿੱਖ ਕਾਲ ਵਿਚ ਗੁਰਬਾਣੀ, ਗੁਰਮਤਿ ਸਾਹਿਤ ਦੇ ਅਧਿਆਨ, ਲਿਖਣ ਅਤੇ ਪਰਚਾਰ ਪਰਸਾਰ ਲਈ, ਵੱਖ-ਵੱਖ ਇਲਾਕਿਆਂ ਵਿਚ ਕਈ ਟਕਸਾਲਾਂ ਕਾਇਮ ਹੋਈਆਂ, ਜਿੱਥੋਂ ਦੇ ਪੜ੍ਹੇ ਗਿਆਨੀ ਪਦ ਨਾਲ ਨਿਵਾਜੇ ਜਾਂਦੇ।

ਪੰਜਾਬ ਤੇ 1849 ਈ. ਵਿਚ ਅੰਗਰੇਜ਼ਾਂ ਦਾ ਕਬਜ਼ਾ ਹੁੰਦਿਆਂ ਹੀ, ਉਹਨਾਂ ਨੇ ਸਿੱਖਿਆ ਦੇ ਪੁਰਾਣੇ ਕੇਂਦਰ, ਮਕਤਬ, ਧਰਮਸ਼ਾਲਾਵਾਂ ਆਦਿ ਸਿੱਧੇ ਟੇਢੇ ਢੰਗ ਨਾਲ ਬੰਦ ਕਰਵਾ ਦਿੱਤੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ, ਰਾਜ ਭਾਸ਼ਾ ਤਾਂ ਪਿਛਲੇ ਸੱਤ ਅੱਠ ਸੌ ਸਾਲ ਤੋਂ ਚੱਲੀ ਆਉਂਦੀ ਫ਼ਾਰਸੀ ਹੀ ਰਹੀ। ਮਹਾਰਾਜਾ ਵਲੋਂ ਇਤਿਹਾਸਿਕ ਗੁਰਦੁਆਰਿਆਂ ਦੇ ਨਾਮ ਵੱਡੀਆਂ ਜਾਗੀਰਾਂ ਲਾਈਆਂ ਜਾਣ ਕਾਰਨ, ਇੱਥੇ ਪੰਜਾਬੀ ਭਾਸ਼ਾ, ਗੁਰਮੁਖੀ ਅੱਖਰਾਂ ਵਿਚ ਪੜ੍ਹਨ ਦੇ ਉਚੇਚੇ ਪ੍ਰਬੰਧ ਸਨ। ਸ਼ਿਵਦੁਆਲਿਆਂ ਵਿਚ ਹਿੰਦੂ ਧਰਮ ਗ੍ਰੰਥ, ਮਕਤਬਾਂ ਵਿਚ ਇਸਲਾਮੀ ਸਾਹਿਤ ਪੜ੍ਹਣ ਪੜਾਉਣ ਦੇ ਅਤੇ ਸੰਸਕ੍ਰਿਤ, ਅਰਬੀ, ਫ਼ਾਰਸੀ ਸਿੱਖਣ ਦੇ ਵੀ ਕੇਂਦਰ ਮਿਲਦੇ ਸਨ। ਪੰਜਾਬ ਦੇ ਲੋਕਾਂ ਵਿਚੋਂ ਉਹਨਾਂ ਦੀ ਵੱਖਰੀ ਪਹਿਚਾਨ ਖ਼ਤਮ ਕਰਨ ਲਈ, ਕੰਪਨੀ ਸਰਕਾਰ ਨੇ ਪੰਜਾਬੀ ਭਾਸ਼ਾ ਪੜ੍ਹਨ ਪੜ੍ਹਾਉਣ ਦੇ ਉਪਰਾਲਿਆਂ ਨੂੰ ਢਾਹ ਲਾਉਣੀ ਸ਼ੁਰੂ ਕੀਤੀ। ਹੌਲੀ-ਹੌਲੀ ਸਰਕਾਰੀ ਬੇਰੁਖੀ ਜਾਂ ਧਿੰਗੋਜ਼ੋਰੀ ਦੇ ਚੱਲਦਿਆਂ, ਵਿੱਦਿਆਂ ਦੇ ਦੇਸੀ ਕੇਂਦਰ ਬੰਦ ਹੋ ਗਏ। ਸਰਕਾਰ ਦੁਆਰਾ ਖੋਹਲੇ ਸਕੂਲਾਂ, ਕਾਲਜਾਂ ਵਿਚ ਸਾਰਾ ਜ਼ੋਰ, ਅੰਗਰੇਜ਼ੀ, ਫ਼ਾਰਸੀ ਜਾਂ ਉਰਦੂ ਦੀ ਪੜ੍ਹਾਈ ਤੇ ਹੀ ਹੁੰਦਾ ਸੀ। ਜਿਸ 'ਕਾਇਦਾ-ਏ-ਨੂਰ' ਦੁਆਰਾ ਪੰਜਾਬ ਵਿਚ ਦੇਸੀ ਬੋਲੀਆਂ ਪੜ੍ਹਾਈਆਂ ਜਾਂਦੀਆਂ ਸਨ, ਉਸਨੂੰ ਨਵੀਂ ਸਰਕਾਰ ਨੇ ਨਾਂ ਸਿਰਫ ਜ਼ਬਤ ਕੀਤਾ ਸਗੋਂ ਇਸ ਲਈ ਲੋਕਾਂ ਨੂੰ ਪ੍ਰੋਤਸਾਹਿਤ ਕੀਤਾ। ਜੇ ਕੋਈ ਨਜ਼ਾਇਜ ਹਥਿਆਰ ਬਰਛੀ ਤਲਵਾਰ, ਗੰਡਾਸਾ ਸਰਕਾਰ ਨੂੰ ਦੇਵੇ ਤਾਂ ਉਸਨੂੰ ਛੇ ਆਨੇ ਇਨਾਮ ਅਤੇ 'ਕਾਇਦਾ-ਏ-ਨੂਰ' ਦੇਣ ਵਾਲੇ ਨੂੰ ਚੌਦਾਂ ਆਨੇ ਇਨਾਮ ਸੀ। ਅੰਗਰੇਜ਼ ਸਰਕਾਰ ਨੇ ਪੰਜਾਬ ਵਿਚ ਪੱਕੇ ਪੈਰੀਂ ਹੁੰਦਿਆਂ ਹੀ ਦਮਨ ਚੱਕਰ ਹੋਰ ਤੇਜ਼ ਕਰ ਦਿੱਤਾ। ਗਿਆਨ ਵਿਗਿਆਨ ਦਾ ਪੁਰਾਣਾ ਢਾਂਚਾ ਤੋੜ ਦਿੱਤਾ, ਨਵਾਂ ਪੂਰਾ ਬਣਾਇਆ ਨਾਂ। ਇਸ ਬੇਚੈਨੀ ਅਤੇ ਛਟਪਟਾਹਟ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ, 12 ਅਪਰੈਲ 1857 ਤੋਂ ਪੰਜਾਬ ਵਿਚ, ਦੇਸ਼ ਆਜ਼ਾਦੀ ਲਈ, ਇਕ ਵੱਡੀ ਲੋਕ ਲਹਿਰ ਕੂਕਾ ਲਹਿਰ ਚੱਲੀ। ਕੂਕਿਆਂ ਦੇ ਸਿਆਸੀ ਨਿਸ਼ਾਨੇ ਤੋਂ ਅੰਗਰੇਜ਼ ਸਰਕਾਰ ਕੰਬ ਉੱਠੀ। ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਬਦਰ ਕਰਕੇ ਰੰਗੂਨ ਭੇਜ ਦਿੱਤਾ ਗਿਆ। ਪ੍ਰਮੁੱਖ ਕੂਕੇ ਵੀ ਜਲਾਵਤਨ ਹੋਏ। ਸ਼ਹੀਦੀਆਂ, ਜਾਇਦਾਦ ਜ਼ਬਤੀਆਂ, ਨਜ਼ਰਬੰਦੀਆਂ, ਪਾਬੰਦੀਆਂ ਕੂਕਿਆਂ ਦੀ ਹੋਣੀ ਬਣ ਗਈਆਂ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਰੰਗੂਨ ਜਿਹਲ ਤੋਂ ਆਪਣੇ ਪੈਰੋਕਾਰਾਂ ਨਾਲ ਹੁਕਮਨਾਮਿਆਂ ਦੁਆਰਾ ਸੰਪਰਕ ਰੱਖ ਰਹੇ ਹਨ। ਇਹਨਾਂ ਵਿਚ ਅਨੇਕ ਥਾਂਵਾਂ ਤੇ ਆਪਣੀ ਭਾਸ਼ਾ ਅਤੇ ਇਸਦੀ ਲਿੱਪੀ ਲਈ ਸਤਿਗੁਰੂ ਜੀ ਦੀਆਂ ਚਿੰਤਾਵਾਂ ਪ੍ਰਗਟ ਹੁੰਦੀਆਂ ਹਨ। ਅੰਗਰੇਜ਼ ਕੂਕਿਆਂ ਨੂੰ ਗੁਰਬਾਣੀ ਦੇ ਪਾਠਾਂ ਦੇ ਭੋਗ ਨਹੀਂ ਪਾਉਣ ਦਿੰਦੇ। ਸਤਿਗੁਰੂ ਜੀ ਇਸ ਵੰਗਾਰ ਨੂੰ ਪਰਵਾਨ ਕਰਦਿਆਂ, ਹਰ ਮਾਈ ਭਾਈ ਲਈ ਗੁਰਮੁਖੀ ਅੱਖਰ ਪੜ੍ਹਨੇ ਲਾਜ਼ਮੀ ਕਰਾਰ ਦਿੰਦੇ ਹਨ ਤਾਂ ਕਿ ਹਰ ਕੂਕਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਕੇ, ਸਰਕਾਰੀ ਆਦੇਸ਼ ਦੀਆਂ ਧੱਜੀਆਂ ਉਡਾ ਸਕੇ। ਜਿਹੜੇ ਸਿੰਘ ਆਪ ਨੂੰ ਲਿਖਦੇ ਹਨ ਕਿ ਅੱਖਰ ਪੜ੍ਹਨੇ ਔਖੇ ਹਨ, ਉਹਨਾਂ ਨੂੰ ਯੁਕਤੀ ਪੂਰਵਕ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਸਾਖੀ ਸੁਣਾਕੇ, ਅੱਖਰ ਪੜ੍ਹਨ ਦੀ ਤਾਕੀਦ ਕਰਦੇ ਹਨ-

ਹੋਰ ਇਕ ਸਿੰਘ ਨੇ ਐਸਾ ਲਿਖਾ ਹੈ ਮੇਰੇ ਤੇ ਬਾਣੀ ਕੰਠ ਨਹੀਂ ਹੁੰਦੀ। ਗੁਰੂ ਜੀ ਨੇ ਬੀ ਹੁਕਮ ਦਿਤਾ ਸੀ ਅਖਰ ਪੜਨੇ ਦਾ। ਸੋ ਇਕ ਸਿਖ ਨੇ ਅਰਜ ਕੀਤੀ ਗੁਰੂ ਜੀ ਮੇਰੇ ਤੇ ਅਖਰ ਨਹੀ ਪੜ ਹੁੰਦੇ, ਮੈਨੂ ਆਉਦੇ ਨਹੀ। ਗੁਰੂ ਜੀ ਨੇ ਕਹਾ ਅਛਾ ਤੂ ਏਸ ਜਗਾ ਇਕ ਪਥਰ ਹਮੇਸਾ ਸਿਟ ਜਾਇਆ ਕਰ, ਤਾ ਉਹ ਸਿਖ ਲਗਾ ਇਕ ਪਥਰ ਹਮੇਸਾ ਸਿਟਣ ਤਾ ਪਥਰਾ ਦਾ ਢੇਰ ਲਗ ਗਇਆ। ਤਾ ਗੁਰੂ ਜੀ ਨੇ ਕਿਹਾ ਇਕ ਇਕ ਅਖਰੁ ਸਿਖੇ ਜੇ ਹਮੇਸਾ ਤਾ ਅਖਰ ਸਿਖੇ। ਪਥਰਾ ਦੇ ਸਿਟਣ ਤੇ ਏਡਾ ਢੇਰ ਲਗ ਗਇਆ, ਸੋ ਅਜੇ ਤੈਨੂ ਆਉਦੇ ਨਹੀ ਤਾ ਆਇ ਜਾਣਗੇ। ਤਾ ਉਹ ਸਿਖ ਹੁਕਮ ਮੰਨਕੇ ਅਖਰ ਪੜਨ ਲਗ ਗਇਆ, ਫੇਰ ਅਖਰ ਪੜ ਗਇਆ। ਸੋ ਖਾਲਸਾ ਜੀ ਜੋ ਇਕ ਦੁਇ ਤੁਕਾ ਨਿਤ ਕੰਠ ਕਰਨਗੇ, ਬਹੁਤ ਬਾਣੀ ਕੰਠ ਹੋ ਜਾਊਗੀ, ਸਤਿ ਕਰਕੇ ਮੰਨਣਾ।

-(ਹੁਕਮਨਾਮਾ ਨੰ:3, ਸ.ਜਸਵਿੰਦਰ ਸਿੰਘ ਪਹਿਲੀ ਛਾਪ, ਸਫਾ 115-17

ਸਭ ਨੂ ਕੁੜੀ ਮੁੰਡੇ ਨੂ ਅਖਰ ਪੜਾਇ ਦੇਣੇ ਗੁਰਮੁਖੀ।

-(ਹੁਕਮਨਾਮਾ ਨੰ:12, ਸਫਾ 199)

ਲੜਕਿਆ ਤੇ ਬੀਬੀਆ ਨੂ ਅਖਰ ਪੜਾ ਦੇਣੇ ਸਭਨਾ ਨੂ, ਅਰ ਆਪੋ ਆਪਣੇ ਘਰ ਮੈ ਭੋਗ ਭੀ ਗ੍ਰੰਥ ਸਾਹਿਬ ਦੇ ਪਾਉਣੇ।

-(ਹੁਕਮਨਾਮਾ ਨੰ:14, ਸਫਾ 215)

ਪਿਛਾ ਰਾਤ ਇਸਨਾਨ ਤੇ ਲਟਕੇ ਲਟਕੀਆ ਨੂ ਅਖਰ ਪੜ੍ਹਾ ਦੇਣੇ ਅਰ ਜਥਾ ਸਕਤ ਸੇਵਾ ਬੀ ਕਰਨੀ ਅਨ ਬਸਤ੍ਰ ਦੀ ਲੋੜਮਾਨ ਦੀ, ਚਾਹੇ ਕਿਸੇ ਭੇਖ ਦਾ ਹੋਵੇ, ਚਾਹੇ ਨਿੰਦਕ ਬੀ ਹੋਵੇ।

-(ਹੁਕਮਨਾਮਾ ਨੰ:16, ਪੰਨਾ 228)

ਅਰ ਬੀਬੀ ਨੰਦਾ ਲਟਕੀਆ ਨੂ, ਬਹੂਆ ਨੂ ਬੀ ਅਖਰ ਪੜਾ ਦੇਣੇ, ਬਾਣੀ ਕੰਠ ਕਰਾ ਦੇਣੀ, ਅਰ ਪਿਛਲੀ ਰਾਤ ਸਭੀ ਇਸਨਾਨ ਕਰਕੇ ਭਜਨ ਕੀਤਾ ਕਰੋ।

-(ਹੁਕਮਨਾਮਾ ਨੰ:17, ਪੰਨਾ 242)

ਅਰ ਲੜਕੇ ਲੜਕੀਆ ਨੂ ਅਖਰ ਪੜਾਵਣੇ ਪਹਿਲਾ ਹੋਛ ਆਉਦੀ ਦੇ ਨਾਲ।

-(ਹੁਕਮਨਾਮਾ ਨੰ:22, ਪੰਨਾ 270)

ਸਾਰੇ ਈ ਬਾਣੀ ਕੰਠ ਕਰਨ, ਅਰ ਜਨਾਨੇ ਮਰਦਾਨੇ ਕੁੜੀ ਮੁੰਡੇ ਤੇ ਲਾਕੇ ਕੁੜੀਆ ਮੁੰਡਿਆ ਨੂ ਅਖਰੁ ਪੜਾਇ ਦੇਣੇ ਅਰ ਭਜਨ ਕਰਦੇ ਰਹਿਣਾ, ਛਡ ਨਾ ਦੇਣਾ ਕਿਤੇ।

-(ਹੁਕਮਨਾਮਾ ਨੰ:25, ਪੰਨਾ 282)

ਅਰੁ ਲੜਿਕੇ ਲੜਿਕੀਆ ਕੋ, ਸਭ ਕੋ ਅਖਰ ਪੜਾ ਦੇਣੇ ਨਾਲੇ ਬਾਣੀ ਕੰਠ ਕਰਾਉਣੀ ਬਾਲਿਆ ਦੇ।

-(ਹੁਕਮਨਾਮਾ ਨੰ:28, ਪੰਨਾ 294)

ਅਰੁ ਲਟਕੇ ਲਟਕੀਆ ਨੂ ਅਖਰ ਪੜਾ ਦੇਓ। ਸਭੇ ਸਿੰਘ ਰਾਤ ਨੂ ਇਕਠੇ ਹੋਕੇ ਬਾਣੀ ਕੰਠ ਕੀਤਾ ਕਰੋ ਹਮੇਸਾ। ਮਾਈ ਬੀਬੀ ਸਭ ਨੇ ਬਾਣੀ ਕੰਠ ਜ਼ਰੂਰ ਕਰਨੀ।

-(ਹੁਕਮਨਾਮਾ ਨੰ:34, ਪੰਨਾ 327)

Sri Satguru Jagjit Singh Ji eLibrary NamdhariElibrary@gmail.com

ਮੇਹਰ ਸਿੰਘ ਤੂ ਆਖਦਾ ਮੇਤੇ ਬਾਣੀ ਕੰਠ ਨਹੀ ਹੁੰਦੀ, ਸੋ ਕਿਉ ਨਹੀ ਹੁੰਦੀ? ਜੇ ਦੋ ਤੁਕਾ ਨਿਤ ਕਰੇ ਤਾ ਬੀ ਬਹੁਤ ਕੰਠ ਹੋਇ ਜਾਦੀ ਹੈ। ਬਾਣੀ ਕੰਠ ਕਰਨ ਤੇ ਅਰ ਪੜਨ ਤੇ ਆਲਸ ਨ ਕਰ, ਜੁਵਾ ਬਸਤਾ ਹੈ ਹੁਣ ਤਾ ਤੇਰੀ।

-(ਹੁਕਮਨਾਮਾ ਨੰ:25, ਪੰਨਾ 333)

ਅਖਰ ਬੀ ਲਟਕੇ ਬੀਬੀਆ ਨੂ ਜਰੂਰ ਪੜਾਉਣੇ।

-(ਹੁਕਮਨਾਮਾ ਨੰ:41, ਪੰਨਾ 391)

ਹੋਰ ਹਰਿਦਾਸ ਤਾ ਅਖਰ ਅਛੇ ਲਿਖਦੇ ਹੈ ਮੁੰਡੇ, ਅਜੇ ਹਰਿਦਾਸ ਦੀ ਤਰਾ ਨਹੀ ਲਿਖਣੀ ਆਈ। ਖਵਰ ਸਾਰ ਬਹੁਤ ਲਿਖਿਆ ਕਰੋ।

-(ਹੁਕਮਨਾਮਾ ਨੰ:56, ਪੰਨਾ 446)

ਅਰ ਤੂ (ਸੂਬਾ ਸੁੱਧ ਸਿੰਘ, ਮਢੌਰ ਜ਼ਿਲਾ ਅੰਬਾਲਾ) ਫੂਲਾ ਸਿੰਘ ਦੀ ਧੀ (ਸੁੱਧ ਸਿੰਘ ਦੀ ਪਤਨੀ) ਨੂ ਅਛੀ ਤਰਾ ਅਖਰ ਭੜਾਇ ਦੇਈ।

-(ਹੁਕਮਨਾਮਾ ਨੰ:59, ਪੰਨਾ 467)

ਹੋਰ ਬਸੰਤ ਸਿੰਘ (ਸਤਿਗੁਰੂ ਰਾਮ ਸਿੰਘ ਦਾ ਦੋਹਿਤਾ) ਕੁੜੀ ਨੰਦਾ (ਬਸੰਤ ਸਿੰਘ ਦੀ ਮਾਤਾ) ਨੇ ਲਿਖਾ ਹੈ ਮੁੰਡੇ ਮੇਰੇ ਆਖੇ ਨਹੀ ਲਗਦੇ। ਨਾ ਪੋਥੀ ਪੜਦੇ ਹੈ ਨਾ ਗਰੰਥ ਸਾਹਿਬ ਪੜਦੇ ਹੈਨ।

-(ਹੁਕਮਨਾਮਾ ਨੰ:63, ਪੰਨਾ 516-17)

ਤੇ ਬੀਬੀ ਨੰਦਾ ਤੇ ਉਤਮੀ ਕੋ ਕਹਿਣਾ ਕਿ ਪੰਜ ਗ੍ਰੰਥ ਪੜਿਆ ਕਰਨ ਹਮੇਸਾ, ਨਾਲੇ ਬਸੰਤ ਸਿੰਘ ਹੋਰਾਂ ਕੋ (ਤਿੰਨਾਂ ਦੋਹਤਿਆਂ ਨੂ) ਅਖਰ ਪੜਾ ਦੇਵਣੇ ਤੇ ਨਾਲੇ ਬਾਣੀ ਕੰਠ ਕਰਵਾ ਦੇਵਨੀ।

-(ਹੁਕਮਨਾਮਾ ਨੰ:65, ਪੰਨਾ 534)

ਸਤਿਗੁਰੂ ਰਾਮ ਸਿੰਘ ਜੀ ਬਸਤੀਵਾਦ ਅਤੇ ਸਾਮੰਤਵਾਦ ਵਿਰੋਧੀ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਲੇ, ਆਪਣੇ 65 ਹੁਕਮਨਾਮਿਆਂ ਵਿਚੋਂ 15 ਵਿਚ, ਪੰਜਾਬੀ ਭਾਸ਼ਾ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਣ ਪੜ੍ਹਨ ਦੀ ਸਿੱਖਿਆ, ਹਰ ਮਾਈ ਭਾਈ, ਬੁੱਢੇ ਬਾਲੇ ਲਈ ਆਪਣੇ ਧਰਮ ਦੇ ਲਾਜ਼ਮੀ ਅੰਗ ਵਜੋਂ ਪਰਚਾਰਦੇ ਹਨ। ਬਹੁਤ ਸਾਰੇ ਨਾਮਧਾਰੀ ਜਿਹੜੇ ਅੱਖਰ ਗਿਆਨ ਤੋਂ ਕੋਰੇ ਰਹਿ ਗਏ ਸਨ, ਨਿਤੱਨੇਮ ਦੀਆਂ ਬਾਣੀਆਂ, ਸੁਣ-ਸੁਣ ਕੇ ਉਹਨਾਂ ਵੀ ਕੰਠ ਕਰ ਲਈਆਂ ਸਨ। ਇਸ ਤਰ੍ਹਾਂ ਉਹ ਗੁਰਮਤਿ, ਭਗਤੀ ਅਤੇ ਸੂਫ਼ੀ ਸਾਹਿਤ ਦੇ ਜਾਣੂ ਹੋਕੇ, ਆਪਣੇ ਸੱਭਿਆਚਾਰਕ ਵਿਰਸੇ ਤੋਂ ਲਾਭਵੰਤ ਹੋਏ। ਭਾਈ ਸੰਤੋਖ ਸਿੰਘ ਬਾਹੋਵਾਲ (1845-1909 ਈ.) ਸਮਕਾਲੀ ਨਾਮਧਾਰੀ ਇਤਿਹਾਸ ਲੇਖਕ ਲਿਖਦਾ ਹੈ ਕਿ ਬੇਸ਼ਕ ਉਹ ਬ੍ਰਜ ਭਾਸ਼ਾ ਵਿਚ ਚੰਗੀ ਕਵਿਤਾ ਲਿਖ ਸਕਦਾ ਹੈ, ਪਰ ਉਸਨੇ ਪੰਜਾਬੀ ਵਾਰਤਕ ਨੂੰ ਆਪਣੀ ਲਿਖਤ ਦਾ ਮਾਧਿਅਮ ਬਣਾਇਆ ਹੈ।

"ਇਸ ਗ੍ਰੰਥ ਦੀ ਕਵਤਾ ਨਹੀਂ ਕਰਨੀ ਕਿਉਂਕਿ ਹੁਕਨਾਮੇ ਜੋ ਆਏ ਹੈ ਸੋ ਪੰਜਾਬੀ ਬੋਲੀ ਵਿਚ ਲਿਖ ਭੇਜੇ ਹੈ। ਤਾਂਤੇ ਜਾਣਿਆ ਜੋ ਗੁਰੂ ਬਾਰ੍ਹਵੇਂ ਕੀ ਬਾਣੀ ਪੰਜਾਬੀ ਬੋਲੀ ਵਿਚ ਹੋਵੇਗੀ, ਕਿਉਂਕਿ ਦੇਸਾਂ ਪ੍ਰਦੇਸਾਂ ਮੈਂ ਜਾਣੀ ਹੈ। ਇਹ ਬਾਣੀ ਪੰਜਾਬੀ ਸਿਖ ਜਾਣਨਗੇ। ਕਵਤਾ ਪਹਿਲੇ ਤਾਂ ਅਨਜਾਣ ਨੂੰ ਪੜ੍ਹਨੀ ਨਹੀਂ ਔਂਦੀ ਹੈ ਜੇ ਪੜ੍ਹੇ ਭੀ ਤਾਂ ਅਰਥ ਨਹੀਂ ਸਮਝੇ ਜਾਂਦੇ ਹੈ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ।" -(ਸਤਿਗੁਰੂ ਬਿਲਾਸ, ਭਾਗ ਪਹਿਲਾ (ਸੰ. ਜਸਵਿੰਦਰ ਸਿੰਘ), ਸਫਾ 26)

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪੰਜਾਬ ਨਿਵਾਸ ਦੇ ਮਗਰਲੇ ਸਾਲਾਂ ਵਿਚ, ਲਾਹੌਰ ਦੇ ਇਕ ਕੂਕੇ, ਦੀਵਾਨ ਬੂਟਾ ਸਿੰਘ ਹੋਰਾਂ ਤੋਂ ਉਹਨਾਂ ਦੇ ਛਾਪੇ ਖਾਨੇ ਵਿੱਚੋਂ, ਆਦਿ ਗਰੰਥ ਸਾਹਿਬ ਦੀਆਂ ਬੀੜਾਂ ਅਤੇ ਹੋਰ ਗੁਰਬਾਣੀ ਦੇ ਗੁਟਕਿਆਂ ਨੂੰ ਪਹਿਲੀ ਵੇਰ ਛਾਪੇ ਦਾ ਜਾਮਾ ਪੁਆਇਆ। ਇਸ ਤੋਂ ਪਹਿਲਾਂ ਸੂਬਾ ਹੁਕਮਾ ਸਿੰਘ ਪਿੱਥੋ ਵਾਲਿਆਂ ਦੀ ਅਗੁਆਈ ਹੇਠ, ਸ੍ਰੀ ਭੈਣੀ ਸਾਹਿਬ ਵਿਖੇ ਗੁਰਬਾਣੀ ਪੋਥੀਆਂ ਅਤੇ ਆਦਿ ਗੁਰੂ ਗਰੰਥ ਦੀਆਂ ਬੀੜਾਂ ਸਾਹਿਬ ਦੇ ਹੱਥਾਂ ਨਾਲ ਲਿਖਣ ਦਾ ਕਾਰਜ ਕੀਤਾ ਜਾਂਦਾ ਸੀ। ਮਾਈਸਰ ਖਾਨੇ ਦੇ ਨਾਮਧਾਰੀ ਡੇਰੇ ਵਿਚ, ਭਾਈ ਮਨੀ ਸਿੰਘ ਅਤੇ ਹੋਰ ਕੂਕੇ ਪੋਥੀਆਂ ਅਤੇ ਗਰੰਥ ਸਾਹਿਬ ਲਿਖਣ ਦਾ ਕਾਰਜ ਕਰਦੇ ਸਨ। ਇਉਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹਰ ਕੂਕਾ ਵੱਸੋਂ ਵਾਲੇ ਪਿੰਡ, ਸ਼ਹਿਰ ਦੀ ਧਰਮਸ਼ਾਲਾ ਵਿਚ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਅੱਖਰਾਂ ਦੇ ਲਿਖਣ ਪੜ੍ਹਣ ਦੀ ਸਿੱਖਿਆ ਦਿਤੀ ਜਾਂਦੀ ਸੀ। ਸਤਿਗੁਰੂ ਜੀ ਦੇ ਨਿਰਵਾਸਨ ਬਾਅਦ ਉਹਨਾਂ ਦੇ ਛੋਟੇ ਭਾਈ, ਗੁਰੂ ਹਰੀ ਸਿੰਘ ਜੀ ਕੂਕਾ ਮੁਖੀ ਬਣੇ ਸਨ। ਉਹ ਬਚਪਨ ਵਿਚ ਘਰੋਗੇ ਵਿਹਾਰ ਕਾਰ ਦੇ ਭਾਰ ਸਦਕਾ, ਪੜ ਨਾ ਸਕੇ। ਸਤਿਗੁਰੂ ਜੀ ਨੇ ਉਹਨਾਂ ਨੂੰ ਰੰਗੂਨ ਤੋਂ ਹੁਕਮ ਭੇਜਿਆ ਕਿ ਸੂਬਾ ਗੋਪਾਲ ਸਿੰਘ ਜੋ ਭੈਣੀ ਸਾਹਿਬ ਦੇ ਡੇਰਾ

Sri Satguru Jagjit Singh Ji eLibrary NamdhariElibrary@gmail.com

ਪ੍ਰਬੰਧਕ ਸਨ, ਉਹਨਾਂ ਤੋਂ ਪੰਜਾਬੀ ਪੜ੍ਹਨੀ ਲਿਖਣੀ ਸਿੱਖ ਕੇ, ਗੁਰਬਾਣੀ ਦੇ ਪਾਠੀ ਬਣੇ। ਅਧਖੜ੍ਹ ਉਮਰ ਪਾਰ ਕਰਕੇ, ਅੱਖਰ ਗਿਆਨ ਹਾਸਲ ਕਰਨ ਵਾਲੇ, ਗੁਰੂ ਹਰੀ ਸਿੰਘ ਬਾਅਦ ਵਿਚ ਹਰ ਰੋਜ਼ 25-50 ਪੱਤਰੇ ਸ੍ਰੀ ਆਦਿ ਗਰੰਥ ਸਾਹਿਬ ਦਾ ਪਾਠ, ਨਿਯਮਿਤ ਕਰਦੇ। ਗੁਰੂ ਹਰੀ ਸਿੰਘ ਜੀ ਦੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਲਈ ਕੂਕੇ ਸਿੰਘ ਪੰਜਾਬੀ ਵਿਚ ਦਰਖਾਸਤਾਂ ਅੰਗਰੇਜ਼ ਅਫ਼ਸਰਾਂ ਨੂੰ ਪੇਸ਼ ਕਰਦੇ। ਅਫ਼ਸਰਾਂ ਵੱਲੋਂ ਇਹ ਦਰਖਾਸਤਾਂ ਵਾਪਿਸ ਮੋੜਨ ਤੇ ਸਰਕਾਰੀ ਭਾਸ਼ਾ ਵਿਚ ਲਿਖਾਈਆਂ ਜਾਂਦੀਆਂ ਸਨ। ਗੁਰੂ ਹਰੀ ਸਿੰਘ ਜੀ ਦੇ ਸਮੇਂ ਸੰਤੋਖ ਸਿੰਘ ਬਾਹੋਵਾਲ, ਧਿਆਨ ਸਿੰਘ ਕਾਦਰਾਬਾਦੀ, ਨਿਹਾਲ ਸਿੰਘ, ਚੰਦਾ ਸਿੰਘ ਝੱਬਰ, ਗਿਆਨੀ ਕਾਹਲਾ ਸਿੰਘ ਨੰਗਲ ਪ੍ਰਮੁੱਖ ਪੰਜਾਬੀ ਲੇਖਕ ਤੇ ਕਵੀ ਸਨ ਜਿਹਨਾਂ ਦੀਆਂ ਰਚਨਾਵਾਂ ਵਿਚ, ਸਮਕਾਲੀ ਕੂਕਾ ਸਾਹਿਤ, ਇਤਿਹਾਸ ਦੀਆਂ ਵੰਨਗੀਆਂ ਮਿਲਦੀਆਂ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਜਾਬੀ ਦਾ ਅੱਖਰ ਗਿਆਨ ਭਾਈ ਧਿਆਨ ਸਿੰਘ ਕਾਦਰਾਬਾਦੀ ਅਤੇ ਸੰਤੋਖ ਸਿੰਘ ਬਾਹੋਵਾਲ ਤੋਂ ਲਿਆ। ਉਹ ਗੁਰਬਾਣੀ, ਗੁਰਮਤਿ ਸਾਹਿਤ ਅਤੇ ਪੌਰਾਣਿਕ ਸਾਹਿਤ ਦੇ ਵੱਡੇ ਜਾਣੂ ਸਨ। ਉਹਨਾਂ ਦੇਸ਼ ਬਟਵਾਰੇ ਤੋਂ ਕੁਝ ਸਮਾਂ ਬਾਅਦ, ਪੰਜਾਬੀ ਭਾਸ਼ਾ ਦੇ ਪਰਚਾਰ ਪਰਸਾਰ ਲਈ ਇਹ ਆਦੇਸ਼ ਦਿੱਤਾ ਕਿ ਉਹ ਉਸ ਲੜਕੇ ਅਤੇ ਲੜਕੀ ਦੇ ਅਨੰਦ ਕਾਰਜ ਦੀ ਮਨਜ਼ੂਰੀ ਦੇਣਗੇ ਜੋ ਪੰਜ ਗ੍ਰੰਥੀ ਪੋਥੀ ਦਾ ਪਾਠ ਕਰ ਸਕਦੇ ਹੋਣਗੇ। ਆਪ ਜੀ ਦੀ ਸਰਪ੍ਰਸਤੀ ਵਿਚ ਰੋਜ਼ਾਨਾ ਕੂਕਾ ਅਤੇ ਹਫਤੇਵਾਰ ਸਤਿਜੁਗ ਜਿਹੇ ਪੱਤਰ ਸ਼ੁਰੂ ਹੋਏ ਜਿਸ ਨਾਲ ਗ਼ਦਰ ਲਹਿਰ ਦੇ ਪੰਜਾਬੀ ਪਰਚਿਆਂ ਤੋਂ ਬਾਅਦ ਦੇਸ਼ ਭਗਤ ਪੱਤਰਕਾਰੀ ਵਿਚ ਨਵੀਆਂ ਪੈੜਾਂ ਪਈਆਂ। 'ਸਤਿਜੁਗ' ਆਪਣੀ ਪਹਿਲੀ ਸ਼ਤਾਬਦੀ ਮਨਾਉਣ ਵਾਲਾ ਸ਼ਾਇਦ ਇੱਕੋ ਇੱਕ ਪੰਜਾਬੀ ਪਰਚਾ ਹੋਵੇ। ਸ੍ਰੀ ਭੈਣੀ ਸਾਹਿਬ ਵਿਚ "ਰਾਮ ਹਰੀ ਵਿਦਿਆਲਾ" ਖੋਹਲ ਕੇ ਪੰਜਾਬੀ ਭਾਸ਼ਾ, ਗੁਰਬਾਣੀ, ਗੁਰ ਇਤਿਹਾਸ ਅਤੇ ਗੁਰਮਤਿ ਸਾਹਿਤ ਤੋਂ ਆਪਣੇ ਬੱਚਿਆਂ ਨੂੰ ਜਾਣੂ ਕਰਵਾਇਆ। 17-18 ਅਕਤੂਬਰ 1942 ਨੂੰ ਸ੍ਰੀ ਭੈਣੀ ਸਾਹਿਬ ਵਿਚ ਸ. ਬਲਦੇਵ ਸਿੰਘ ਜੀ ਪ੍ਰਧਾਨਗੀ ਹੇਠ ਇਕ ਪੰਜਾਬੀ ਕਾਨਫਰੰਸ ਹੋਈ, ਜਿਸ ਵਿਚ ਉੱਘੇ ਪੰਜਾਬੀ ਕਲਮਕਾਰ ਸ਼ਾਮਲ ਹੋਏ ਅਤੇ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਅਨੇਕ ਮਤੇ ਪਾਸ ਕੀਤੇ ਗਏ। ਸਤਿਗੁਰੂ ਪਰਤਾਪ ਸਿੰਘ ਜੀ ਤੋਂ ਲੈਕੇ, ਨਾਮਧਾਰੀ ਸਤਿਗੁਰੂ ਸਾਹਿਬਾਨ ਦੁਆਰਾ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ), ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਦੇ ਕਾਜ਼ ਲਈ ਯਤਨ ਸ਼ੀਲ ਹੋਰ ਸੰਸਥਾਵਾਂ ਨੂੰ ਵੀ ਸ੍ਰੀ ਭੈਣੀ ਸਾਹਿਬ ਵਲੋਂ ਹਮੇਸ਼ਾਂ ਸਹਿਯੋਗ ਦਿਤਾ ਜਾਂਦਾ ਹੈ। ਪੁਰਾਤਨ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ, ਜੋ ਸਿੱਖ ਜਗਤ ਵਲੋਂ ਬੇਰੁਖੀ ਦਾ ਸ਼ਿਕਾਰ ਹੋਕੇ ਬੁਢਾਪਾ ਕੱਟ ਰਹੇ ਸਨ, ਚਲਾਣੇ ਤੋਂ ਕੁਝ ਸਮਾਂ ਪਹਿਲਾਂ, ਉਹਨਾਂ ਦਾ ਵਿਸ਼ੇਸ਼ ਸਨਮਾਨ ਕਰਕੇ, ਸਤਿਗੁਰੂ ਜੀ ਨੇ ਉਹਨਾਂ ਦੀਆਂ ਸੇਵਾਵਾਂ ਦੀ ਕਦਰ ਪਾਈ। ਆਪਣੇ ਸਮੇਂ ਦੇ ਤਕਰੀਬਨ ਸਾਰੇ ਹੀ ਚਰਚਿਤ ਪੰਜਾਬੀ ਲੇਖਕ, ਸਤਿਗੁਰੂ ਜੀ ਦੇ ਪ੍ਰੇਮ ਦੇ ਪਾਤਰ ਬਣਦੇ ਰਹੇ।

ਪੰਜਾਬ ਵਿਚ ਆਜ਼ਾਦੀ ਤੋਂ ਬਾਅਦ ਜਦੋਂ ਕੁਝ ਸੰਪ੍ਰਦਾਇਕ ਤਾਕਤਾਂ ਵਲੋਂ ਪੰਜਾਬ ਵਿਚ ਪੰਜਾਬੀ ਤੇ ਹਿੰਦੀ ਦਾ ਵਿਵਾਦ ਖੜ੍ਹਾ ਕੀਤਾ ਗਿਆ, ਸਤਿਗੁਰੂ ਪਰਤਾਪ ਸਿੰਘ ਜੀ ਰਾਜਨੀਤਿਕ ਮਸਲਹਤਾਂ ਤੋਂ ਉਪਰ ਉੱਠ ਕੇ, ਹਮੇਸ਼ਾਂ ਆਪਣੀ ਮਾਂ ਬੋਲੀ ਨਾਲ ਡਟ ਕੇ ਖੜੋਤੇ ਨਜ਼ਰ ਆਏ। ਆਪ ਨੇ 15 ਸੰਤਬਰ 1957 ਦੇ ਸ੍ਰੀ ਭੈਣੀ ਸਾਹਿਬ ਦੇ ਇਕ ਦੀਵਾਨ ਵਿਚ, ਉਪਦੇਸ਼ ਦਿੰਦਿਆਂ ਫੁਰਮਾਇਆ-

"ਮੇਰੇ ਭਰਾਵਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਮੇਰਾ ਐਡਾ ਵੱਡਾ ਮੁਲਕ ਹੈ। ਸਾਡੀਆਂ ਐਨੀਆਂ ਬੋਲੀਆਂ ਹਨ। ਇਹਨੂੰ ਗੁਰਮੁਖੀ (ਪੰਜਾਬੀ) ਨੂੰ ਉਤਾਂਹ ਲਿਜਾਣਾ ਚਾਹੀਦਾ ਹੈ, ਦਬਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਨੂੰ ਹੇਠਾਂ ਨਹੀਂ ਸੁਟਣਾ ਚਾਹੀਦਾ, ਸਾਡੀ ਮਾਦਰੀ ਜਬਾਨ ਹੈ, ਸਾਡੀ ਘਰ ਦੀ ਚੀਜ਼ ਹੈ। ਇਹਦੇ 'ਚ ਜੇ ਅਗਰ ਕੋਈ ਮੇਰੇ ਤੇ ਨਰਾਜ਼ ਹੈ ਤਾਂ ਬੇਸ਼ਕ ਹੋਵੇ- ਅਸੀਂ ਪੰਜਾਬੀ ਹਾਂ ਪੰਜਾਬੀ ਸਾਡਾ ਹੱਕ ਹੈ ਬੋਲਣਾ। ਸਾਨੂੰ ਬੋਲਣਾ ਚਾਹੀਦੈ ਔਰ ਸਾਡੀ ਗੁਰਮੁਖੀ ਲਿੱਪੀ ਜਿਹੜੀ ਹੈ, ਕਦੇ ਤਿਰਸਕਾਰ ਨਹੀਂ ਇਹਦਾ ਹੋਣਾ ਚਾਹੀਦਾ। ਮੈਂ ਜਦ ਹਿੰਦੀ ਦਾ ਐਡਾ ਸਨਮਾਨ ਕਰਦਾ ਹਾਂ ਤਾਂ ਹਿੰਦੀ ਵਾਲੇ ਮੇਰੇ ਭਰਾਵਾਂ ਨੂੰ ਵੀ ਮੇਰੀ ਅਰਜ਼ ਵੱਲ ਧਿਆਨ ਦੇਣਾ ਚਾਹੀਦਾ ਕਿ ਆਪਸ ਵਿਚ ਰਲ ਕੇ ਬੈਠ ਕੇ.....

(ਲਾਲ ਏਹਿ ਰਤਨ- ਭਾਗ 5, ਸਫਾ 136)

ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਆਪਣੇ ਗੁਰਤਾ ਕਾਲ ਦੇ ਅੱਧੀ ਸਦੀ ਤੋਂ ਵੱਧ ਸਮੇਂ ਵਿਚ ਹਮੇਸ਼ਾਂ ਆਪਣੀ ਭਾਸ਼ਾ, ਲਿੱਪੀ ਸੱਭਿਆਚਾਰ ਨੂੰ ਹੋਰ ਅਮੀਰ ਬਨਾਉਣ ਦੇ ਯਤਨਾਂ ਦਾ ਭਰਪੂਰ ਸਾਥ ਦਿਤਾ। ਇਹ ਇਕ ਇਤਿਹਾਸਕ ਸੰਜੋਗ ਹੀ ਸੀ ਕਿ ਗੁਰ ਗੱਦੀ ਨਸ਼ੀਨੀ ਬਾਅਦ, ਆਪ ਦਾ ਪਹਿਲਾ ਲੋਕ ਭਾਸ਼ਣ, ਲੁਧਿਆਣਾ ਵਿਖੇ, 3 ਅਕਤੂਬਰ 1959 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਆਯੋਜਿਤ "ਤੀਜੀ ਸਰਬ ਹਿੰਦ ਪੰਜਾਬੀ ਲੇਖਕ ਕਾਨਫਰੰਸ" ਵਿਚ ਹੋਇਆ ਸੀ। ਇਸ ਵਿਚ ਸਾਹਿਤ ਅਤੇ

Sri Satguru Jagjit Singh Ji eLibrary NamdhariElibrary@gmail.com

ਜੀਵਨ ਨੂੰ ਇੱਕ ਪੱਧਰ ਤੇ ਲਿਆਉਣ ਦਾ ਸੁਝਾਅ ਦਿੰਦਿਆਂ ਆਪ ਨੇ ਹੋਰ ਕਈ ਨਿਰਾਰਥਕ ਮਸਲਿਆਂ ਤੋਂ ਸੁਚੇਤ ਕੀਤਾ, ਜਿਹੜੇ ਬਾਅਦ ਵਿਚ 'ਪੰਜਾਬ ਸਮੱਸਿਆ' ਦਾ ਮੁੱਖ ਕਾਰਨ ਬਣੇ। ਆਪ ਦਾ ਕਥਨ ਸੀ:

"ਇਸ ਦੇ ਨਾਲ ਹੀ ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਭਾਸ਼ਾ ਸਬੰਧੀ ਕੋਈ ਨਿਰਮੂਲ ਝਗੜਾ ਉਠਾਉਣਾ ਵੀ ਸ਼ੋਭਾ ਨਹੀਂ ਦਿੰਦਾ ਅਤੇ ਸਾਰੇ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਤੇ ਪੰਜਾਬੀ (ਗੁਰਮੁਖੀ) ਲਿੱਪੀ ਨਾਲ ਪਿਆਰ ਕਰਨਾ ਚਾਹੀਦਾ ਹੈ।"...

ਪੰਜਾਬੀ ਲੇਖਕਾਂ ਅੱਗੇ ਏਨੀ ਅਪੀਲ ਹੈ ਕਿ ਉਹ ਪੰਜਾਬੀ ਦੀ ਸਰਲਤਾ ਨੂੰ ਤਬਾਹ ਨਾਂ ਕਰਨ। ਦੂਜੀਆਂ ਬੋਲੀਆਂ ਦੇ ਓਪਰੇ, ਭਾਰੇ ਤੇ ਕੋਸ਼ਾਂ ਦੀ ਲੋੜ ਮਹਿਸੂਸ ਕਰਵਾਣ ਵਾਲੇ ਸ਼ਬਦ ਪੰਜਾਬੀ ਵਿਚ ਘਸੋੜ ਕੇ ਸੁਹਣੀ, ਸਰਲ ਤੇ ਠੁੱਲ੍ਹੀ ਬੋਲੀ ਨੂੰ ਬੋਝਲ ਨਾ ਬਨਾਉਣ।

- (ਪ੍ਰਵਚਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗ੍ਰਹਿ ਕਰਤਾ ਹ.ਸ. ਹੰਸਪਾਲ, ਸਫਾ 12)

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿਚ ਨਾਮਧਾਰੀ ਇਤਿਹਾਸ, ਸਾਹਿਤ ਨੂੰ ਸੰਭਾਲਣ ਲਈ, ਵੱਡੇ ਉਪਰਾਲੇ ਕੀਤੇ। ਨਵੇਂ ਪੁਰਾਣੇ ਨਾਮਧਾਰੀ ਲੇਖਕਾਂ ਨੂੰ ਉਤਸ਼ਾਹਿਤ ਕਰਨ ਤੋਂ ਇਲਾਵਾ ਉਹਨਾਂ ਨੇ ਆਪਣੇ ਸਮੇਂ ਦੇ ਅਨੇਕ ਪੰਜਾਬੀ, ਰਚਨਾਕਾਰਾਂ ਅਤੇ ਪੱਤਰਕਾਰਾਂ ਦੀ ਵੀ ਸਮੇਂ ਹੌਂਸਲਾ ਅਫ਼ਜ਼ਾਈ ਕੀਤੀ। ਜਦੋਂ ਆਧੁਨਿਕ ਪੰਜਾਬ ਕਥਿਤ ਪੰਜਾਬੀ ਸੂਬਾ ਦੇ ਨਿਰਮਾਣ ਦੇ ਮੁੱਦੇ ਤੇ ਜਲੰਧਰ ਦਾ ਭਾਸ਼ਾਈ ਪ੍ਰੈੱਸ, ਆਪੋ ਵਿਚ ਡਾਂਗੋ ਸੋਟੀ ਹੋ ਰਿਹਾ ਸੀ ਤਾਂ ਸਤਿਗੁਰੂ ਜੀ ਨੇ ਇਸ ਆਸ਼ੇ ਲਈ, ਪਿਛਲੀ ਸਦੀ ਦੇ ਸਤਵੇਂ ਦਹਾਕੇ ਦੇ ਪਹਿਲੇ ਅੱਧ ਵਿਚ, ਨਵੀਂ ਦਿੱਲੀ ਤੋਂ ਪੰਜਾਬੀ ਵਿਚ ਰੋਜ਼ਾਨਾ ਛਪਣ ਵਾਲਾ ਅਖਬਾਰ "ਨਵਾਂ ਹਿੰਦੁਸਤਾਨ" ਜਾਰੀ ਕਰਵਾਇਆ ਸੀ। ਪ੍ਰਸਿੱਧ ਵਿਦਵਾਨ ਡਾ. ਅਮਰ ਭਾਰਤੀ ਇਸ ਦੇ ਸੰਪਾਦਕ ਸਨ। ਇਸ ਪੱਤਰ ਦੀ ਨੀਤੀ ਸੀ ਕਿ ਪੰਜਾਬੀ ਨਾਂ ਸਿਰਫ ਸਿੱਖਾਂ ਦੀ ਸਗੋਂ ਪੰਜਾਬ ਵਿਚ ਵੱਸਣ ਵਾਲੇ ਸਾਰੇ ਫਿਰਕਿਆਂ, ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਦੀ ਸਾਂਝੀ ਬੋਲੀ ਹੈ। ਸਾਰਿਆਂ ਨੂੰ ਆਪਣੀ ਮਾਂ ਬੋਲੀ ਅਪਨਾਉਣੀ ਚਾਹੀਦੀ ਹੈ ਅਤੇ ਸਮੂਹ ਪੰਜਾਬੀ ਬੋਲਣ ਵਾਲੀ ਵੱਸੋਂ ਨੂੰ ਮਿਲਾਕੇ ਹੀ ਨਵੇਂ ਪੰਜਾਬੀ ਸੂਬੇ ਦੀ ਰਚਨਾ ਕੀਤੀ ਜਾਵੇ। ਪਰ ਇਕ ਧਿਰ ਜਿੱਥੇ ਆਪਣੀ ਭਾਸ਼ਾ ਤੋਂ ਬੇਮੁੱਖ ਸੀ, ਦੂਜੀ ਧਿਰ ਨਿਰੋਲ ਸਿੱਖ ਬਹੁ ਗਿਣਤੀ ਦਾ ਸੂਬਾ ਚਾਹੁੰਦੀ ਸੀ। "ਨਵਾਂ ਹਿੰਦੁਸਤਾਨ" ਧਰਮ ਦੀ ਬਜਾਏ, ਭਾਸ਼ਾ ਆਧਾਰਿਤ ਪ੍ਰਾਂਤ ਦੇ ਗਠਨ ਦੀ ਮੰਗ ਕਰਦਾ ਸੀ। ਇਸ ਸੋਚ ਨੂੰ ਪਰਵਾਨ ਨਾਂ ਕੀਤੇ ਜਾਣ ਦਾ ਹੀ ਨਤੀਜਾ ਸੀ, ਛਾਂਗਿਆ ਹੋਇਆ ਪੰਜਾਬੀ ਸੂਬਾ ਹੋਂਦ ਵਿਚ ਆਉਣਾ ਅਤੇ ਢੇਰ ਸਾਰੇ ਪੰਜਾਬੀ ਬੋਲਦੇ ਇਲਾਕੇ, ਪੰਜਾਬ ਤੋਂ ਬਾਹਰ ਸੁੱਟੇ ਜਾਣੇ। ਪੰਜਾਬ ਸੰਕਟ ਦੇ ਦਿਨਾਂ ਵਿਚ ਵੀ ਜਲੰਧਰ ਦੇ ਪੰਜਾਬੀ ਹਿੰਦੀ ਪਰਚਿਆਂ ਦੀ ਉਲਾਰ ਮਾਨਸਿਕਤਾ ਕਾਰਨ ਹੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੀ ਸੰਗਤ ਨੂੰ ਹੁਕਮ ਕਰਿਆ ਕਰਦੇ ਸਨ ਕਿ ਘਟਨਾਵਾਂ ਪ੍ਰਤੀ ਸੰਤੁਲਿਤ ਪਹੁੰਚ ਬਨਾਉਣ ਲਈ, ਉਹ ਪੰਜਾਬੀ ਦਾ ਰੋਜ਼ਾਨਾ ਅਖਬਾਰ 'ਨਵਾਂ ਜ਼ਮਾਨਾ' ਹੀ ਪੜ੍ਹਿਆ ਕਰਨ।

ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੇ ਦਸੰਬਰ 2012 ਵਿਚ ਆਪਣੀ ਗੱਦੀ ਨਸ਼ੀਨੀ ਦੇ ਸਮੇਂ ਤੋਂ ਹੀ ਸੰਗਤ ਨੂੰ ਗੁਰਬਾਣੀ, ਗੁਰਮਤਿ ਸਾਹਿਤ ਅਤੇ ਆਪਣੇ ਜਿਉਂਦੇ ਸੱਭਿਆਚਾਰ ਨਾਲ ਜੁੜਨ ਲਈ, ਗੁਰਮੁਖੀ ਲਿੱਪੀ ਵਿਚ ਪੰਜਾਬੀ ਭਾਸ਼ਾ ਸਿੱਖਣ ਲਈ ਲਗਾਤਾਰ ਯਤਨਸ਼ੀਲ ਰਹਿਣ ਲਈ ਪਰੇਰਿਆ ਹੈ। ਉਹਨਾਂ ਦੁਆਰਾ ਚਲਾਏ ਜਾਂਦੇ ਸਕੂਲਾਂ, ਕਾਲਜਾਂ ਵਿਚ ਪੰਜਾਬੀ ਵਿੱਦਿਆ ਦਾ ਪੂਰਾ ਪ੍ਰਬੰਧ ਹੈ। ਪੰਜਾਬ ਤੋਂ ਬਾਹਰ ਹੋਰ ਪ੍ਰਾਂਤਾਂ ਵਿਚ ਅਤੇ ਆਪਣੇ ਵਿਦੇਸ਼ੀ ਦੌਰਿਆਂ ਸਮੇਂ ਵੀ ਉੱਥੋਂ ਦੀਆਂ ਸੰਗਤਾਂ ਨੂੰ ਆਪਣੀ ਭਾਸ਼ਾ ਨਾਲ ਜੁੜਨ ਦੀ ਮਾਰਮਿਕ ਅਪੀਲ ਅਕਸਰ ਕਰਦੇ ਹਨ। ਪਿਓ ਦਾਦੇ ਦਾ ਅਨਮੋਲ ਖਜ਼ਾਨਾ ਪੰਜਾਬੀ ਨਾਲ ਜੁੜਨ ਤੋਂ ਬਾਅਦ ਹੀ ਅਸੀਂ ਫਰੋਲ ਸਕਦੇ ਹਾਂ। ਗੁਰਬਾਣੀ ਦੇ ਸ਼ੁੱਧ ਅਧਿਅਨ ਲਈ, ਇਸ ਦੀ ਟੀਕਾ ਕਾਰੀ ਲਈ ਵੀ ਆਪ ਦੇ ਯਤਨ ਜਾਰੀ ਹਨ ਤਾਂਕਿ ਸੰਗਤ ਗੁਰਬਾਣੀ ਦੇ ਅੰਤਰੀਵ ਭਾਵ ਨੂੰ ਸਮਝਣ ਦੇ ਸਮਰੱਥ ਹੋਕੇ, ਆਤਮਿਕ ਬੁਲੰਦੀ ਹਾਸਲ ਕਰ ਸੱਕੇ। ਗੁਰਬਾਣੀ ਸਾਨੂੰ ਸਾਰਿਆਂ ਦੀਆਂ ਦੁੱਖ ਤਕਲੀਫਾਂ ਪ੍ਰਤੀ ਸੰਵੇਦਨ ਸ਼ੀਲ ਬਣਾਂਉਦੀ ਹੈ। ਆਪਸੀ ਭਾਈਚਾਰੇ ਅਤੇ ਸਾਂਝ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੰਦੀ ਹੈ। ਗੁਰਮਤਿ ਸੰਗੀਤ ਦੀ ਪਰਫੁੱਲਤਾ ਵੀ ਆਪ ਦਾ ਕਾਰਜ ਖੇਤਰ ਹੈ।

ਸਤਿਗੁਰੂ ਉਦੇ ਸਿੰਘ ਜੀ, ਆਪਣੇ ਪੂਰਵਜ ਸਤਿਗੁਰੂ ਸਾਹਿਬਾਨ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਹੋਇਆਂ, ਮਾਤ ਭਾਸ਼ਾ ਪੰਜਾਬੀ ਦੇ ਸਮੂਹ ਲੇਖਕਾਂ, ਕਦਰਦਾਨਾਂ ਅਤੇ ਕਾਮਿਆਂ ਦੇ ਹਰ ਵੱਡੇ ਛੋਟੇ ਉੱਦਮ ਵਿਚ ਹਮੇਸ਼ਾਂ ਸਹਾਈ ਹੁੰਦੇ ਹਨ। ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ, ਖੇਤਰੀ ਪਹਿਚਾਨਾਂ ਦਾ ਸੁਆਲ ਅਤੇ ਮਾਨਵ-ਹਿਤੈਸ਼ੀ ਚਿੰਤਨ ਮਨਨ

Sri Satguru Jagjit Singh Ji eLibrary NamdhariElibrary@gmail.com

ਲਈ, ਸ੍ਰੀ ਭੈਣੀ ਸਾਹਿਬ ਵਿਚ, ਪੰਜਾਬੀ ਚਿੰਤਕਾਂ, ਭਾਸ਼ਾ ਵਿਗਿਆਨੀਆਂ ਅਤੇ ਰਚਨਾਕਾਰਾਂ ਨੂੰ ਸੱਦ ਕੇ ਵਿਚਾਰ ਚਰਚਾ ਕਰਕੇ, ਇਸ ਦੇ ਸਾਰਥਿਕ ਨਤੀਜੇ, ਸੰਬੰਧਿਤ ਧਿਰਾਂ ਤੱਕ ਪਹੁੰਚਾ ਕੇ, ਅਮਲ ਲਈ ਰਾਹ ਪੱਧਰਾ ਕਰਨਾ ਆਪ ਦਾ ਚਿਤਵਨ ਸੀ। ਇਸੇ ਕਾਰਜ ਦੀ ਪੂਰਤੀ ਲਈ, ਨਾਮਧਾਰੀ ਸੰਗਤ ਦੇ 2019 ਈ. ਦੇ ਜੱਪ ਪ੍ਰਯੋਗ ਦੀ ਸਮਾਪਤੀ ਵਾਲੇ ਦਿਨ, 13 ਅਕਤੂਬਰ, ਐਤਵਾਰ ਨੂੰ, ਪੰਜਾਬੀ ਭਾਸ਼ਾ ਬਾਰੇ ਵਿਚਾਰ ਚਰਚਾ ਉਲੀਕੀ ਗਈ ਹੈ।

ਸਾਡਾ ਦੇਸ਼ ਅਨੇਕ ਬੋਲੀਆਂ ਬੋਲਣ ਵਾਲੇ, ਬਹੁ ਭਾਸ਼ਾਈ ਲੋਕਾਂ ਦਾ ਅਤੇ ਵੱਖ ਵੱਖ ਧਾਰਮਿਕ ਵਿਸ਼ਵਾਸ਼ ਰੱਖਣ ਵਾਲੇ ਅਨੇਕ ਮੱਤਾਂ ਮਤਾਂਤਰਾਂ, ਧਰਮਾਂ, ਸੰਪਰਦਾਵਾਂ ਅਤੇ ਫ਼ਿਰਕਿਆਂ ਦਾ ਦੇਸ਼ ਹੈ। ਇਹ ਵੱਖ-ਵੱਖ ਨਸਲਾਂ, ਕੌਮੀਅਤਾਂ ਅਤੇ ਜਾਤਾਂ ਆਦਿ ਦਾ ਦੇਸ਼ ਹੈ। ਇਸ ਦੀ ਏਕਤਾ ਇਸ ਦੀ ਅਨੇਕਤਾ ਵਿਚ ਹੀ ਪਰੋਈ ਹੋਈ ਹੈ। ਇਹ ਵੱਖ-ਵੱਖ ਜੀਵਨ ਸ਼ੈਲੀਆਂ ਜਿਊਣ ਵਾਲਿਆਂ ਦਾ, ਇੰਦਰ ਧਨੁਸ਼ ਜਿਹਾ ਉਹ ਦੇਸ਼ ਹੈ, ਜਿਸ ਦੇ ਰੰਗਾਂ ਦੀ ਵਿਵਧਤਾ ਬਾਰੇ ਕਵੀ ਕਹਿੰਦਾ ਹੈ-

"ਕੀ ਛੱਡਾਂ ਤੇ ਕੀ ਫੜਾਂ, ਮੈਨੂੰ ਸੱਤੇ ਰੰਗ ਪਸੰਦ।"

ਪਿਛਲੇ ਕੁਝ ਸਮੇਂ ਤੋਂ ਇਸ ਤਰ੍ਹਾਂ ਦੀਆਂ ਆਵਾਜ਼ਾਂ ਕੰਨਾਂ ਵਿਚ ਪੈ ਰਹੀਆਂ ਹਨ ਕਿ ਜਿਵੇਂ ਅਸੀਂ ਆਪਣੇ ਦੇਸ਼ ਨੂੰ ਇਕ ਖ਼ਾਸ ਰੰਗ ਵਿਚ ਰੰਗਣਾ ਚਾਹੁੰਦੇ ਹਾਂ। ਇਤਿਹਾਸ ਦੀਆਂ ਗ਼ਲਤੀਆਂ ਠੀਕ ਕਰਨ ਦੇ ਨਾਮ ਤੇ ਗਿਆਨ, ਵਿਗਿਆਨ, ਸਾਹਿਤ, ਇਤਿਹਾਸ ਦੇ ਖੇਤਰ ਵਿਚ ਵਿਗਿਆਨਿਕ ਨਜ਼ਰੀਏ ਦੀ ਬਜਾਏ, ਆਸਥਾ ਨੂੰ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਹਰ ਆਸਥਾਵਾਨ ਨੂੰ ਉਸ ਦੀ ਆਸਥਾ ਉੱਥੋਂ ਤਕ ਮੁਬਾਰਕ ਹੈ, ਜਿੱਥੋਂ ਤੱਕ ਉਹ ਦੂਸਰਿਆਂ ਦੀ ਆਸਥਾ ਵਿਚ ਦਖ਼ਲ ਅੰਦਾਜ਼ੀ ਨਹੀਂ ਕਰਦੀ। ਦੇਸ਼ ਭਗਤ ਹੋਣਾ ਹਰ ਭਾਰਤੀ ਦਾ ਪਹਿਲਾ ਕਰਤੱਵ ਹੈ, ਪਰ ਉਸਦੀ ਦੇਸ਼ ਭਗਤੀ ਵੱਸੋਂ ਦੇ ਦੂਜੇ ਹਿੱਸਿਆਂ ਨੂੰ ਲਿਤਾੜਣ ਦਾ ਕਾਰਨ ਨਾ ਬਣੇ। ਜਮਹੂਰੀਅਤ ਵਿਚ ਹਮੇਸ਼ਾਂ ਵਿਚਾਰਾਂ ਦੀ ਭਿੰਨਤਾ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਪਰ ਹਰ ਵਿਰੋਧੀ ਵਿਚਾਰ ਦਾ ਸਿਰ, ਰਾਸ਼ਟਰਵਾਦ ਦੀ ਡੰਗੋਰੀ ਨਾਲ ਫੇਹ ਸੁੱਟਣਾ, ਜਾਇਜ਼ ਨਹੀਂ। ਜਦੋਂ ਵੀ ਕਿਸੇ ਇਕ ਭਾਸ਼ਾ ਨੂੰ ਕੌਮੀ ਭਾਸ਼ਾ ਬਨਾਉਣ ਦੀ ਗੱਲ ਚੱਲਦੀ ਹੈ ਤਾਂ ਇਸ ਬਹੁ ਭਾਸ਼ਾਈ ਦੇਸ਼ ਦੀ ਵੱਸੋਂ ਦਾ ਜੋ ਤਬਕਾ ਕੰਨ ਚੁੱਕ ਲੈਂਦਾ ਹੈ, ਉਹਨਾਂ ਦੀ ਸਹਿਮਤੀ ਤੋਂ ਬਿਨਾਂ, ਕੌਮੀ ਭਾਸ਼ਾ ਦਾ ਮਸਲਾ, ਹਮੇਸ਼ਾਂ ਸੁਲਘਦਾ ਰਹੇਗਾ। ਕੌਮੀ ਭਾਸ਼ਾ ਦੀ ਸਰਦਾਰੀ ਦੇ ਨਾਂ ਤੇ ਜੇ ਕੋਈ ਸਾਡੀ ਹੀ ਪੰਜਾਬੀ ਭਾਸ਼ਾ ਨੂੰ ਸਾਡੇ ਹੀ ਘਰ ਆ ਕੇ ਵੰਗਾਰਨ ਦਾ ਹਠ ਕਰਦਾ ਹੈ ਤਾਂ ਕਵੀ ਦੇ ਸ਼ਬਦਾਂ ਵਿਚ "ਚੰਗੇ ਨਹੀਂ ਅਸਾਰ ਸ਼ਹਿਰ ਦੇ/ ਊਂਘਣ ਪਹਿਰੇਦਾਰ ਸ਼ਹਿਰ ਦੇ।"

ਮਾਂ ਬੋਲੀ ਦੇ ਪਹਿਰੇਦਾਰਾਂ ਦਾ ਵੀ ਜਾਗਣ ਦਾ ਵੇਲਾ ਹੈ। ਸਾਡੀ ਗ਼ਫ਼ਲਤ ਸਾਨੂੰ ਇਤਿਹਾਸ ਦੇ ਮੁਜਰਿਮ ਨਾ ਬਣਾ ਦੇਵੇ। ਇਤਿਹਾਸ ਦਾ ਪਹੀਆ ਹਮੇਸ਼ਾਂ ਅੱਗੇ ਵੱਲ ਹੀ ਘੁੰਮਦਾ ਹੈ, ਇਸ ਨੂੰ ਉਲਟਾ ਗੇੜਾ ਦੇਣ ਵਾਲਿਆਂ ਨੂੰ ਤਾਂ ਨਮੋਸ਼ੀ ਹੀ ਝੱਲਣੀ ਪੈਂਦੀ ਹੈ। ਸਾਡੀ ਨਾਬਰੀ ਦੇ ਇਮਤਿਹਾਨ ਦਾ ਵੇਲਾ ਹੈ। ਪੰਜਾਬੀ ਸਿਆਣਿਆਂ ਨੂੰ ਆਪਣੀ ਭਾਸ਼ਾ ਨੂੰ ਗਿਆਨ ਵਿਗਿਆਨ ਦੇ ਹਰ ਖੇਤਰ ਦੀ ਹਾਣ ਦੀ ਬਨਾਉਣਾ ਪਵੇਗਾ ਤਾਂ ਜੁ ਸਾਡੇ ਬੱਚੇ ਪਹਿਲੀ ਸ੍ਰੇਣੀ ਤੋਂ ਉਚ ਸਿੱਖਿਆ ਤਕ ਹਰ ਤਰ੍ਹਾਂ ਦੀ ਵਿਦਿਆ ਇਸ ਵਿਚ ਗ੍ਰਹਿਣ ਕਰ ਸਕਣ। ਸਮੂਹ ਪੰਜਾਬੀ ਪਿਆਰਿਆਂ ਦੇ ਮਨਾਂ ਵਿਚ ਇਸ ਦੀ ਭਾਸ਼ਾਈ ਸਮਰੱਥਾ ਦਾ ਅਹਿਸਾਸ ਦ੍ਰਿੜ ਕਰਵਾ ਕੇ, ਇਸ ਨੂੰ ਰੁਜ਼ਗਾਰ ਦੀ ਭਾਸ਼ਾ ਬਣਾ ਕੇ ਹੀ ਅਸੀਂ ਇਸ ਦਾ ਭਵਿੱਖ ਉੱਜਲ ਕਰ ਸਕਦੇ ਹਾਂ।

ਕੂਕਾ ਲਹਿਰ ਦੇ ਮਹਾਨ ਸਤਿਗੁਰੂ ਸਾਹਿਬਾਨ ਦੀ ਕਰਮ ਅਤੇ ਜਨਮ ਭੂਮੀ ਤੇ ਜੁੜੇ ਸਮੂਹ ਪੰਜਾਬੀ ਕਲਮਕਾਰ, ਸਾਨੂੰ ਸਾਡੀਆਂ ਜ਼ਿੰਮੇਵਾਰੀਆਂ ਤੋਂ ਸੁਚੇਤ ਕਰਕੇ, ਮਾਂ ਬੋਲੀ ਨੂੰ ਦਰਪੇਸ਼ ਚੁਣੌਤੀਆਂ ਅਤੇ ਸਾਡੀ ਪਹਿਚਾਣ ਨੂੰ ਮਿਲ ਰਹੀ ਵੰਗਾਰ ਦਾ ਟਾਕਰਾ ਕਰਨ ਦੇ ਸਮਰੱਥ ਬਨਾਉਣਗੇ। ਜਗਤ ਗੁਰੂ ਬਾਬਾ ਨਾਨਕ ਅਤੇ ਸ਼ਾਂਤ ਮੂਰਤ ਗੁਰੂ ਹਰੀ ਸਿੰਘ ਜੀ ਦੀਆਂ ਪਾਵਨ ਸ਼ਤਾਬਦੀਆਂ, ਇਸ ਕਾਰਜ ਦਾ ਸਬੱਬ ਬਣੀਆਂ।

ਪਿੰਡ ਤੇ ਡਾਕ: ਕਰੀਵਾਲਾ
ਜਿਲ੍ਹਾ: ਸਿਰਸਾ (ਹਰਿਆਣਾ)
ਫੋਨ: 99963-71716

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਭਾਸ਼ਾ ਦਾ ਕੌਮੀ ਤੇ ਕੌਮਾਂਤਰੀ ਭਵਿੱਖ

✍- ਗੁਰਬਚਨ ਸਿੰਘ ਭੁੱਲਰ

ਪੰਜਾਬੀ ਦੇ ਭਵਿੱਖ ਸੰਬੰਧੀ ਚਰਚਾ ਚਲਦੀ ਹੀ ਰਹਿੰਦੀ ਹੈ ਤੇ ਚਲਦੀ ਰਹਿਣੀ ਚਾਹੀਦੀ ਵੀ ਹੈ। ਕੁਛ ਸਮਾਂ ਪਹਿਲਾਂ ਅਫ਼ਵਾਹ ਫੈਲ ਗਈ ਕਿ ਯੂਨੈਸਕੋ ਅਨੁਸਾਰ ਪੰਜਾਬੀ ਆਉਂਦੇ ਪੰਜਾਹ ਸਾਲਾਂ ਵਿਚ ਲੋਪ ਹੋ ਜਾਵੇਗੀ। ਭਾਵੇਂ ਯੂਨੈਸਕੋ ਦੇ ਦਿੱਲੀ ਦਫ਼ਤਰ ਨੇ ਪੁੱਛ-ਗਿੱਛ ਦੇ ਜਵਾਬ ਵਿਚ ਅਜਿਹਾ ਕੋਈ ਨਿਰਨਾ ਦਿੱਤਾ ਹੋਣ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ, ਤਾਂ ਵੀ ਘੱਟ ਪੜ੍ਹਨ, ਸੋਚਣ ਅਤੇ ਵਿਚਾਰਨ ਪਰ ਵਿਦਵਤਾ ਦਾ ਬਹੁਤਾ ਵਿਖਾਲਾ ਪਾਉਣ ਵਾਲੇ ਸਾਡੇ ਵਰਤਮਾਨ ਭਾਸ਼ਾਈ ਮਾਹੌਲ ਵਿਚ ਤੁਹਾਨੂੰ ਅਖ਼ਬਾਰਾਂ-ਰਸਾਲਿਆਂ ਵਿਚ ਅਣਗਿਣਤ ਲੇਖ ਲਗਾਤਾਰ ਛਪਦੇ ਰਹਿੰਦੇ ਮਿਲਣਗੇ ਜਿਨ੍ਹਾਂ ਦਾ ਪਹਿਲਾ ਵਾਕ ਹੁੰਦਾ ਹੈ, "ਸੰਯੁਕਤ ਰਾਸ਼ਟਰ ਦੇ ਇਕ ਸਰਵੇ ਅਨੁਸਾਰ ਪੰਜਾਬੀ ਪੰਜਾਹ ਸਾਲਾਂ ਵਿਚ ਮਰ ਜਾਵੇਗੀ"।

ਮੇਰਾ ਭਾਵ ਇਹ ਨਹੀਂ ਕਿ ਪੰਜਾਬੀ ਨੂੰ ਕੋਈ ਖ਼ਤਰਾ ਨਹੀਂ। ਪਰ ਇਹ ਮੁੱਦਾ ਬਿਲਕੁਲ ਵੱਖਰੇ ਨਜ਼ਰੀਏ ਨਾਲ ਵਿਚਾਰੇ ਜਾਣ ਦੀ ਮੰਗ ਕਰਦਾ ਹੈ। ਇਸ ਮਸਲੇ ਬਾਰੇ ਲਿਖਣ-ਬੋਲਣ ਵਾਲਿਆਂ ਤੋਂ ਏਨੀ ਆਸ ਤਾਂ ਕਰਨੀ ਹੀ ਬਣਦੀ ਹੈ ਕਿ ਉਹ ਇਸ ਸੰਬੰਧ ਵਿਚ ਵਾਪਰਨ ਵਾਲ਼ੀ ਹਰ ਗੱਲ ਤੇ ਘਟਨਾ ਦੇ ਸੱਚ-ਤੱਥ ਤੋਂ ਜਾਣੂ ਰਹਿਣ।

ਪੰਜਾਬੀ ਦੀਆਂ ਪੱਕੀਆਂ ਬੁਨਿਆਦਾਂ

ਮਨੁੱਖ ਲਈ ਭਾਸ਼ਾ ਦਾ, ਇਸ ਕਰਕੇ ਪੰਜਾਬੀਆਂ ਲਈ ਪੰਜਾਬੀ ਦਾ ਮਹੱਤਵ ਏਨਾ ਉਜਾਗਰ ਹੈ ਕਿ ਇਸ ਦੀ ਵਿਆਖਿਆ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਜੰਗਲੀ ਮਨੁੱਖ ਨੇ ਵਰਤਮਾਨ ਪੜਾਅ ਤੱਕ ਜੋ ਪੰਧ ਮੁਕਾਇਆ ਹੈ, ਉਹ ਕਿਰਤ ਅਤੇ ਭਾਸ਼ਾ ਦੇ ਦੋ ਪੈਰਾਂ ਉੱਤੇ ਤੁਰ ਕੇ ਹੀ ਮੁਕਾਇਆ ਹੈ। ਅੱਜ ਦੇ ਕੰਪਿਊਟਰੀ ਜੁੱਗ ਵਾਲੀ ਵਿਕਸਿਤ ਭਾਸ਼ਾ ਦਾ ਮੁੱਢ ਉਸ ਸਮੇਂ ਬੱਝਿਆ ਜਦੋਂ ਚਾਰ ਪੈਰਾਂ ਵਾਲੇ ਪਸ਼ੂ ਨੇ ਸਿੱਧਾ ਤਣ ਕੇ ਪਿਛਲੇ ਦੋ ਨੂੰ ਪੈਰ ਰਖਦਿਆਂ ਅਗਲੇ ਦੋ ਨੂੰ ਹੱਥ ਬਣਾਉਣ ਦਾ ਉੱਦਮ ਆਰੰਭ ਦਿੱਤਾ ਅਤੇ ਉੱਚੀ ਥਾਂ ਖਲੋ ਕੇ ਦੂਰ-ਦੂਰ ਤੱਕ ਪਸਰੀ ਹੋਈ ਕੁਦਰਤ ਨੂੰ ਨਿਹਾਰਦਿਆਂ ਤੇ ਮਹਿਸੂਸਦਿਆਂ ਅਚੰਭੇ ਤੇ ਆਨੰਦ ਨਾਲ ਲੰਮੀ ਤੇ ਉੱਚੀ ਕਿਲਕਾਰੀ ਮਾਰੀ। ਬਿਨਾਂ-ਸ਼ੱਕ ਜੇ ਧੁਨੀਆਂ ਅਤੇ ਸ਼ਬਦ ਉਹਦੇ ਵੱਸ ਵਿਚ ਹੁੰਦੇ, ਉਹਨੇ ਇਸ ਕਿਲਕਾਰੀ ਦੀ ਭਾਵਨਾ ਨੂੰ ਉਸੇ ਰੂਪ ਵਿਚ ਪਰਗਟ ਕਰਨਾ ਸੀ ਜਿਵੇਂ ਲੱਖਾਂ ਸਾਲ ਮਗਰੋਂ ਬਾਬਾ ਨਾਨਕ ਨੇ ਵਿਸਮਾਦੀ ਖ਼ੁਮਾਰੀ ਨਾਲ ਕਿਹਾ ਸੀ, "ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤੁ ਨ ਜਾਈ ਲਖਿਆ!"

ਇਸ ਕਿਲਕਾਰੀ ਦੇ ਰੂਪ ਵਿਚ ਪਰਗਟ ਹੋਈ ਬੋਲੀ ਮਨੁੱਖ ਲਈ ਇਕ ਵਰ ਸਿੱਧ ਹੋਈ ਤਾਂ ਬਾਕੀ ਚਾਰ ਉਂਗਲਾਂ ਨਾਲੋਂ ਨਿੱਖੜ ਕੇ ਹੌਲੀ-ਹੌਲੀ 90 ਦਰਜੇ ਉੱਤੇ ਪੁੱਜਿਆ ਅੰਗੂਠਾ ਦੂਜਾ ਵਰ ਸਿੱਧ ਹੋਇਆ। ਉਂਗਲਾਂ ਨਾਲੋਂ ਹਟ ਕੇ ਖਲੋਤੇ ਇਸ ਅੰਗੂਠੇ ਨੇ ਸਭ ਪ੍ਰਾਣੀਆਂ ਵਿਚੋਂ ਇਕੋ-ਇਕ ਮਨੁੱਖ ਨੂੰ ਪਕੜ ਦੀ ਅਤੇ ਇਸ ਕਰਕੇ ਕਿਰਤ ਦੀ ਸਮਰੱਥਾ ਦਿੱਤੀ। ਇਹ ਮਨੁੱਖ ਦੇ ਵਿਕਾਸ ਵਿਚ ਅਤੇ ਉਹਦੇ ਭਾਸ਼ਾਈ, ਸਮਾਜਕ ਤੇ ਆਰਥਕ ਇਤਿਹਾਸ ਵਿਚ ਬਹੁਤ ਵੱਡਾ ਇਨਕਲਾਬ ਸੀ। ਕਿਰਤ ਨਵੇਂ-ਨਵੇਂ ਵਿਚਾਰਾਂ ਨੂੰ ਜਨਮ ਦਿੰਦੀ ਗਈ ਅਤੇ ਉਹਨਾਂ ਵਿਚਾਰਾਂ ਨੂੰ ਸਾਂਝੇ ਕਰਨ ਲਈ ਭਾਸ਼ਾ ਨੂੰ ਵਿਕਸਿਤ ਕਰਦੀ ਗਈ। ਵਿਚਾਰਾਂ ਨੂੰ ਪਰਗਟਾਉਂਦੀ ਭਾਸ਼ਾ ਸਮਾਜਕ ਵਿਚਾਰ-ਵਟਾਂਦਰੇ ਰਾਹੀਂ ਕਿਰਤ ਦੇ ਵਿਕਾਸ ਦਾ ਆਧਾਰ ਬਣੀ।

ਜਦੋਂ ਹਾਕਮ ਜਮਾਤ ਦੇ ਭਾਈਵਾਲ, ਗੁਰੂ ਦਰੋਣਾਚਾਰੀਆ ਨੇ ਇਕਲੱਵਿਅ ਤੋਂ ਅੰਗੂਠੇ ਦੀ ਗੁਰੂ-ਦੱਛਣਾ ਮੰਗੀ ਸੀ, ਉਹ ਉਸ ਨੂੰ ਸਿਰਫ਼ ਹੱਥ ਦੇ ਇਕ ਹਿੱਸੇ ਤੋਂ ਵਿਰਵਾ ਹੀ ਨਹੀਂ ਸੀ ਕਰਨਾ ਚਾਹੁੰਦਾ, ਸਗੋਂ ਅੰਗੂਠੇ ਨੂੰ ਕਿਰਤ, ਭਾਸ਼ਾ ਤੇ ਸਭਿਆਚਾਰ ਦਾ ਪ੍ਰਤੀਕ ਮੰਨਦਿਆਂ ਉਹਦੀ ਜਾਤ-ਜਮਾਤ ਨੂੰ ਇਹਨਾਂ ਦੇ ਹਰ ਹੱਕ ਤੋਂ ਵਿਰਵਾ ਕਰਨ ਦਾ ਅਣਮਨੁੱਖੀ ਅਤੇ ਅਸਫਲ ਜਤਨ ਕਰ ਰਿਹਾ ਸੀ। ਪਰ ਸੂਰਮੇ ਇਕਲੱਵਿਅ ਨੇ ਦਰੋਣਾਚਾਰੀਆ ਦੇ ਖੋਹੇ ਅੰਗੂਠੇ ਤੋਂ ਬਿਨਾਂ ਵੀ ਬਾਕੀ ਚਾਰ ਉਂਗਲਾਂ ਦੇ ਸਹਾਰੇ ਹੀ ਉਹਦੇ ਲਾਡਲੇ ਸ਼ਿਸ਼ ਅਰਜੁਨ ਨੂੰ ਤੀਰਬਾਜ਼ੀ ਦੇ ਗਹਿਗੱਚ ਟਾਕਰੇ ਵਿਚ ਮੁੜ੍ਹਕੋ-ਮੁੜ੍ਹਕੀ ਕਰ ਦਿੱਤਾ ਸੀ। ਇਉਂ ਉਹਨੇ ਆਮ ਲੋਕਾਂ ਦੀਆਂ ਭਵਿੱਖੀ ਨਸਲਾਂ ਦੇ ਕਿਰਤ, ਭਾਸ਼ਾ ਅਤੇ ਸਭਿਆਚਾਰ ਦੇ ਹੱਕ ਦਾ ਪਰਚਮ ਬੁਲੰਦ ਕਰ ਦਿਖਾਇਆ ਸੀ। ਭਾਰਤ ਦੇ ਜੰਗਲਾਂ ਵਿਚ ਅੱਜ ਵੀ ਅਜਿਹੇ ਇਕਲੱਵਿਅ-ਪੂਜ ਆਦਿਵਾਸੀ ਕਬੀਲੇ ਮਿਲਦੇ ਹਨ ਜਿਹੜੇ ਉਹਦੀ ਇਸੇ ਮਹਾਨ ਦੇਣ ਨੂੰ ਮਨ ਵਿਚ ਸੱਜਰੀ ਰਖਦਿਆਂ ਤੇ ਸ਼ਰਧਾ ਭੇਟ ਕਰਦਿਆਂ ਅੰਗੂਠਾ ਹੁੰਦਿਆਂ-ਸੁੰਦਿਆਂ ਵੀ ਉਹਨੂੰ ਪਾਸੇ ਰੱਖ ਕੇ ਸਿਰਫ਼ ਚਾਰ ਉਂਗਲਾਂ ਨਾਲ ਹੀ ਤੀਰ ਦਾ ਨਿਸ਼ਾਨਾ ਫੁੰਡਦੇ ਹਨ।

ਭਾਸ਼ਾ ਦੇ ਮਹੱਤਵ ਬਾਰੇ ਏਨੀ ਗੱਲ ਕਰਨ ਪਿਛੋਂ ਆਓ ਆਪਣੀ ਪੰਜਾਬੀ ਦੀ ਗੱਲ ਕਰੀਏ। ਪੰਜਾਬੀ ਦੇ ਭਵਿੱਖ ਸੰਬੰਧੀ ਚਰਚਾ ਚਲਦੀ ਹੀ ਰਹਿੰਦੀ ਹੈ ਜਿਸ ਵਿਚ ਚਿੰਤਨ ਘੱਟ ਹੁੰਦਾ ਹੈ, ਚਿੰਤਾ ਬਹੁਤੀ ਹੁੰਦੀ ਹੈ। ਇਸ ਦਾ ਇਕ

Sri Satguru Jagjit Singh Ji eLibrary NamdhariElibrary@gmail.com

ਕਾਰਨ ਕੁਝ ਸਮਾਂ ਪਹਿਲਾਂ ਫੈਲੀ ਇਹ ਅਫ਼ਵਾਹ ਵੀ ਸੀ ਕਿ ਯੂਨੈਸਕੋ ਅਨੁਸਾਰ ਪੰਜਾਬੀ ਆਉਂਦੇ ਪੰਜਾਹ ਸਾਲਾਂ ਵਿਚ ਲੋਪ ਹੋ ਜਾਵੇਗੀ। ਯੂਨੈਸਕੋ ਦੇ ਦਿੱਲੀ ਦਫ਼ਤਰ ਨੇ ਪੁੱਛ-ਗਿੱਛ ਦੇ ਜਵਾਬ ਵਿਚ ਸਪੱਸ਼ਟ ਕਰ ਦਿੱਤਾ ਸੀ ਕਿ ਉਹਨਾਂ ਨੇ ਅਜਿਹਾ ਕੋਈ ਨਿਰਨਾ ਨਹੀਂ ਦਿੱਤਾ। ਤਾਂ ਵੀ ਸਾਡਾ ਵਰਤਮਾਨ ਭਾਸ਼ਾਈ ਮਾਹੌਲ ਘੱਟ ਪੜ੍ਹਨ, ਸੋਚਣ ਅਤੇ ਵਿਚਾਰਨ ਪਰ ਵਿਦਵਤਾ ਦਾ ਬਹੁਤਾ ਵਿਖਾਲਾ ਪਾਉਣ ਵਾਲਾ ਬਣ ਚੁੱਕਿਆ ਹੋਣ ਕਰਕੇ ਅਖ਼ਬਾਰਾਂ-ਰਸਾਲਿਆਂ ਵਿਚ ਅਣਗਿਣਤ ਲੇਖ ਲਗਾਤਾਰ ਛਪਦੇ ਰਹਿੰਦੇ ਹਨ ਜਿਨ੍ਹਾਂ ਦਾ ਪਹਿਲਾ ਵਾਕ ਹੁੰਦਾ ਹੈ, "ਸੰਯੁਕਤ ਰਾਸ਼ਟਰ ਦੇ ਇਕ ਸਰਵੇ ਅਨੁਸਾਰ ਪੰਜਾਬੀ ਪੰਜਾਹ ਸਾਲਾਂ ਵਿਚ ਮਰ ਜਾਵੇਗੀ"।

ਜਦੋਂ ਅਸੀਂ ਵਰਤਮਾਨ ਦੌਰ ਵਿਚ ਅਨੇਕ ਭਾਸ਼ਾਵਾਂ ਦੀ ਨਿਰਬਲ ਹੁੰਦੀ ਜਾਂਦੀ ਹਾਲਤ ਦੀ ਗੱਲ ਕਰਦੇ ਹਾਂ, ਸਾਨੂੰ ਇਹਨਾਂ ਨੂੰ ਬਲ ਦੇਣ ਵਾਲੇ ਪੱਖ ਵੀ ਚੇਤੇ ਰੱਖਣੇ ਚਾਹੀਦੇ ਹਨ। ਭਾਸ਼ਾਵਾਂ ਦੇ ਨਿਰਬਲ ਅਤੇ ਸ਼ਕਤੀਸ਼ਾਲੀ, ਦੋਵੇਂ ਪੱਖ ਧਿਆਨ ਵਿਚ ਰੱਖ ਕੇ ਹੀ ਸੰਤੁਲਿਤ ਸੋਚ-ਵਿਚਾਰ ਸੰਭਵ ਹੋ ਸਕਦੀ ਹੈ। 'ਪੀਪਲਜ਼ ਲਿੰਗੂਇਸਟਿਕ ਸਰਵੇ ਆਫ਼ ਇੰਡੀਆ' ਦੇ ਮੁਖੀ ਪ੍ਰੋ. ਜੀ. ਐਨ. ਦੇਵੀ ਨੇ ਇਹਨਾਂ ਪੱਖਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਇਸ ਪ੍ਰਸੰਗ ਵਿਚ ਇਹ ਤੱਥ ਚਿਤਾਰਨਾ ਜ਼ਰੂਰੀ ਹੈ ਕਿ ਪਿਛਲੀ, ਵੀਹਵੀਂ ਸਦੀ ਵਿਚ ਸ਼ੁਰੂ ਹੋਏ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਤੇਜ਼ ਤਰੱਕੀ ਦੇ ਦੌਰ ਤੋਂ ਪਹਿਲਾਂ ਵੀ ਇਹ ਜਿਵੇਂ-ਕਿਵੇਂ ਜੀਵਤ ਰਹੀ ਕੋਈ ਨਿਆਸਰੀ ਭਾਸ਼ਾ ਨਹੀਂ ਸੀ। ਇਸ ਦੇ ਆਰੰਭ ਤੋਂ ਹੀ ਸਮੇਂ-ਸਮੇਂ ਇਹਦੀ ਬੁਨਿਆਦ ਵਿਚ ਅਜਿਹੇ ਮਜ਼ਬੂਤ ਪੱਥਰ ਟਿਕਦੇ ਰਹੇ ਜਿਨ੍ਹਾਂ ਸਦਕਾ ਭਵਿੱਖ ਵਿਚ ਉਸ ਉੱਤੇ ਸ਼ਾਨਦਾਰ ਉਸਾਰੀ ਦੀ ਸੰਭਾਵਨਾ ਬਣ ਸਕੀ। ਇਸੇ ਪੱਕੀ ਬੁਨਿਆਦ ਸਦਕਾ ਹੀ ਇਹ ਅੱਗੇ ਚੱਲ ਕੇ ਆਏ ਫ਼ਿਰਕੂ ਅਤੇ ਸਰਕਾਰੀ ਝੱਖੜਾਂ-ਤੂਫ਼ਾਨਾਂ ਵਿਚੋਂ ਵੱਡੀ ਹੱਦ ਤੱਕ ਬਚਦੀ ਰਹੀ।

ਪਹਿਲੀ ਗੱਲ, ਭਾਸ਼ਾਈ ਕਾਰਨ ਦੇ ਨਾਲ-ਨਾਲ ਸਮਾਜਕ, ਇਤਿਹਾਸਕ ਅਤੇ ਧਾਰਮਿਕ ਕਾਰਨਾਂ ਸਦਕਾ ਗਿਆਰਵੀਂ ਸਦੀ ਦੇ ਨੇੜੇ-ਤੇੜੇ ਹੁਣ ਵਾਲੀ ਪੰਜਾਬੀ ਨੇ (ਤੇ ਇਹਦੇ ਨਾਲ ਹੀ ਬੰਗਲਾ, ਮਰਾਠੀ, ਗੁਜਰਾਤੀ, ਉੜੀਆ, ਮਲਿਆਲਮ, ਤੇਲਗੂ, ਆਦਿ ਨੇ) ਸਾਹਿਤ ਸਿਰਜਣ ਦੇ ਸਮਰੱਥ ਭਾਸ਼ਾ ਵਜੋਂ ਸ਼ਕਲ ਫੜਨੀ ਸ਼ੁਰੂ ਕੀਤੀ। ਇਕ ਪਾਸੇ ਇਹ ਲੋਕ-ਬੋਲੀ ਤੇ ਲੋਕ-ਸਭਿਆਚਾਰ ਵਿਚ ਆਇਆ ਇਕ ਨਵਾਂ ਪੜਾਅ ਸੀ, ਦੂਜੇ ਪਾਸੇ ਇਹਦੀਆਂ ਜੜ੍ਹਾਂ ਵੇਦਾਂ-ਸ਼ਾਸਤਰਾਂ ਜਿਹੇ ਸਦੀਆਂ ਪੁਰਾਣੇ ਉੱਚ-ਕੋਟੀ ਦੇ ਲਿਪੀਬੱਧ ਗਿਆਨ ਤੱਕ ਪੁਜਦੀਆਂ ਸਨ। ਇਥੇ ਇਹ ਵੀ ਸਪੱਸ਼ਟ ਕਰ ਦੇਵਾਂ ਕਿ ਮੈਂ ਇਸ ਨੂੰ 'ਹੁਣ ਵਾਲੀ ਪੰਜਾਬੀ' ਕਿਉਂ ਕਿਹਾ ਹੈ। ਜੇ ਨਿਰੋਲ ਭਾਸ਼ਾ-ਵਿਗਿਆਨਕ ਨਜ਼ਰੀਏ ਤੋਂ ਦੇਖੀਏ ਤਾਂ ਪੰਜਾਬ ਦੇ ਭੂਗੋਲਿਕ ਖੇਤਰ ਵਿਚ ਸੰਸਕ੍ਰਿਤ ਸਮੇਤ ਯੁਗੋ-ਯੁਗ, ਸਮਾਜਕ-ਭਾਸ਼ਾਈ ਕਾਰਨਾਂ ਕਰਕੇ ਰੂਪ ਬਦਲਦੀਆਂ, ਜੋ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਰਹੀਆਂ, ਉਹਨਾਂ ਸਭਨਾਂ ਨੂੰ ਆਪਣੇ-ਆਪਣੇ ਦੌਰ ਦੀ ਪੰਜਾਬੀ ਹੀ ਮੰਨਿਆ-ਆਖਿਆ ਜਾਣਾ ਚਾਹੀਦਾ ਹੈ।

ਪੁਰਾਤਨ ਭਾਸ਼ਾਈ, ਸਾਹਿਤਕ ਤੇ ਸਭਿਆਚਾਰਕ ਧਰੋਹਰ ਨਾਲ ਇਸ ਨਾਤੇ ਦਾ ਸੁਖਾਵਾਂ ਅਸਰ ਤਾਂ ਇਹ ਹੋਇਆ ਕਿ ਇਹ ਗਿਆਨ ਪੰਜਾਬੀ ਦੇ ਵਿਕਾਸ ਵਾਸਤੇ ਇਕ ਵੱਡੀ ਟੇਕ ਬਣਿਆ ਪਰ ਨਾਲ ਹੀ ਪੰਜਾਬੀ ਨੂੰ (ਤੇ ਹੋਰ ਨਵੀਆਂ ਜਨਮੀਆਂ ਭਾਸ਼ਾਵਾਂ ਨੂੰ ਵੀ) ਸ਼ਕਤੀਸ਼ਾਲੀ ਸੰਸਕ੍ਰਿਤ ਦੇ ਸਮਾਜਕ, ਸਭਿਆਚਾਰਕ ਅਤੇ ਭਾਸ਼ਾਈ ਦਾਬੇ ਦਾ ਟਾਕਰਾ ਵੀ ਕਰਨਾ ਪਿਆ। ਇਸ ਟਾਕਰੇ ਵਿਚੋਂ ਸਹੀ-ਸਲਾਮਤ ਬਚ ਨਿਕਲਣ ਨੇ ਬਿਨਾਂ-ਸ਼ੱਕ ਪੰਜਾਬੀ ਨੂੰ ਆਸ ਵੀ ਦਿੱਤੀ ਅਤੇ ਵਿਸ਼ਵਾਸ ਵੀ। ਇਸੇ ਕਰਕੇ ਇਹ ਅੱਗੇ ਚੱਲ ਕੇ ਇਸ ਤੋਂ ਵੀ ਵੱਧ ਸ਼ਕਤੀਸ਼ਾਲੀ ਤੇ ਕਰੂਰ ਅਰਬੀ-ਫ਼ਾਰਸੀ ਦੇ ਦਾਬੇ ਵਿਚੋਂ ਅਤੇ ਫੇਰ ਆਧੁਨਿਕ ਭਾਸ਼ਾਈ ਜੁਗਤਾਂ ਨਾਲ ਲੈਸ ਹੋਰ ਵੀ ਵੱਧ ਸ਼ਕਤੀਸ਼ਾਲੀ ਅੰਗਰੇਜ਼ੀ ਦੇ ਦਾਬੇ ਵਿਚੋਂ ਬਚੀ ਰਹਿਣ ਵਿਚ ਸਫਲ ਹੁੰਦੀ ਰਹੀ।

ਸਾਨੂੰ ਪੰਜਾਬੀ ਦੀ ਇਹ ਅੰਦਰੂਨੀ ਸ਼ਕਤੀ ਪਛਾਣਨ ਅਤੇ ਉਜਾਗਰ ਕਰਨ ਦੀ ਲੋੜ ਹੈ। ਇਹਦੇ ਨਾਲ ਹੀ ਪੰਜਾਬੀ ਸਾਹਿਤ-ਸਭਿਆਚਾਰ ਦੇ ਸੰਬੰਧ ਵਿਚ ਬਾਬਾ ਫ਼ਰੀਦ ਤੋਂ ਪਿੱਛੇ ਲਕੀਰ ਮਾਰਨਾ ਛੱਡ ਕੇ ਅਜੋਕੇ ਪੰਜਾਬੀ ਬੋਲਦੇ ਇਲਾਕੇ ਦੇ ਅਤੀਤ ਵਾਲੇ ਭੂਗੋਲਕ ਖੇਤਰ ਦੇ ਨਰੋਏ ਵਿਰਸੇ ਨੂੰ ਅਪਣਾਉਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਜਦੋਂ ਭਾਈ ਗੁਰਦਾਸ ਨੇ ਬਾਬਾ ਨਾਨਕ ਦੇ ਪ੍ਰਗਟ ਹੋਇਆਂ ਧੁੰਦ ਮਿਟਣ ਦੀ ਗੱਲ ਕੀਤੀ ਸੀ, ਉਹ ਮੱਧਕਾਲੀ ਹਨੇਰ ਦਾ ਜ਼ਿਕਰ ਕਰ ਰਹੇ ਸਨ। ਉਹਨਾਂ ਦਾ ਇਹ ਭਾਵ ਨਹੀਂ ਸੀ ਕਿ ਉਸ ਤੋਂ ਪਹਿਲਾਂ ਇਥੇ ਸਦਾ ਤੋਂ ਧੁੰਦ ਹੀ ਸੀ। ਮੱਧਕਾਲੀ ਧੁੰਦ ਤੋਂ ਪਹਿਲਾਂ ਦੇ ਚਾਨਣ ਦਾ ਗੂੜ੍ਹਾ ਪ੍ਰਭਾਵ ਤਾਂ ਭਾਈ ਗੁਰਦਾਸ ਸਮੇਤ ਰਚਨਾਕਾਰਾਂ ਅਤੇ ਬਾਣੀਕਾਰਾਂ ਦੀਆਂ ਕਿਰਤਾਂ ਵਿਚ ਸਾਫ਼ ਝਲਕਦਾ ਹੈ।

ਦੂਜੀ ਗੱਲ, ਇਹਦੇ ਨਾਲੋ-ਨਾਲ ਹੀ ਪੰਜਾਬੀ ਦੀ ਆਪਣੀ ਲਿਪੀ ਗੁਰਮੁਖੀ ਦਾ ਸਹਿਜ-ਵਿਕਾਸ ਸੀ। ਚੰਗੀ ਗੱਲ ਇਹ ਹੋਈ ਕਿ ਗੁਰਮੁਖੀ ਲਿਪੀ ਦੇ ਮੁੱਢਲੇ ਦੌਰ ਵਿਚ ਹੀ ਉਹਨੂੰ ਬਾਣੀ ਲਈ ਵਰਤੋਂ ਵਿਚ ਲਿਆਂਦਾ ਗਿਆ। ਇਸ ਤੱਥ ਨੇ ਉਸ ਨੂੰ ਅਮਰਤਾ ਬਖ਼ਸ਼ ਦਿੱਤੀ। ਭਾਵੇਂ ਸਦੀਆਂ ਮਗਰੋਂ ਵੱਖ-ਵੱਖ ਧਿਰਾਂ ਨੇ ਆਪਣੇ ਰਾਜਨੀਤਕ ਅਤੇ ਧਾਰਮਿਕ ਹਿਤਾਂ ਲਈ ਪੰਜਾਬੀ ਭਾਈਚਾਰੇ ਦੀ ਫ਼ਿਰਕੂ ਆਧਾਰ ਉੱਤੇ ਭਾਸ਼ਾਈ ਵੰਡ ਖ਼ਾਤਰ ਇਸ ਤੱਥ ਦੀ ਦੁਰਵਰਤੋਂ ਕੀਤੀ ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਬਾਣੀ ਲਈ ਗੁਰਮੁਖੀ ਦੀ ਵਰਤੋਂ ਪੰਜਾਬੀ ਵਾਸਤੇ ਜੀਵਨਦਾਤੀ ਸ਼ਕਤੀ ਸਿੱਧ ਹੋਈ।

Sri Satguru Jagjit Singh Ji eLibrary NamdhariElibrary@gmail.com

ਇਹ ਗੱਲ ਧਿਆਨਜੋਗ ਹੈ ਕਿ ਲਿਪੀ ਦੇ ਹੋਂਦ ਵਿਚ ਆ ਜਾਣ ਦੇ ਬਾਵਜੂਦ ਸਾਹਿਤ, ਗਿਆਨ ਅਤੇ ਅਧਿਆਤਮ ਦੀਆਂ ਪੁਸਤਕਾਂ ਤੇ ਪੋਥੀਆਂ ਕੋਈ ਬਹੁਤੇ ਪਾਠਕਾਂ ਤੱਕ ਨਹੀਂ ਸਨ ਪੁੱਜ ਰਹੀਆਂ। ਲਿਖਿਤ ਸ਼ਬਦ ਦੇ ਪਸਾਰ ਦਾ ਇਕੋ-ਇਕ ਵਸੀਲਾ ਹੱਥੀਂ ਉਤਾਰਾ ਕਰਨਾ ਸੀ। ਸਾਫ਼ ਸੋਹਣੀ ਲਿਖਾਈ ਕਰਨ ਦੇ ਸਮਰੱਥ ਉਤਾਰਕ ਵੱਡੀ ਗਿਣਤੀ ਵਿਚ ਮਿਲਣੇ ਤੇ ਹੋਣੇ ਸੰਭਵ ਨਹੀਂ ਸਨ। ਜੋ ਉਤਾਰਕ ਹੁੰਦੇ ਵੀ ਸਨ, ਉਹਨਾਂ ਦੀ ਇਕ ਦਿਨ ਵਿਚ ਪੰਨੇ ਲਿਖਣ ਦੀ ਸਮਰੱਥਾ ਦਾ ਸੀਮਤ ਹੋਣਾ ਕੁਦਰਤੀ ਸੀ। 18ਵੀਂ-19ਵੀਂ ਸਦੀਆਂ ਵਿਚ ਛਾਪਾਖਾਨੇ ਦੀ ਆਉਂਦ ਨਾਲ ਪੰਜਾਬੀ ਸਮੇਤ ਲਿਪੀਆਂ ਵਾਲੀਆਂ ਭਾਸ਼ਾਵਾਂ ਨੂੰ ਅਤੇ ਉਹਨਾਂ ਵਿਚ ਸਾਹਿਤ-ਰਚਨਾ ਨੂੰ ਵੱਡਾ ਹੁਲਾਰਾ ਮਿਲਿਆ। ਭਾਸ਼ਾਈ ਵਿਕਾਸ ਦੇ ਇਸ ਪੜਾਅ ਉੱਤੇ ਲਿਪੀਆਂ ਤੋਂ ਵਿਰਵੀਆਂ ਬੋਲੀਆਂ ਪਛੜ ਗਈਆਂ ਅਤੇ ਪੰਜਾਬੀ ਸਮੇਤ ਲਿਪੀਆਂ ਵਾਲੀਆਂ ਬੋਲੀਆਂ ਅੱਗੇ ਨਿੱਕਲਣ ਲੱਗੀਆਂ।

ਤੀਜੀ ਗੱਲ, ਆਜ਼ਾਦ ਭਾਰਤ ਦੀ ਸੰਵਿਧਾਨਸਾਜ਼ ਸਭਾ ਦੇ ਲੰਮੇ ਵਿਚਾਰ-ਵਟਾਂਦਰਿਆਂ ਵਿਚ ਭਾਸ਼ਾਵਾਂ ਦੀ ਸਮੱਸਿਆ ਨਿਰੰਤਰ ਚਰਚਾ ਦਾ ਵਿਸ਼ਾ ਰਹੀ। ਆਖ਼ਰ ਉਹਨਾਂ ਨੂੰ ਵੱਖ-ਵੱਖ ਖੇਤਰਾਂ ਵਿਚ ਸਰਕਾਰੀ ਮਾਨਤਾ ਦੇਣ ਦੇ ਆਸ਼ੇ ਨਾਲ ਅੱਠਵੀਂ ਸੂਚੀ ਪਰਵਾਨ ਕੀਤੀ ਗਈ। ਉਸ ਵਿਚ 14 ਭਾਸ਼ਾਵਾਂ ਦਰਜ ਕੀਤੀਆਂ ਗਈਆਂ। ਇਹ ਸਨ ਤਮਿਲ, ਤੇਲਗੂ, ਮਲਿਆਲਮ, ਕੱਨੜ, ਉੜੀਆ, ਮਰਾਠੀ, ਗੁਜਰਾਤੀ, ਬੰਗਾਲੀ, ਹਿੰਦੀ, ਪੰਜਾਬੀ, ਕਸ਼ਮੀਰੀ, ਆਸਾਮੀ, ਸੰਸਕ੍ਰਿਤ ਤੇ ਉਰਦੂ। ਖ਼ੁਸ਼ਕਿਸਮਤੀ ਨੂੰ ਪੰਜਾਬੀ ਇਹਨਾਂ ਮੁੱਢਲੀਆਂ 14 ਭਾਸ਼ਾਵਾਂ ਵਿਚ ਸ਼ਾਮਲ ਸੀ। ਇਕ ਵਾਰ ਫੇਰ ਪੰਜਾਬੀ ਸਮੇਤ ਸੂਚੀਬੱਧ ਭਾਸ਼ਾਵਾਂ ਦੇ ਵਿਕਾਸ ਵਾਸਤੇ ਗ਼ੈਰ-ਸੂਚੀਬੱਧ ਭਾਸ਼ਾਵਾਂ ਦੇ ਟਾਕਰੇ ਸਹਾਈ ਮਾਹੌਲ ਪੈਦਾ ਹੋ ਗਿਆ। ਇਸ ਸੂਚੀ ਵਿਚੋਂ ਬਾਹਰ ਰਹੀ ਹਰ ਭਾਸ਼ਾ ਨੂੰ ਉਸ ਵਿਚ ਸ਼ਾਮਲ ਹੋਣ ਲਈ ਬਹੁਤ ਸੰਘਰਸ਼ ਕਰਨਾ ਪਿਆ। ਇਸੇ ਕਰਕੇ 70 ਸਾਲਾਂ ਤੋਂ ਵੱਧ ਦੇ ਸਮੇਂ ਵਿਚ ਕੁੱਲ 8 ਹੋਰ ਭਾਸ਼ਾਵਾਂ ਹੀ ਇਸ ਵਿਚ ਸ਼ਾਮਲ ਹੋ ਸਕੀਆਂ ਹਨ। ਇਹਨਾਂ ਵਿਚ 1961 ਵਿਚ ਸਿੰਧੀ ਜੋੜ ਦਿੱਤੀ ਗਈ। 1992 ਵਿਚ ਕੋਂਕਨੀ, ਮਨੀਪੁਰੀ ਤੇ ਨਿਪਾਲੀ ਸ਼ਾਮਲ ਕੀਤੀਆਂ ਗਈਆਂ। 2003 ਵਿਚ ਬੋਡੋ, ਡੋਗਰੀ, ਮੈਥਿਲੀ ਤੇ ਸੰਥਾਲੀ ਨੂੰ ਵੀ ਇਹ ਸਥਾਨ ਮਿਲ ਗਿਆ। ਇਉਂ ਹੁਣ 8ਵੀਂ ਸੂਚੀ ਦੀਆਂ ਭਾਸ਼ਾਵਾਂ ਦੀ ਕੁੱਲ ਗਿਣਤੀ 22 ਹੈ।

ਚੌਥੀ ਗੱਲ, ਜੋ ਤੀਜੀ ਨਾਲ ਜੁੜੀ ਹੋਈ ਹੀ ਹੈ, ਸੂਚੀਬੱਧ ਭਾਸ਼ਾਵਾਂ ਦੇ ਆਧਾਰ ਉੱਤੇ ਸੂਬਿਆਂ ਦੀ ਹੱਦਬੰਦੀ ਸੀ। ਇਸ ਸਮੇਂ ਤੱਕ ਭਾਸ਼ਾ ਵਿਚ ਫ਼ਿਰਕੂ-ਸਿਆਸੀ ਦਖ਼ਲ ਬਹੁਤ ਤਕੜਾ ਹੋ ਗਿਆ ਹੋਣ ਕਰਕੇ ਕਈ ਸੂਰਤਾਂ ਵਿਚ ਭਾਸ਼ਾਈ ਸੂਬਿਆਂ ਲਈ ਭਾਰੀ ਜਦੋਜਹਿਦ ਕਰਨੀ ਪਈ। ਤਾਂ ਵੀ ਇਕ-ਇਕ ਕਰ ਕੇ ਆਖ਼ਰ ਉਹ ਹੋਂਦ ਵਿਚ ਆ ਹੀ ਗਏ। ਪੰਜਾਬੀ ਦਾ ਸੂਬਾ ਭਾਵੇਂ ਵੱਖ-ਵੱਖ ਬਹਾਨਿਆਂ ਨਾਲ ਇਲਾਕਾਈ ਪੱਖੋਂ ਬੁਰੀ ਤਰ੍ਹਾਂ ਛਾਂਗ ਦਿੱਤਾ ਗਿਆ, ਫੇਰ ਵੀ ਇਹਨੂੰ ਭਾਸ਼ਾਈ-ਭੂਗੋਲਕ ਆਧਾਰ ਤਾਂ ਮਿਲ ਹੀ ਗਿਆ।

ਪੰਜਾਬੀ ਦੀਆਂ ਪੱਕੀਆਂ ਬੁਨਿਆਦਾਂ ਬਾਰੇ ਇਹ ਨੁਕਤੇ ਭਾਸ਼ਾਈ ਅਧਿਕਾਰ ਦੀ ਸੰਪੂਰਨ ਪ੍ਰਾਪਤੀ ਲਈ ਸੰਘਰਸ਼ ਨੂੰ ਬਲ ਦੇਣ ਦੇ ਸਮਰੱਥ ਹੋਣ ਕਰਕੇ ਚੇਤੇ ਰੱਖਣੇ ਜ਼ਰੂਰੀ ਹਨ।

ਬੋਲੀਆਂ ਮਰਦੀਆਂ ਵੀ ਹਨ

ਪੰਜਾਹ ਸਾਲਾਂ ਵਿਚ ਪੰਜਾਬੀ ਖ਼ਤਮ ਹੋ ਜਾਣ ਸੰਬੰਧੀ ਉਹਦੇ ਨਾਂ ਨਾਲ ਜੋੜੇ ਗਏ ਫ਼ਤਵੇ ਤੋਂ ਯੂਨੈਸਕੋ ਦਾ ਸਾਫ਼ ਇਨਕਾਰ ਦਿੱਸਣਜੋਗ ਸਮੇਂ ਲਈ ਪੰਜਾਬੀ ਦੇ ਭਵਿੱਖ ਨੂੰ ਸਪੱਸ਼ਟ ਕਰ ਦਿੰਦਾ ਹੈ। ਪਰ ਇਸ ਭਾਸ਼ਾਈ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਸ਼ਾਵਾਂ ਮਰਦੀਆਂ ਵੀ ਹਨ। ਇਹ ਗੱਲ ਚੇਤੇ ਰੱਖਣੀ ਵੀ ਜ਼ਰੂਰੀ ਹੈ ਕਿ ਹੁਣ ਉਹ ਵਿਗਿਆਨਕ-ਤਕਨਾਲੋਜੀਕਲ ਤੇ ਮਾਇਆਮੁਖੀ ਵਿਸ਼ਵੀਕ੍ਰਿਤ ਜੁੱਗ ਵਿਚ ਪਹਿਲਾਂ ਨਾਲੋਂ ਬਹੁਤ ਵੱਧ ਤੇਜ਼ੀ ਨਾਲ ਮਰ ਰਹੀਆਂ ਹਨ। ਇਸ ਕਰਕੇ ਇਸ ਸਮੇਂ ਭਾਸ਼ਾ-ਹਿਤੈਸ਼ੀ ਸਿਆਣਿਆਂ ਦੀ ਚਿੰਤਾ ਇਹ ਨਹੀਂ ਕਿ ਭਾਸ਼ਾਵਾਂ ਮਰ ਰਹੀਆਂ ਹਨ ਸਗੋਂ ਇਹ ਹੈ ਕਿ ਖ਼ੁਦ ਭਾਸ਼ਾ ਹੀ ਮਰ ਰਹੀ ਹੈ!

ਬਿਨਾਂ ਬੋਲਿਆਂ ਗੱਲ ਦੂਜੇ ਤੱਕ ਪੁਜਦੀ ਕਰਨ ਦੀ ਸਹੂਲਤ ਦੀ ਵਧੇਰੇ ਹੀ ਵਧੇਰੇ ਵਰਤੋਂ ਹੋਣ ਲੱਗੀ ਹੈ। ਪਰ ਇਸ ਵਿਚੋਂ ਚਿੱਠੀ ਵਾਲ਼ੀ ਖੁੱਲ੍ਹ ਕੇ ਗੱਲ ਕਰਨ ਦੀ ਰੁਚੀ ਦੇ ਨਾਲ-ਨਾਲ ਨਿੱਜਤਾ, ਨੇੜਤਾ ਤੇ ਅਪਣੱਤ ਖ਼ਤਮ ਹੁੰਦੀ ਜਾਂਦੀ ਹੈ। ਗੁਰਮੁਖੀ ਵਿਚ ਲਿਖੀ ਪੰਜਾਬੀ ਈਮੇਲ ਵਿਚ ਚਿੱਠੀ ਦਾ ਪਰਛਾਵਾਂ ਬਾਕੀ ਸੀ ਪਰ ਬਹੁਤੇ ਲੋਕ ਭਾਸ਼ਾ ਤਾਂ ਪੰਜਾਬੀ ਲਿਖਣ ਲੱਗੇ ਤੇ ਲਿਪੀ ਰੋਮਨ ਵਰਤਣ ਲੱਗੇ, ਭਾਵੇਂ ਕਿ ਗੁਰਮੁਖੀ ਲਿਪੀ ਵਰਤਣ ਵਿਚ ਕੋਈ ਵੀ ਔਖ ਨਹੀਂ। ਅਜਿਹੀਆਂ ਈਮੇਲਾਂ ਚਿੱਠੀ ਵਾਲ਼ੀ ਸੂਖ਼ਮਤਾ ਗੁਆ ਕੇ ਨੀਰਸ ਹੋ ਗਈਆਂ। ਹੁਣ ਈਮੇਲ ਸਮੇਤ ਸੰਪਰਕ ਦੇ ਸਭ ਤਰੀਕੇ ਜੇਬੀ ਫੋਨ ਵਿਚ ਆ ਗਏ ਹਨ, ਜਿਵੇਂ ਵਟਸਐਪ, ਮੈਸਿਜ, ਟਵਿਟਰ। ਹੋ ਸਕਦਾ ਹੈ, ਕੁਛ ਢੰਗ ਹੋਰ ਵੀ ਹੋਣ ਜਿਨ੍ਹਾਂ ਦੀ ਮੈਨੂੰ ਜਾਣਕਾਰੀ ਨਾ ਹੋਵੇ।

ਜੇਬੀ ਫੋਨ ਵਿਚ ਲੰਮੀ ਲਿਖਾਈ ਕਰਨੀ ਕੋਈ ਸੌਖਾ ਕੰਮ ਨਹੀਂ। ਟਵਿਟਰ ਨੇ ਤਾਂ ਅੱਖਰਾਂ ਦੀ ਹੱਦ ਵੀ ਮਿਥੀ ਹੋਈ

Sri Satguru Jagjit Singh Ji eLibrary NamdhariElibrary@gmail.com

ਹੈ। ਇਸ ਕਰਕੇ ਇਹ ਸਭ ਸਾਧਨ ਮੋਟੇ ਤੌਰ 'ਤੇ ਸਿਰਫ਼ 'ਕੰਮ ਦੀ ਗੱਲ' ਕਰਨ ਤੱਕ ਸੀਮਤ ਰਹਿੰਦੇ ਹਨ। ਇਸ ਦਾ ਇਕ ਅਣਕਿਆਸਿਆ ਸਿੱਟਾ ਤਾਂ ਇਹ ਨਿੱਕਲਿਆ ਹੈ ਕਿ ਅਹਿੱਲ-ਅਡੋਲ ਸ਼ਬਦਜੋੜਾਂ ਵਾਲੀ ਅੰਗਰੇਜ਼ੀ ਦੇ ਵੀ ਪਾਵੇ ਹਿੱਲ ਗਏ ਹਨ। ਸਾਡੇ ਵਿਦਿਆਰਥੀ-ਕਾਲ ਵਿਚ ਪੰਜਾਬੀ, ਹਿੰਦੀ, ਆਦਿ ਜਿਵੇਂ ਮਰਜ਼ੀ ਲਿਖੀ ਜਾਉ ਪਰ ਅੰਗਰੇਜ਼ੀ ਦੀ ਪੂਰੀ ਲਿਖਤ ਦੇ ਇਕ ਸ਼ਬਦ ਵਿਚ ਇਕ ਅੱਖਰ ਦੀ ਗ਼ਲਤੀ ਵੀ ਲਾਲ ਸਿਆਹੀ ਦੇ ਕਾਟੇ ਦੀ ਭਾਗੀ ਹੁੰਦੀ ਸੀ।

ਅੱਜ ਜੇਬੀ ਫ਼ੋਨ ਦੀਆਂ ਲਿਖਤਾਂ ਵਿਚ ਹੁੰਦੀ ਅੰਗਰੇਜ਼ੀ ਸ਼ਬਦਜੋੜਾਂ ਦੀ ਦੁਰਦਸ਼ਾ ਦੀ ਕਲਪਨਾ ਤਾਂ ਕਦੀ ਕਿਸੇ ਨੇ ਸੁਫ਼ਨੇ ਵਿਚ ਵੀ ਨਹੀਂ ਕੀਤੀ ਹੋਵੇਗੀ। ਅੰਗਰੇਜ਼ੀ ਅੱਖਰਾਂ ਤੇ ਅੰਕਾਂ ਤੋਂ ਪੂਰੇ ਸ਼ਬਦਾਂ ਦਾ ਕੰਮ ਲਿਆ ਜਾਂਦਾ ਹੈ। ਮਿਸਾਲ ਵਜੋਂ are ਨੂੰ r, you ਨੂੰ u, tea ਨੂੰ t ਤੇ for ਨੂੰ ਬੇਮੇਲ ਉਚਾਰਨ ਦੇ ਬਾਵਜੂਦ 4 ਲਿਖਿਆ ਜਾ ਰਿਹਾ ਹੈ। ਇਉਂ ਹਰ ਬੋਲੀ ਦਾ ਉਹ ਸੱਜਰਾਪਨ ਖ਼ਤਮ ਹੁੰਦਾ ਜਾ ਰਿਹਾ ਹੈ ਜੋ ਬੋਲਣ-ਲਿਖਣ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਅੰਤ ਨੂੰ ਇਹ ਰੁਝਾਨ ਬੋਲੀ ਵਿਚ ਖੜੋਤ ਤੇ ਫੇਰ ਨਿਘਾਰ ਦਾ ਇਕ ਵੱਡਾ ਕਾਰਨ ਬਣੇਗਾ।

ਹੁਣੇ-ਹੁਣੇ ਅਸੀਂ ਜੋ ਭਾਸ਼ਾਵਾਂ ਦੇ ਮਰਨ ਦੀ ਥਾਂ ਖ਼ੁਦ ਮਨੁੱਖੀ ਭਾਸ਼ਾ ਦੇ ਮਰਨ ਦੀ ਗੱਲ ਕੀਤੀ ਸੀ, ਸੰਪਰਕ ਦੇ ਇਹਨਾਂ ਨਵੇਂ ਢੰਗਾਂ ਨੇ ਉਸ ਸੇਧ ਵਿਚ ਵੀ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਹੁਣ ਇਕ ਦੂਜੇ ਤੱਕ ਗੱਲ ਪੁਜਦੀ ਕਰਨ ਦੀ ਸੰਕੇਤਕ ਤੇ ਸੰਖੇਪ ਤਸਵੀਰੀ ਜੁਗਤ, ਜਿਸ ਨੂੰ ਈਮੋਜੀ ਕਿਹਾ ਜਾਂਦਾ ਹੈ, ਵਧੇਰੇ ਹੀ ਵਧੇਰੇ ਵਰਤੀ ਜਾਣ ਲੱਗੀ ਹੈ। ਇਹ ਸਿਰਫ਼ ਭਾਸ਼ਾ ਨੂੰ ਹੀ ਨਹੀਂ ਲਿਪੀ ਨੂੰ ਵੀ ਵੱਡੀ ਸੱਟ ਮਾਰ ਰਹੀ ਹੈ ਅਤੇ ਦੋਵਾਂ ਨੂੰ ਮੈਦਾਨੋਂ ਕੱਢ ਰਹੀ ਹੈ।

ਬਿਨਾਂ ਟਿੱਪਣੀ ਕੀਤਿਆਂ ਸਿਰਫ਼ ਗੱਲ ਦੀ ਪਹੁੰਚ ਦੱਸਣ ਲਈ ਤੁਸੀਂ ਜੋੜੇ ਹੋਏ ਹੱਥਾਂ ਦੀ ਫ਼ਤਿਹ ਬੁਲਾ ਸਕਦੇ ਹੋ। ਸਹਿਮਤੀ ਜਾਂ ਪ੍ਰਸੰਸਾ ਲਈ ਬੰਦ ਮੁੱਠੀ ਦਾ ਉੱਪਰ ਖੜ੍ਹਾ ਅੰਗੂਠਾ ਹੈ ਤੇ ਅਸਹਿਮਤੀ ਲਈ ਹੇਠਾਂ ਡਿੱਗਿਆ ਅੰਗੂਠਾ ਹੈ। ਲਗਭਗ ਹਰ ਮਨੁੱਖੀ ਭਾਵਨਾ ਪਰਗਟ ਕਰਨ ਲਈ ਈਮੋਜੀ ਮੌਜੂਦ ਹੈ, ਮੁਸਕਰਾਉਂਦੀ, ਹਸਦੀ, ਉਦਾਸ, ਰੋਂਦੀ, ਹੈਰਾਨ, ਪਰੇਸ਼ਾਨ, ਸ਼ਰਾਰਤ ਵਿਚ ਅੱਖ ਮਾਰਦੀ, ਖ਼ਾਮੋਸ਼ ਰਹਿਣ ਲਈ ਆਖਦੀ ਤੇ ਅਣਗਿਣਤ ਹੋਰ! ਈਮੋਜੀ ਮਨੁੱਖ ਨੂੰ ਉਸ ਜੁੱਗ ਵਿਚ ਲੈ ਜਾਂਦੀ ਹੈ ਜਦੋਂ ਅਜੇ ਉਹਨੂੰ ਬੋਲੀ ਦੀ ਦਾਤ ਹਾਸਲ ਨਹੀਂ ਸੀ ਹੋਈ ਤੇ ਉਹ ਆਪਣੀ ਗੱਲ ਦੂਜੇ ਨੂੰ, ਵਿੰਗੀ-ਟੇਢੀ ਜਾਂ ਸਗੋਂ ਬੇਢਬੀ-ਕੁਚੱਜੀ ਹੀ ਸਹੀ, ਤਸਵੀਰ ਵਾਹ ਕੇ ਸਮਝਾਉਣ ਦਾ ਜਤਨ ਕਰਦਾ ਸੀ।

ਜੇ ਭਾਸ਼ਾ ਦੇ ਮਰ ਰਹੀ ਹੋਣ ਦੀ ਲੰਮੀ-ਚੌੜੀ ਗੱਲ ਨੂੰ ਅਜੇ ਲਾਂਭੇ ਰਹਿਣ ਦੇਈਏ, ਭਾਸ਼ਾਵਾਂ ਦੇ ਮਰਨ ਦਾ ਅਮਲ ਤਾਂ ਸਾਡੇ ਅੱਖਾਂ ਸਾਹਮਣੇ ਵਾਪਰ ਰਿਹਾ ਹੈ। ਵੱਡੀਆਂ ਭਾਸ਼ਾਵਾਂ ਦੇ ਸਾਮਰਾਜ ਛੋਟੀਆਂ ਭਾਸ਼ਾਵਾਂ ਨੂੰ ਆਪਣੇ ਅੰਦਰ ਖੋਰ ਰਹੇ ਹਨ। ਉਪਭਾਸ਼ਾਵਾਂ ਕਿਸੇ ਹਿਲਜੁਲ ਜਾਂ ਰੌਲੇ ਤੋਂ ਬਿਨਾਂ ਭਾਸ਼ਾਵਾਂ ਵਿਚ ਲੀਨ ਹੋ ਰਹੀਆਂ ਹਨ। ਸਾਡੇ ਬਚਪਨ ਵਿਚ ਉਹਨਾਂ ਦੇ ਬੋਲਣ ਦੇ ਉਪਭਾਸ਼ਾਈ ਰੰਗ ਸਦਕਾ ਮਲਵਈਆਂ, ਮਝੈਲਾਂ, ਦੁਆਬੀਆਂ, ਪੁਆਧੀਆਂ, ਆਦਿ ਦੀ ਪਛਾਣ ਸੌਖਿਆਂ ਹੀ ਹੋ ਜਾਂਦੀ ਸੀ। ਪਹਿਲਾਂ ਵਾਲੇ ਪੈਦਲ ਜਾਂ ਊਠ-ਘੋੜੇ ਰਾਹੀਂ ਮੁਕਾਬਲਤਨ ਔਖੇ ਤੇ ਸੁਸਤ ਸਫ਼ਰ ਦੀ ਥਾਂ ਹੁਣ ਪੰਜਾਬ ਦੇ ਇਹਨਾਂ ਹਿੱਸਿਆਂ ਵਿਚਕਾਰ ਆਵਾਜਾਈ ਬੇਹੱਦ ਸੌਖੀ ਤੇ ਆਮ ਹੋ ਗਈ ਹੈ। ਸਾਂਝੀਆਂ ਪਾਠ-ਪੁਸਤਕਾਂ ਰਾਹੀਂ ਫੈਲੀ ਵਿੱਦਿਆ ਇਕੋ ਸ਼ਬਦਾਵਲੀ ਤੇ ਇਕੋ ਉਚਾਰਨ ਦਾ ਆਧਾਰ ਬਣ ਗਈ ਹੈ। ਰੇਡੀਓ-ਟੀਵੀ ਦੀ ਵੀ ਉਪ-ਭਾਸ਼ਾਵਾਂ ਨੂੰ ਭਾਸ਼ਾ ਵਿਚ ਖੋਰਨ ਵਿਚ ਵੱਡੀ ਭੂਮਿਕਾ ਰਹੀ ਹੈ। ਮੁਲਾਜ਼ਮਾਂ ਦੀ ਅਦਲਾ-ਬਦਲੀ ਇਕ ਉਪ-ਭਾਸ਼ਾ ਬੋਲਦੇ ਲੋਕਾਂ ਨੂੰ ਦੂਜੀ ਉਪ-ਭਾਸ਼ਾ ਵਾਲਿਆਂ ਵਿਚਕਾਰ ਜਾ ਵਸਾਉਂਦੀ ਹੈ। ਇਹੋ ਜਿਹੇ ਕਾਰਨਾਂ ਨੇ ਉਪਭਾਸ਼ਾਈ ਰੰਗ ਬਹੁਤ ਫਿੱਕੇ ਪਾ ਦਿੱਤੇ ਹਨ ਅਤੇ ਪਛਾਣ ਬਹੁਤ ਪਤਲੀ ਪਾ ਦਿੱਤੀ ਹੈ। ਬਾਰਾਂ ਕੋਹ ਪਿਛੋਂ ਬੋਲੀ ਬਦਲਣ ਵਾਲੀ ਪੰਜਾਬੀ ਕਹਾਵਤ ਦੁਰੇਡੇ ਹੋਏ-ਬੀਤੇ ਦੀ ਗੱਲ ਬਣ ਕੇ ਰਹਿ ਗਈ ਹੈ। ਵੱਡੇ ਪੈਮਾਨੇ ਉੱਤੇ ਇਹੋ ਉਪ-ਭਾਸ਼ਾਵਾਂ ਵਾਲਾ ਭਾਣਾ ਛੋਟੀਆਂ, ਖ਼ਾਸ ਕਰਕੇ ਕਾਨੂੰਨੀ ਰਾਖੀ ਤੋਂ ਵਿਰਵੀਆਂ ਬੋਲੀਆਂ ਨਾਲ ਵਾਪਰ ਰਿਹਾ ਹੈ। ਇਹਦੀ ਇਕ ਉਜਾਗਰ ਮਿਸਾਲ ਸਾਡੀ ਗੁਆਂਢੀ ਬੋਲੀ ਹਰਿਆਣਵੀ ਹੈ। ਆਪਣਾ ਇਲਾਕਾ ਹੋਣ ਦੇ ਬਾਵਜੂਦ, ਉਹਦੇ ਲਿਪੀ-ਵਿਹੂਣੀ ਅਤੇ ਗ਼ੈਰ-ਸੂਚੀਬੱਧ ਹੋਣ ਦਾ ਅਤੇ ਅਜਿਹੇ ਮਾਮਲਿਆਂ ਸੰਬੰਧੀ ਆਮ ਲੋਕਾਂ ਦੀ ਅਗਿਆਨਤਾ ਦਾ ਫ਼ਾਇਦਾ ਉਠਾ ਕੇ ਹਰਿਆਣਵੀ ਨੂੰ ਹੀ ਬੜੀ ਚਲਾਕੀ-ਚਤੁਰਾਈ ਨਾਲ ਹਿੰਦੀ ਆਖ ਦਿੱਤਾ ਗਿਆ ਹੈ। ਨਤੀਜੇ ਵਜੋਂ ਹਰਿਆਣੇ ਦੀ ਸਕੂਲੀ-ਕਾਲਜੀ ਅਤੇ ਦਫ਼ਤਰੀ-ਸਰਕਾਰੀ ਭਾਸ਼ਾ ਹੀ ਨਹੀਂ, ਮਾਤਭਾਸ਼ਾ ਵੀ ਹਿੰਦੀ ਹੋ ਗਈ ਹੈ। ਕੁਦਰਤੀ ਹੈ ਕਿ ਸਮੇਂ ਨਾਲ ਲੋਕ ਹਰਿਆਣਵੀ ਨੂੰ ਅਣਪੜ੍ਹਾਂ ਦੀ ਬੋਲੀ ਸਮਝ ਕੇ ਬੋਲਣੋਂ ਝਿਜਕਣਗੇ ਅਤੇ ਹਿੰਦੀ ਉਹਨਾਂ ਦੇ ਬੋਲਣ ਦੀ ਭਾਸ਼ਾ ਬਣਦੀ ਜਾਵੇਗੀ। ਹਰਿਆਣਵੀ ਸਮੁੰਦਰ ਵਿਚ ਰਲੀ ਨਦੀ ਵਾਂਗ ਕਿਸੇ ਪਛਾਣ ਤੋਂ ਬਿਨਾਂ ਹਿੰਦੀ ਵਿਚ ਘੁਲ-ਖੁਰ ਜਾਵੇਗੀ।

ਆਇਰਿਸ਼ ਭਾਸ਼ਾ-ਵਿਗਿਆਨੀ ਜਾਰਜ ਐਬਰਾਹਮ ਗਰੀਅਰਸਨ ਨੇ ਤਿੰਨ ਸਾਲਾਂ ਦੀ ਮਿਹਨਤ ਨਾਲ ਹਿੰਦੁਸਤਾਨ ਦਾ ਪਹਿਲਾ ਭਾਸ਼ਾਈ ਸਰਵੇ 1898 ਵਿਚ ਨੇਪਰੇ ਚਾੜ੍ਹਿਆ ਸੀ। ਉਸ ਸਮੇਂ ਉਹਨੇ ਦੇਸ ਵਿਚ 179 ਭਾਸ਼ਾਵਾਂ ਅਤੇ ਅਨੇਕ ਉਪ-

Sri Satguru Jagjit Singh Ji eLibrary NamdhariElibrary@gmail.com

ਭਾਸ਼ਾਵਾਂ ਦੀ ਪਛਾਣ ਕੀਤੀ ਸੀ। ਸਾਧਨਾਂ ਤੇ ਸਹੂਲਤਾਂ ਦੀ ਬੇਹੱਦ ਤਰੱਕੀ ਦੇ ਬਾਵਜੂਦ ਉਸ ਪਿੱਛੋਂ ਲੰਮੇ ਸਮੇਂ ਤੱਕ ਭਾਰਤੀ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦੀ ਗਿਣਤੀ ਜਾਣਨ ਦਾ ਕੋਈ ਭਰੋਸੇਜੋਗ ਉਪਰਾਲਾ ਨਾ ਕੀਤਾ ਗਿਆ। ਭਾਵੇਂ ਮਰਦਮਸ਼ੁਮਾਰੀ ਸਮੇਂ ਭਾਸ਼ਾਵਾਂ ਬਾਰੇ ਕੁਝ ਵੇਰਵਾ ਇਕੱਠਾ ਕੀਤਾ ਜਾਂਦਾ ਹੈ, ਪਰ ਉਹ ਸਰਬਪੱਖੀ ਨਹੀਂ ਹੁੰਦਾ। ਮਿਸਾਲ ਵਜੋਂ 2001 ਦੀ ਮਰਦਮਸ਼ੁਮਾਰੀ ਨੇ ਦੇਸ ਦੀਆਂ ਬੋਲੀਆਂ ਦੀ ਗਿਣਤੀ 122 ਦੱਸੀ ਸੀ। ਇਸ ਵਿਚ ਵੱਡੀ ਘਾਟ ਇਹ ਸੀ ਕਿ ਦਸ ਹਜ਼ਾਰ ਤੋਂ ਘੱਟ ਲੋਕਾਂ ਦੀਆਂ ਬੋਲੀਆਂ ਨੂੰ ਗਿਣਤੀ ਵਿਚ ਹੀ ਨਹੀਂ ਸੀ ਲਿਆ ਗਿਆ। ਭਾਰਤ ਸਰਕਾਰ ਨੇ 2005 ਵਿਚ 'ਭਾਰਤ ਭਾਸ਼ਾ ਵਿਕਾਸ ਯੋਜਨਾ' ਦੇ ਨਾਂ ਨਾਲ ਅਤੇ ਫੇਰ 2007 ਵਿਚ 'ਨਿਊ ਲਿੰਗੂਇਸਟਿਕ ਸਰਵੇ ਆਫ਼ ਇੰਡੀਆ' ਦੇ ਨਾਂ ਨਾਲ ਭਾਸ਼ਾਈ ਵੇਰਵਾ ਇਕੱਤਰ ਕਰਨ ਦੇ ਜਤਨ ਕੀਤੇ। ਦੋਵੇਂ ਵਾਰ ਇਹ ਜਤਨ ਤਕਨੀਕੀ ਅਤੇ ਆਕਾਰੀ ਕਾਰਨਾਂ ਕਰਕੇ ਤਿਆਗਣੇ ਪਏ।

2009 ਵਿਚ ਬੜੋਦਰਾ ਦੀ ਇਕ ਗ਼ੈਰ-ਸਰਕਾਰੀ ਸੰਸਥਾ 'ਭਾਸ਼ਾ ਰੀਸਰਚ ਐਂਡ ਪਬਲੀਕੇਸ਼ਨ ਸੈਂਟਰ' ਨੇ ਇਹ ਕਾਰਜ ਕਿਸੇ ਸਰਕਾਰੀ ਮਦਦ ਤੋਂ ਬਿਨਾਂ ਆਪਣੇ ਹੱਥ ਲਿਆ। ਉਹਨੇ 85 ਸੰਸਥਾਵਾਂ ਅਤੇ ਤਿੰਨ ਹਜ਼ਾਰ ਵਾਲੰਟੀਅਰਾਂ ਦੀ ਮਦਦ ਜੁਟਾਈ। ਆਪਣੇ ਹੀ ਜਤਨਾਂ ਨਾਲ ਉਹ ਇਕ ਕਰੋੜ ਰੁਪਏ ਇਕੱਠੇ ਕਰਨ ਵਿਚ ਵੀ ਸਫਲ ਰਹੀ। ਆਖ਼ਰ ਚਾਰ ਸਾਲਾਂ ਦੀ ਸਖ਼ਤ ਘਾਲਨਾ ਤੇ ਵੱਡੇ ਖਰਚ ਨਾਲ ਰਿਪੋਰਟ ਤਿਆਰ ਹੋ ਗਈ। ਕੁੱਲ 35,000 ਪੰਨੇ ਦੀ ਇਸ ਰਿਪੋਰਟ ਦਾ ਨਾਂ 'ਪੀਪਲਜ਼ ਲਿੰਗੂਇਸਟਿਕ ਸਰਵੇ ਆਫ਼ ਇੰਡੀਆ' ਰੱਖਿਆ ਗਿਆ। ਇਹ 2013 ਦੇ ਅਧਿਆਪਕ ਦਿਵਸ ਸਮੇਂ 5 ਸਤੰਬਰ ਨੂੰ ਜਨਤਕ ਕਰ ਦਿੱਤੀ ਗਈ ਸੀ। ਇਸ ਰਿਪੋਰਟ ਨੇ ਕਈ ਦਿਲਚਸਪ ਭਾਸ਼ਾਈ ਤੱਥ ਪੇਸ਼ ਕੀਤੇ ਜੋ ਪੰਜਾਬੀ ਦੇ ਪ੍ਰਸੰਗ ਵਿਚ ਸਾਡਾ ਧਿਆਨ ਲੋੜਦੇ ਹਨ।

ਸੰਸਾਰ ਦੇ ਸਭ ਤੋਂ ਵੱਡੇ ਇਸ ਪੀਪਲਜ਼ ਸਰਵੇ ਨੇ ਕੁੱਲ 780 ਬੋਲੀਆਂ ਪਛਾਣੀਆਂ ਹਨ। ਇਹਨਾਂ ਵਿਚ 40 ਕਰੋੜ ਲੋਕਾਂ ਦੀ ਬੋਲੀ ਹਿੰਦੀ ਤੋਂ ਲੈ ਕੇ ਸਿਕਮ ਦੀ ਇਕ ਬੋਲੀ ਮਾਝੀ ਤੱਕ ਸ਼ਾਮਲ ਹਨ। ਮਾਝੀ ਸਿਰਫ਼ ਚਾਰ ਬੰਦਿਆਂ ਤੱਕ ਸੀਮਤ ਹੋ ਗਈ ਹੈ ਅਤੇ ਹੌਲੀ-ਹੌਲੀ ਨਿਪਾਲੀ ਵਿਚ ਖੁਰ ਗਈ ਹੈ। ਇਹਨਾਂ ਵਿਚੋਂ 400 ਤੋਂ ਵੱਧ ਬੋਲੀਆਂ ਆਦਿਵਾਸੀ ਕਬੀਲਿਆਂ ਅਤੇ ਟਪਰੀਵਾਸਾਂ ਦੀਆਂ ਹਨ। ਸਰਵੇ ਦਾ ਇਹ ਵੀ ਕਹਿਣਾ ਹੈ ਕਿ ਸੌ ਦੇ ਕਰੀਬ ਬੋਲੀਆਂ ਅਜੇ ਵੀ ਉਹਨਾਂ ਦੀ ਨਜ਼ਰੋਂ ਓਹਲੇ ਰਹਿ ਗਈਆਂ ਹੋ ਸਕਦੀਆਂ ਹਨ।

ਇਸ ਸਰਵੇ ਸਮੇਂ ਲੋਕਗੀਤਾਂ, ਕਥਾਵਾਂ, ਰਿਸ਼ਤਿਆਂ, ਰੀਤੀ-ਰਿਵਾਜਾਂ, ਕਿਰਤ ਦੇ ਸੰਦਾਂ, ਘਰੇਲੂ ਵਸਤਾਂ, ਗਿਣਤੀ-ਮਿਣਤੀ, ਦਿਨਾਂ, ਮਹੀਨਿਆਂ, ਰੰਗਾਂ, ਬਿਰਛ-ਬੂਟਿਆਂ, ਆਦਿ ਦੇ ਨਾਂਵਾਂ ਵਾਸਤੇ ਵਰਤੇ ਜਾਂਦੇ ਸ਼ਬਦਾਂ ਦੇ ਫ਼ਰਕ ਨੂੰ ਵੱਖਰੀ ਬੋਲੀ ਮਿਥਣ ਵਾਸਤੇ ਆਧਾਰ ਬਣਾਇਆ ਗਿਆ।(ਚੇਤੇ ਰੱਖੋ, ਇਸ ਕਸਵੱਟੀ ਅਨੁਸਾਰ ਪੰਜਾਬੀ ਦੀ ਘਟਦੀ ਮੌਲਕਤਾ ਅਤੇ ਨਵੇਕਲਤਾ ਦਾ ਅੰਦਾਜ਼ਾ ਕਰੀਬੀ ਰਿਸ਼ਤਿਆਂ ਤੇ ਘਰੇਲੂ ਵਸਤਾਂ ਦੇ ਸੈਂਕੜੇ ਗ਼ੈਰ-ਪੰਜਾਬੀ ਨਾਂਵਾਂ ਤੋਂ ਲਾਇਆ ਜਾ ਸਕਦਾ ਹੈ। ਮਾਂ-ਪਿਓ ਦਾ ਮੰਮੀ-ਡੈਡੀ, ਬਿਸਤਰੇ ਦਾ ਬੈੱਡ, ਮੇਜ਼-ਕੁਰਸੀ ਦਾ ਟੇਬਲ-ਚੇਅਰ, ਚਮਚੇ ਦਾ ਸਪੂਨ ਬਣਨਾ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਅਨੇਕ ਪੰਜਾਬੀ ਬੱਚੇ ਹੁਣ ਦਿਨਾਂ, ਰੁੱਤਾਂ, ਗਿਣਤੀਆਂ, ਆਦਿ ਦੇ ਨਾਂ ਤਾਂ ਪੰਜਾਬੀ ਵਿਚ ਸਮਝਦੇ ਹੀ ਨਹੀਂ। ਉਹਨਾਂ ਲਈ ਐਤ-ਸੋਮ ਸੰਡੇ-ਮੰਡੇ, ਹੁਨਾਲ-ਸਿਆਲ ਸਮਰ-ਵਿੰਟਰ, ਪੰਦਰਾਂ-ਸੋਲ਼ਾਂ ਫ਼ਿਫ਼ਟੀਨ-ਸਿਕਸਟੀਨ ਅਤੇ ਛੁੱਟੀ, ਵੈਕੇਸ਼ਨ ਹੋ ਗਏ ਹਨ।)

ਧਿਆਨਜੋਗ ਗੱਲ ਹੈ ਕਿ ਇਹਨਾਂ ਵਿਚੋਂ 96 ਫ਼ੀਸਦੀ ਬੋਲੀਆਂ ਦਾ ਸਰਕਾਰੇ-ਦਰਬਾਰੇ ਤਾਂ ਛੱਡੋ, ਭਾਸ਼ਾਈ-ਸਾਹਿਤਕ ਚਰਚਾ ਸਮੇਂ ਵੀ ਕਦੀ ਕਿਤੇ ਕੋਈ ਜ਼ਿਕਰ ਤੱਕ ਨਹੀਂ ਹੁੰਦਾ। ਸਰਵੇ ਨੇ ਪਿਛਲੇ ਪੰਜਾਹ ਸਾਲਾਂ ਵਿਚ ਕੋਈ ਪੱਚੀ ਫ਼ੀਸਦੀ ਬੋਲੀਆਂ ਦੇ ਹੋ ਗਏ ਖ਼ਾਤਮੇ ਬਾਰੇ ਚਿੰਤਾ ਪਰਗਟ ਕੀਤੀ ਹੈ। ਦੱਸਿਆ ਗਿਆ ਹੈ ਕਿ ਸੂਚੀਬੱਧ ਅਤੇ ਲਿਪੀਬੱਧ ਬੋਲੀਆਂ ਛੋਟੀਆਂ ਬੋਲੀਆਂ ਨੂੰ ਲਗਾਤਾਰ ਖਾ ਰਹੀਆਂ ਹਨ। ਇਸ ਦੇ ਨਾਲ ਹੀ ਇਹ ਤੱਥ ਵੀ ਧਿਆਨ ਮੰਗਦਾ ਹੈ ਕਿ ਬਹੁਤੀਆਂ ਸੂਚੀਬੱਧ ਤੇ ਲਿਪੀਬੱਧ ਜਾਂ ਸਾਹਿਤ ਅਕਾਦਮੀ ਦੀਆਂ ਪਰਵਾਨਿਤ ਭਾਸ਼ਾਵਾਂ ਦੀ ਆਪਣੀ ਹੈਸੀਅਤ ਵੀ ਕਈ ਕਾਰਨਾਂ ਕਰਕੇ ਕਮਜ਼ੋਰ ਪੈਂਦੀ ਜਾਂਦੀ ਹੈ। ਸ਼ਿਮਲਾ ਦੀ 'ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟਡੀ' ਨੇ 11 ਤੋਂ 14 ਅਗਸਤ 2013 ਤੱਕ ਇਕ ਗੋਸ਼ਟੀ ਕਰਵਾਈ ਜਿਸ ਵਿਚ ਦੇਸ ਦੀਆਂ ਲਗਭਗ ਸਾਰੀਆਂ ਮਾਨਤਾ-ਪ੍ਰਾਪਤ ਭਾਸ਼ਾਵਾਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ। ਉਥੇ ਕਈ ਮਹੱਤਵਪੂਰਨ ਗੱਲਾਂ ਉੱਭਰ ਕੇ ਸਾਹਮਣੇ ਆਈਆਂ। ਬੰਗਲਾ, ਮਲਿਆਲਮ, ਤਮਿਲ, ਤੇਲਗੂ ਜਿਹੀਆਂ ਭਾਸ਼ਾਵਾਂ ਨੂੰ ਸੁਭਾਗੀਆਂ ਕਿਹਾ ਗਿਆ। ਉਹ ਇਸ ਕਰਕੇ ਕਿ ਉਹਨਾਂ ਨੂੰ ਉਥੋਂ ਦੀਆਂ ਸਰਕਾਰਾਂ ਦਾ ਸਮਰਥਨ ਵੀ ਹਾਸਲ ਹੈ ਅਤੇ ਬੋਲਣ ਵਾਲਿਆਂ ਦਾ ਪਿਆਰ ਵੀ ਪ੍ਰਾਪਤ ਹੈ। ਉਹਨਾਂ ਤੋਂ ਬਿਨਾਂ ਬਾਕੀ ਸਭ ਭਾਸ਼ਾਵਾਂ ਸਰਕਾਰੀ ਮਦਦ ਦੀ ਘਾਟ, ਬੋਲਣ ਵਾਲ਼ਿਆਂ ਦੀ ਬੇਰੁਖ਼ੀ ਅਤੇ ਪਾਠਕਾਂ ਦੀ ਥੁੜ ਜਿਹੇ ਪੰਜਾਬੀ ਵਾਲੇ ਰੋਣੇ ਹੀ ਰੋ ਰਹੀਆਂ ਸਨ।

Sri Satguru Jagjit Singh Ji eLibrary NamdhariElibrary@gmail.com

ਜਿਥੋਂ ਤੱਕ ਅੰਗਰੇਜ਼ੀ ਦੇ ਰੇਲੇ ਦਾ ਸੰਬੰਧ ਹੈ, ਉਸ ਤੋਂ ਤਾਂ ਜਿਨ੍ਹਾਂ ਨੂੰ ਅਸੀਂ ਸੁਭਾਗੀਆਂ ਭਾਸ਼ਾਵਾਂ ਕਿਹਾ ਹੈ, ਉਹ ਵੀ ਉਸ ਗੋਸ਼ਟੀ ਵਿਚ ਦੂਜੀਆਂ ਜਿੰਨੀਆਂ ਹੀ ਭੈਭੀਤ ਸਨ। ਡੋਗਰੀ, ਕੋਂਕਨੀ, ਆਦਿ ਭਾਸ਼ਾਵਾਂ ਦੇ ਪ੍ਰਤੀਨਿਧਾਂ ਦਾ ਤਾਂ ਕਹਿਣਾ ਸੀ ਕਿ ਉਹਨਾਂ ਖੇਤਰਾਂ ਦੀਆਂ ਵੱਡੀਆਂ ਭਾਸ਼ਾਵਾਂ ਵਿਚ ਲਿਖਣ ਵਾਲੇ ਲੇਖਕ ਇਨਾਮ ਲੈਣ ਦੀ ਮਨਸ਼ਾ ਨਾਲ ਹੀ ਇਹਨਾਂ ਭਾਸ਼ਾਵਾਂ ਵਿਚ ਕੁਛ ਪੁਸਤਕਾਂ ਛਪਵਾਉਂਦੇ ਹਨ।

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਅਨੇਕ ਭਾਸ਼ਾਵਾਂ ਦੇ ਹੌਲ਼ੀ-ਹੌਲ਼ੀ ਕਮਜ਼ੋਰ ਪੈਂਦੇ ਜਾਣ ਦੇ ਅਤੇ ਅੰਤ ਨੂੰ ਮਰ ਜਾਣ ਦੇ ਕਈ ਕਾਰਨ ਹਨ। ਉਪਭਾਸ਼ਾਵਾਂ ਦਾ ਭਾਸ਼ਾਵਾਂ ਵਿਚ ਲੀਨ ਹੋਣਾ ਇਕ ਕੁਦਰਤੀ ਅਮਲ ਬਣ ਗਿਆ ਹੈ। ਲਿਪੀ ਤੋਂ ਵਿਰਵੀਆਂ ਭਾਸ਼ਾਵਾਂ ਗੁਆਂਢੀ ਲਿਪੀਦਾਰ ਭਾਸ਼ਾਵਾਂ ਸਾਹਮਣੇ ਮੈਦਾਨ ਛੱਡ ਰਹੀਆਂ ਹਨ। ਸੰਵਿਧਾਨ ਦੀ ਸੂਚੀ ਤੋਂ ਬਾਹਰਲੀਆਂ ਭਾਸ਼ਾਵਾਂ ਕੋਈ ਸਰਕਾਰੀ ਸਰਪਰਸਤੀ ਪਰਾਪਤ ਨਾ ਹੋਣ ਕਾਰਨ ਪਿੱਛੇ ਰਹਿੰਦੀਆਂ ਜਾਂਦੀਆਂ ਹਨ। ਛੋਟੀਆਂ ਭਾਸ਼ਾਵਾਂ ਉੱਤੇ ਵੱਡੀਆਂ ਦਾ ਪਰਛਾਵਾਂ ਪੈਂਦਾ ਰਹਿੰਦਾ ਹੈ ਅਤੇ ਉਹਨਾਂ ਸਭਨਾਂ ਉੱਤੇ ਅੰਗਰੇਜ਼ੀ ਦੀ ਸੰਘਣੀ ਕਾਲੀ ਛਾਂ ਪੈਂਦੀ ਰਹਿੰਦੀ ਹੈ।

ਇਸ ਸੂਰਤ ਵਿਚ ਜੇ ਕਿਸੇ ਭਾਸ਼ਾ ਨੂੰ ਬੋਲਣ ਵਾਲੇ ਉਹਦੇ ਬਚਾਅ ਅਤੇ ਵਿਕਾਸ ਵਾਸਤੇ ਸਚੇਤ ਤੇ ਜਾਗਰਿਤ ਨਹੀਂ ਹੋਣਗੇ, ਨੇੜੇ ਦੇ ਭਵਿੱਖ ਵਿਚ ਹੀ ਉਹਦੇ ਲਈ ਹਾਲਾਤ ਕੋਈ ਸੁਖਾਵੇਂ ਨਹੀਂ ਰਹਿਣ ਲੱਗੇ।

ਪੰਜਾਬੀ, ਰਣਜੀਤ ਸਿੰਘ ਅਤੇ ਅੰਗਰੇਜ਼

ਸਾਡੇ ਬਹੁਤ ਸਾਰੇ ਸਿਆਣੇ ਪੰਜਾਬੀ ਦੀ ਪਤਲੀ ਹਾਲਤ ਦੇ ਬਣੇ ਹੋਏ ਮਾਹੌਲ ਵਿਚ ਇਸ ਦੀਆਂ ਭਾਸ਼ਾ ਵਜੋਂ ਮੁਸ਼ਕਲਾਂ ਦੀ ਚਰਚਾ ਦਾ ਆਰੰਭ ਮਹਾਰਾਜਾ ਰਣਜੀਤ ਸਿੰਘ ਨੂੰ ਉਲਾਂਭਾ ਦੇ ਕੇ ਕਰਦੇ ਹਨ। ਉਹ ਆਖਦੇ ਹਨ, ਮੁਗ਼ਲ-ਪਠਾਣਾਂ ਨੂੰ ਤਾਂ ਕੀ ਕਹੀਏ, ਉਹਨੇ ਵੀ ਪੰਜਾਬੀਆਂ ਦਾ ਸਗੋਂ ਸਿੱਖਾਂ ਦਾ ਰਾਜ ਕਾਇਮ ਕੀਤਾ ਹੋਣ ਦਾ ਦਾਅਵੇਦਾਰ ਹੋਣ ਦੇ ਬਾਵਜੂਦ ਸਰਕਾਰੀ ਕੰਮਕਾਜ ਵਿਚ ਪੰਜਾਬੀ ਲਾਗੂ ਨਾ ਕੀਤੀ। ਅਜਿਹੇ ਨੁਕਤਾਚੀਨ ਪੰਜਾਬ ਦੇ ਇਤਿਹਾਸ ਅਤੇ ਉਹਦੇ ਨਾਲ-ਨਾਲ ਪੰਜਾਬੀ ਦੇ ਵਿਕਾਸ ਦੇ ਇਤਿਹਾਸ ਤੋਂ ਜਾਂ ਤਾਂ ਅਗਿਆਨੀ ਹੁੰਦੇ ਹਨ ਜਾਂ ਉਸ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਉਹ ਏਨਾ ਵੀ ਨਹੀਂ ਜਾਣਦੇ-ਸਮਝਦੇ ਕਿ ਉਸ ਜ਼ਮਾਨੇ ਵਿਚ ਭਾਸ਼ਾ ਦੀ ਮਹੱਤਤਾ ਦੇ ਉਹ ਸੰਕਲਪ ਵਿਕਸਿਤ ਹੀ ਨਹੀਂ ਸਨ ਹੋਏ ਜੋ ਅੱਜ ਸਾਡੇ ਲਈ ਸਮਾਜ ਤੇ ਰਾਜ ਵਿਚ ਉਹਦਾ ਸਥਾਨ ਸਮਝਣ ਤੇ ਮਿਥਣ ਦਾ ਪੈਮਾਨਾ ਬਣੇ ਹੋਏ ਹਨ।

ਮਾਤਭਾਸ਼ਾ, ਰਾਜਭਾਸ਼ਾ, ਸਿੱਖਿਆ ਦਾ ਮਾਧਿਅਮ, ਰਾਜਭਾਸ਼ਾ ਵਜੋਂ ਮਾਤਭਾਸ਼ਾ ਦਾ ਮਹੱਤਵ, ਸਿੱਖਿਆ ਦੇ ਮਾਧਿਅਮ ਵਜੋਂ ਮਾਤਭਾਸ਼ਾ ਦੀ ਭੂਮਿਕਾ, ਜਿਹੇ ਸੰਕਲਪ ਆਧੁਨਿਕ ਯੁੱਗ ਦੀ ਦੇਣ ਹਨ। ਅਜਿਹੇ ਮੁੱਦਿਆਂ ਬਾਰੇ ਰਣਜੀਤ ਸਿੰਘ ਦੇ ਸਮੇਂ ਵਿਚ ਅੱਜ ਵਾਲੀ ਸਮਝ ਦੀ ਆਸ ਜਾਂ ਕਲਪਨਾ ਕਰਨਾ ਵਾਜਬ ਨਹੀਂ। ਅਜਿਹੀ ਭਾਸ਼ਾਈ ਸਮਝ ਦੀ ਉਮੀਦ ਉਸ ਤੋਂ ਤਾਂ ਕੀ, ਉਸ ਕਾਲ ਦੇ ਉਹਨਾਂ ਲੋਕਾਂ ਤੋਂ ਵੀ ਨਹੀਂ ਕੀਤੀ ਜਾ ਸਕਦੀ ਜਿਨ੍ਹਾਂ ਦਾ ਭਾਸ਼ਾ ਨਾਲ ਆਮ ਲੋਕਾਂ ਵਾਂਗ ਬੋਲਣ ਤੋਂ ਵੱਧ ਵਾਹ ਸੀ। ਜਿਵੇਂ ਉਹ ਲੋਕ ਸਨ ਜੋ ਧਰਮ ਦੇ ਪਰਚਾਰਕ, ਟੀਕਾਕਾਰ, ਵਿਆਖਿਆਕਾਰ, ਭਾਸ਼ਨਕਾਰ ਸਨ ਜਾਂ ਜੋ ਕਿਸੇ ਕਿਸਮ ਦੀ ਰਚਨਾ ਕਰਨ ਦੀ ਸਮਰੱਥਾ ਰਖਦੇ ਸਨ।

ਹੋਰ ਗੱਲਾਂ ਤਾਂ ਛੱਡੋ, ਉਸ ਸਮੇਂ ਤਾਂ ਸਿੱਖਿਆ ਰਾਜ ਦੇ ਸਰੋਕਾਰਾਂ ਵਿਚ ਸ਼ਾਮਲ ਹੀ ਨਹੀਂ ਸੀ। ਰਾਜਪ੍ਰਬੰਧ ਦਾ ਤਾਣਾਬਾਣਾ ਵੀ ਉਸ ਸਮੇਂ ਅੱਜ ਵਾਂਗ ਫੈਲਵਾਂ ਨਹੀਂ ਸੀ। ਅੱਜ ਜੋ ਅਨੇਕ ਮਾਮਲੇ ਮੰਤਰਾਲਿਆਂ ਤੇ ਵਿਭਾਗਾਂ ਦੇ ਰੂਪ ਵਿਚ ਰਾਜ ਦਾ ਸਿੱਧਾ ਸਰੋਕਾਰ ਹਨ, ਉਹਨਾਂ ਵਿਚੋਂ ਬਹੁਤੇ ਜਾਂ ਤਾਂ ਹੋਂਦ ਵਿਚ ਹੀ ਨਹੀਂ ਸੀ ਆਏ ਜਾਂ ਫੇਰ ਰਾਜ ਦੀ ਫ਼ਿਕਰਮੰਦੀ ਵਿਚ ਸ਼ਾਮਲ ਨਹੀਂ ਸੀ ਹੋਏ। ਰਾਜ ਦੀ ਚਿੰਤਾ ਬੱਸ ਇਹ ਹੁੰਦੀ ਸੀ ਕਿ ਅਮਨ-ਕਾਨੂੰਨ ਬਣਿਆ ਰਹੇ ਅਤੇ ਟੈਕਸ ਉਗਰਾਹੇ ਜਾਂਦੇ ਰਹਿਣ। ਇਸ ਉਪਰੰਤ, ਫ਼ਾਰਸੀ, ਜਿਸ ਨੂੰ ਰਣਜੀਤ ਸਿੰਘ ਨੇ ਪਹਿਲਾਂ ਵਾਂਗ ਹੀ ਰਾਜਕਾਜ ਦੀ ਭਾਸ਼ਾ ਬਣਾਈ ਰੱਖਿਆ, ਹਿੰਦੁਸਤਾਨ ਦੇ ਅੰਦਰ ਤੇ ਬਾਹਰ ਵੱਡੇ ਭੂਗੋਲਕ ਖੇਤਰ ਵਿਚ ਹਕੂਮਤਾਂ ਦੀ ਵਰਤੋਂ ਵਿਚ ਸੀ। ਇਸ ਕਰਕੇ ਆਪਣੇ ਰਾਜ ਦੇ ਅੰਦਰ ਕਿਸੇ ਵੱਡੀ ਭਾਸ਼ਾਈ ਉਥਲ-ਪੁਥਲ ਤੋਂ ਬਿਨਾਂ ਸਰਕਾਰੀ ਕੰਮਕਾਜ ਨੂੰ ਫ਼ਾਰਸੀ ਵਿਚ ਚਲਦਾ ਰੱਖਣਾ ਸਾਧਾਰਨ ਗੱਲ ਸੀ। ਇਸ ਤਰ੍ਹਾਂ ਗੁਆਂਢੀ ਸਰਕਾਰਾਂ ਨਾਲ ਸੰਪਰਕ ਵਿਚ ਵੀ ਸੌਖ ਰਹਿੰਦੀ ਸੀ।

ਪੰਜਾਬ ਦੀ ਭਾਸ਼ਾ ਸਮੱਸਿਆ ਦੇ ਬੀ ਅੰਗਰੇਜ਼ਾਂ ਨੇ ਸੋਚੀ-ਸਮਝੀ ਨੀਤੀ ਅਧੀਨ ਬੀਜੇ। ਉਹਨਾਂ ਨੇ ਰਾਜਪ੍ਰਬੰਧ ਨੂੰ ਆਧੁਨਿਕ ਲੀਹਾਂ ਉੱਤੇ ਉਸਾਰਨ ਅਤੇ ਕਾਰਗਰ ਢੰਗ ਨਾਲ ਚਲਾਉਣ ਲਈ ਅਮਲਾ-ਫੈਲਾ ਤਿਆਰ ਕਰਨ ਦੀ ਵਿਉਂਤ ਬਣਾਈ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਹਨਾਂ ਨੇ ਆਪਣੇ ਅਧੀਨ ਹੋ ਚੁੱਕੇ ਹਿੰਦੋਸਤਾਨੀ ਇਲਾਕੇ ਵਿਚ ਪਹਿਲੀ ਵਾਰ ਵਿੱਦਿਅਕ ਤਾਣਾਬਾਣਾ ਹੋਂਦ ਵਿਚ ਲਿਆਂਦਾ। ਜਦੋਂ ਮੈਕਾਲੇ ਨੂੰ ਵਿਦਿਅਕ ਨੀਤੀ ਤਿਆਰ ਕਰਨ ਦਾ ਅਹਿਮ ਕਾਰਜ ਸੌਂਪਿਆ ਗਿਆ ਸੀ, ਉਹਦੇ ਸਾਹਮਣੇ ਦੋ ਰਾਹ ਸਨ—ਜਾਂ ਤਾਂ ਭਾਰਤ ਦੀ ਪ੍ਰੰਪਰਕ ਵਿਧੀ ਨੂੰ ਲੋੜੀਂਦੀ ਅਦਲ-ਬਦਲ ਨਾਲ

Sri Satguru Jagjit Singh Ji eLibrary NamdhariElibrary@gmail.com

ਅਪਣਾ ਲਿਆ ਜਾਵੇ ਜਾਂ ਸਮੇਂ ਦਾ ਹਾਣੀ ਨਵਾਂ ਢਾਂਚਾ ਉਸਾਰਿਆ ਜਾਵੇ। ਸਪੱਸ਼ਟ ਹੈ ਕਿ ਗੁਰੂਕੁਲਾਂ, ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਡੇਰਿਆਂ, ਆਦਿ ਉੱਤੇ ਆਧਾਰਿਤ ਵਿਦਿਅਕ ਪਰੰਪਰਾ ਉਸੇ ਰੂਪ ਵਿਚ ਜਾਂ ਕੁਝ ਸੋਧਾਂ ਤੇ ਵਾਧਿਆਂ ਨਾਲ ਵੀ ਕਿਸੇ ਤਰ੍ਹਾਂ ਉਹਨਾਂ ਦੀ ਲੋੜ ਦੀ ਪੂਰਤੀ ਦਾ ਵਸੀਲਾ ਨਹੀਂ ਸੀ ਬਣ ਸਕਦੀ। ਇਸ ਕਰਕੇ ਉਹਨਾਂ ਨੇ ਆਪਣਾ ਨਵਾਂ-ਨਕੋਰ ਵਿਦਿਅਕ ਢਾਂਚਾ ਕਾਇਮ ਕਰਨ ਦਾ ਫ਼ੈਸਲਾ ਕੀਤਾ। ਕੁਦਰਤੀ ਸੀ ਕਿ ਉਸ ਵਿਚ ਉਹਨਾਂ ਨੇ ਅੰਗਰੇਜ਼ੀ ਨੂੰ ਸਥਾਨਕ ਭਾਸ਼ਾਵਾਂ ਦੇ ਟਾਕਰੇ ਉੱਤੇ ਸਰਦਾਰੀ ਦਿੱਤੀ।

ਅੰਗਰੇਜ਼ੀ ਦੀ ਸਰਦਾਰੀ ਦਾ ਪੰਜਾਬ ਵਿਚ ਇਕ ਵਿਆਪਕ ਨਤੀਜਾ ਇਹ ਪ੍ਰਭਾਵ ਪੱਕਾ ਹੁੰਦੇ ਜਾਣ ਦੇ ਰੂਪ ਵਿਚ ਨਿੱਕਲਿਆ ਕਿ ਪੰਜਾਬੀ, ਹਿੰਦੀ ਤੇ ਉਰਦੂ ਭਾਸ਼ਾਵਾਂ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਧਰਮਾਂ ਦਾ ਵਸੀਲਾ ਹੋਣ ਕਰਕੇ ਉਹਨਾਂ ਨਾਲ ਅਟੁੱਟ ਰੂਪ ਵਿਚ ਜੁੜੀਆਂ ਹੋਈਆਂ ਹਨ। ਇਸ ਪ੍ਰਭਾਵ ਤੇ ਸੋਚ ਦਾ ਲਾਭ ਉਠਾਉਂਦਿਆਂ ਅੰਗਰੇਜ਼ਾਂ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਆਪਣੇ-ਆਪਣੇ ਧਰਮ ਦੀ ਪਰਪੱਕਤਾ ਅਤੇ ਦੂਜੇ ਧਰਮਾਂ ਦੇ ਟਾਕਰੇ ਵਡਿੱਤਣ ਦੀ ਭਾਵਨਾ ਜਗਾਉਣ ਦੀ ਚਾਲ ਚੱਲੀ। ਇਉਂ ਦੇਸੀ ਭਾਸ਼ਾਵਾਂ ਅਤੇ ਲਿਪੀਆਂ ਨੂੰ ਧਰਮਾਂ ਨਾਲ ਜੋੜ ਦਿੱਤਾ ਗਿਆ। ਭੋਲ਼ੇ ਲੋਕ ਅਤੇ ਓਨੇ ਹੀ ਭੋਲ਼ੇ ਉਹਨਾਂ ਦੇ ਧਾਰਮਿਕ ਰਾਹ-ਦਿਖਾਵੇ ਖ਼ੁਸ਼ ਸਨ ਕਿ ਉਹਨਾਂ ਦੀ ਭਾਸ਼ਾ ਅਤੇ ਲਿਪੀ ਉਹਨਾਂ ਦੇ ਧਰਮ ਦੀ ਬੁੱਕਲ ਵਿਚ ਸੁਰੱਖਿਅਤ ਹੈ। ਅੰਗਰੇਜ਼ ਖ਼ੁਸ਼ ਸਨ ਕਿ ਸਥਾਨਕ ਭਾਸ਼ਾਵਾਂ ਅਤੇ ਲਿਪੀਆਂ ਧਰਮਾਂ ਦੀਆਂ ਬੁੱਕਲਾਂ ਤੱਕ ਸੀਮਤ ਹੋ ਗਈਆਂ ਹਨ!

ਆਜ਼ਾਦੀ ਸੰਗਰਾਮ ਦੀ ਭਾਵਨਾ ਇਹਨਾਂ ਚਾਲਾਂ ਦਾ ਕਾਫ਼ੀ ਕਾਰਗਰ ਤੋੜ ਸਿੱਧ ਹੁੰਦੀ ਰਹੀ। ਉਹ ਆਮ ਲੋਕਾਂ ਨੂੰ ਧਰਮਾਂ ਅਤੇ ਭਾਸ਼ਾਵਾਂ ਦੇ ਫ਼ਰਕਾਂ ਤੋਂ ਉੱਚੇ ਉੱਠ ਕੇ ਇਕ ਹੋਣ ਦਾ ਸੱਦਾ ਦਿੰਦੀ ਰਹੀ ਅਤੇ ਇਸ ਮਨੋਰਥ ਵਿਚ ਕਾਫ਼ੀ ਸਫਲ ਵੀ ਹੋਈ। ਪਰ ਸਮੇਂ ਦਾ ਵਿਅੰਗ ਦੇਖੋ, ਅੰਗਰੇਜ਼ ਦੀ ਬੀਜੀ ਇਸ ਜ਼ਹਿਰ-ਬੂਟੀ ਨੂੰ ਆਜ਼ਾਦੀ ਸਮੇਂ ਦੇਸ-ਵੰਡ ਨਾਲ ਪੈਦਾ ਹੋਏ ਮਾਹੌਲ ਵਿਚ ਭਰਪੂਰ ਫਲ ਲੱਗਣ ਲੱਗੇ। ਇਹ ਸਭ ਏਨਾ ਸੱਜਰਾ ਇਤਿਹਾਸ ਹੈ ਕਿ ਇਸ ਦੇ ਵਿਸਤਾਰ ਵਿਚ ਜਾਣ ਦੀ ਕੋਈ ਲੋੜ ਨਹੀਂ ਦਿਸਦੀ।

ਇਕ ਤੱਥ ਯਾਦ ਰੱਖਣਾ ਜ਼ਰੂਰੀ ਹੈ ਅਤੇ ਉਸ ਦਾ ਵੱਡਾ ਮਹੱਤਵ ਹੈ। ਰਣਜੀਤ ਸਿੰਘ ਦੇ ਅਤੇ ਅੰਗਰੇਜ਼ਾਂ ਦੇ ਸਮੇਂ ਪੰਜਾਬੀ ਨੂੰ ਰਾਜਪ੍ਰਬੰਧ ਅਤੇ ਸਿੱਖਿਆ ਦੇ ਮਾਧਿਅਮ ਵਜੋਂ ਸਥਾਨ ਨਾ ਮਿਲਣ ਦੇ ਬਾਵਜੂਦ ਲੋਕਾਂ ਦੀ ਬੋਲੀ ਵਜੋਂ ਇਹਦੀ ਹੈਸੀਅਤ ਨੂੰ ਸੱਟ ਮਾਰਨ ਦੇ ਕੋਈ ਸੋਚੇ-ਸਮਝੇ ਜਤਨ ਨਹੀਂ ਸਨ ਹੋਏ। ਇਸ ਕਰਕੇ ਇਹਦੀਆਂ ਜੜ੍ਹਾਂ ਨੂੰ ਨੁਕਸਾਨ ਨਹੀਂ ਸੀ ਪੁੱਜਿਆ। ਰਾਜ-ਸਿੰਘਾਸਨ ਅਤੇ ਸਿੱਖਿਆ-ਸਿੰਘਾਸਨ ਤੋਂ ਬਿਨਾਂ ਵੀ ਇਹ ਸਮੂਹ ਪੰਜਾਬੀਆਂ ਦੇ, ਹਿੰਦੂ ਪੰਜਾਬੀਆਂ ਦੇ ਵੀ, ਮੁਸਲਮਾਨ ਪੰਜਾਬੀਆਂ ਦੇ ਵੀ ਅਤੇ ਸਿੱਖ ਪੰਜਾਬੀਆਂ ਦੇ ਵੀ, ਮਨ ਦੇ ਸਿੰਘਾਸਨ ਉੱਤੇ ਬਿਰਾਜਮਾਨ ਰਹੀ।

ਆਜ਼ਾਦੀ ਮਿਲਣ ਨਾਲ ਦੇਸੀ ਭਾਸ਼ਾਵਾਂ ਦੇ ਵਿਕਾਸ ਦੀ ਆਸ ਜਾਗਣੀ ਸੁਭਾਵਿਕ ਸੀ। ਪਰ ਸਰਕਾਰ ਨੇ ਰਾਜਨੀਤਕ ਅਤੇ ਆਰਥਿਕ ਵਾਗਾਂ ਸੰਭਾਲਣ ਵਾਂਗ ਭਾਸ਼ਾਈ ਅਤੇ ਸਭਿਆਚਾਰਕ ਨੀਤੀਆਂ ਘੜਨ ਦਾ ਕੰਮ ਵੀ ਪੂਰੀ ਤਰ੍ਹਾਂ ਆਪਣੇ ਹੱਥ ਲੈ ਕੇ ਇਹਨਾਂ ਨੂੰ ਵੀ ਆਪਣਾ ਖਿਡੌਣਾ ਬਣਾ ਲਿਆ। ਇਸੇ ਕਰਕੇ ਇਹ ਨੀਤੀਆਂ ਰੁੱਤਾਂ ਵਾਂਗ ਬਦਲਦੀਆਂ ਰਹਿੰਦੀਆਂ ਹਨ। ਚਾਹੀਦਾ ਇਹ ਸੀ ਕਿ ਇਹ ਨੀਤੀਆਂ ਤਿਆਰ ਕਰਨ ਦਾ ਕੰਮ ਭਾਸ਼ਾ ਅਤੇ ਸਭਿਆਚਾਰ ਦੇ ਗਿਆਨੀਆਂ ਦੇ ਹਵਾਲੇ ਕੀਤਾ ਜਾਂਦਾ। ਪਰ ਹੋਇਆ ਇਹ ਕਿ ਉਹ ਵਿੱਦਿਆ ਮੰਤਰੀ ਵਿਦਿਅਕ ਨੀਤੀਆਂ ਬਦਲਣ, ਬਣਾਉਣ ਤੇ ਲਾਗੂ ਕਰਨ ਲੱਗੇ ਜੋ ਜਾਂ ਤਾਂ ਉੱਚੀ ਪੜ੍ਹਾਈ ਦਾ ਮੂੰਹ ਨਾ ਦੇਖਿਆ ਹੋਣ ਕਾਰਨ ਭਾਸ਼ਾ-ਵਿਗਿਆਨ ਦੇ ਪੱਖੋਂ ਅਣਪੜ੍ਹ ਹੁੰਦੇ ਹਨ ਜਾਂ ਰਾਜਨੀਤੀ ਵਿਚ ਪੈ ਕੇ ਆਪਣਾ ਪੜ੍ਹਿਆ-ਵਾਚਿਆ ਸਭ ਕੁਛ ਭੁੱਲ-ਭੁਲਾ ਕੇ ਅਣਪੜ੍ਹ ਬਣ ਚੁੱਕੇ ਹੁੰਦੇ ਹਨ। ਇਹਦੇ ਨਾਲ ਹੀ ਉਹ ਆਪਣੀਆਂ ਰਾਜਨੀਤਕ ਗਿਣਤੀਆਂ-ਮਿਣਤੀਆਂ ਨੂੰ ਭਾਸ਼ਾਈ ਅਤੇ ਸਭਿਆਚਾਰਕ ਲੋੜਾਂ ਅਤੇ ਤਕਾਜ਼ਿਆਂ ਤੋਂ ਉੱਚੀਆਂ ਸਮਝਦੇ ਅਤੇ ਰਖਦੇ ਹਨ।

ਸਾਡੇ ਆਦਿ-ਲੇਖਕ ਬਾਬਾ ਫ਼ਰੀਦ ਤੋਂ ਲੈ ਕੇ ਹੁਣ ਤੱਕ ਪੰਜਾਬੀ ਸਾਹਿਤ ਦੇ ਵੱਡੇ ਭਾਈਵਾਲ ਰਹੇ ਮੁਸਲਮਾਨਾਂ ਨੂੰ ਪਾਕਿਸਤਾਨ, ਜਿਸ ਦੇ ਹਿੱਸੇ ਪੰਜਾਬੀਆਂ ਦਾ ਵੱਡਾ ਹਿੱਸਾ ਆ ਗਿਆ ਸੀ, ਵਿਚ ਇਹ ਪੱਕ ਕਰਵਾਇਆ ਜਾਣ ਲੱਗਿਆ ਕਿ ਉਹਨਾਂ ਦਾ ਅਸਲ ਰਿਸ਼ਤਾ ਪੰਜਾਬੀ ਨਾਲ ਨਹੀਂ, ਉਰਦੂ ਨਾਲ ਹੈ। ਰਾਜਪ੍ਰਬੰਧ ਅਤੇ ਸਿੱਖਿਆ ਵਿਚ ਪੰਜਾਬੀ ਨੂੰ ਨਕਾਰ ਕੇ ਉਰਦੂ ਦੇ ਝੰਡੇ ਗੱਡ ਦਿੱਤੇ ਗਏ। ਅਖੌਤੀ ਉਪਰਲੇ ਤਬਕੇ ਦੇ ਪੰਜਾਬੀਆਂ ਨੇ ਗੱਲਬਾਤ ਲਈ ਉਰਦੂ ਅਪਣਾ ਲਈ। ਹਾਲਤ ਏਨੀ ਨਿੱਘਰ ਗਈ ਕਿ ਪਾਕਿਸਤਾਨੀ ਪੰਜਾਬ ਦੀ ਅਸੈਂਬਲੀ ਵਿਚ ਪੰਜਾਬੀ ਵਿਚ ਤਕਰੀਰ ਕਰਨ ਦੀ ਮਨਾਹੀ ਕਰ ਦਿੱਤੀ ਗਈ। (ਹੁਣ ਸ਼ਾਇਦ ਇਹ ਮਨਾਹੀ ਤਾਂ ਰੱਦ ਕਰ ਦਿੱਤੀ ਗਈ ਹੈ ਪਰ ਪਤਾ ਨਹੀਂ, ਇਹ ਹੱਕ ਕੋਈ ਵਰਤਦਾ ਵੀ ਹੈ ਕਿ

Sri Satguru Jagjit Singh Ji eLibrary NamdhariElibrary@gmail.com

ਨਹੀਂ।) ਇਧਰ ਪਹੁੰਚਦੀਆਂ ਉਧਰਲੀ ਪੰਜਾਬੀ ਦੀ ਤਰੱਕੀ ਦੀਆਂ ਖ਼ਬਰਾਂ ਬਹੁਤ ਵਧਾ-ਚੜ੍ਹਾ ਕੇ ਦੱਸੀਆਂ ਹੁੰਦੀਆਂ ਹਨ। ਇਹਤੋਂ ਵੀ ਮਾੜੀ ਗੱਲ, ਇਧਰਲੇ ਪੰਜਾਬ ਵਿਚ ਆਪਣੇ ਆਪ ਨੂੰ ਆਮ ਲੋਕਾਂ ਨਾਲੋਂ ਉੱਚਾ ਸਮਝਣ ਵਾਲੇ ਤਬਕੇ ਵਿਚ ਪੰਜਾਬੀ ਦੀ ਥਾਂ ਘਰਾਂ ਵਿਚ ਅੰਗਰੇਜ਼ੀ ਜਾਂ ਹਿੰਦੀ ਬੋਲਣ ਦਾ ਰੁਝਾਨ ਵਧ ਰਿਹਾ ਹੈ, ਭਾਵੇਂ ਕਿ ਪਾਕਿਸਤਾਨ ਦੇ ਟਾਕਰੇ ਇਸ ਅਮਲ ਦੀ ਰਫ਼ਤਾਰ ਅਜੇ ਕਾਫ਼ੀ ਘੱਟ ਹੈ।

ਇਹ ਆਸ ਰੱਖਣਾ ਬਿਲਕੁਲ ਜਾਇਜ਼ ਸੀ ਕਿ ਪੰਜਾਬੀ ਸੂਬਾ ਬਣਨ ਪਿਛੋਂ, ਖਾਸ ਕਰਕੇ ਪੰਜਾਬੀ ਸੂਬੇ ਦੇ ਮੁਦਈ ਕਹਾਉਂਦੇ ਰਾਜਨੀਤਕ ਆਗੂਆਂ ਦੇ ਗੱਦੀ ਉੱਤੇ ਬੈਠਣ ਪਿਛੋਂ ਪੰਜਾਬੀ ਨੂੰ ਰਾਜਭਾਸ਼ਾ ਦਾ ਦਰਜਾ ਮਿਲ ਜਾਂਦਾ। ਪਰ ਇਤਿਹਾਸ ਹੈਰਾਨ ਹੋਇਆ ਕਰੇਗਾ ਕਿ ਅਜਿਹਾ ਹੋਇਆ ਨਾ। ਮੇਰਾ ਮੱਤ ਹੈ ਕਿ ਜੇ ਡਾ. ਮਹਿੰਦਰ ਸਿੰਘ ਰੰਧਾਵਾ ਦੀ ਨੇਕ ਸਲਾਹ ਉੱਤੇ ਅਮਲ ਕਰਦਿਆਂ ਲਛਮਣ ਸਿੰਘ ਗਿੱਲ ਦੀ ਟੁੱਟਣ ਲਈ ਹੀ ਬਣੀ ਸਰਕਾਰ ਇਹ ਕਦਮ ਨਾ ਚੁਕਦੀ, ਕਿਸੇ ਅਕਾਲੀ ਜਾਂ ਕਾਂਗਰਸੀ ਸਰਕਾਰ ਨੇ ਅੱਜ ਤੱਕ ਵੀ ਪੰਜਾਬੀ ਨੂੰ ਰਾਜਭਾਸ਼ਾ ਨਹੀਂ ਸੀ ਬਣਾਉਣਾ ਅਤੇ ਪੰਜਾਬੀ ਲੇਖਕਾਂ ਨੇ ਚੰਡੀਗੜ੍ਹ ਦੇ ਮਟਕਾ ਚੌਂਕ ਵਿਚ ਉਸੇ ਤਰ੍ਹਾਂ ਧਰਨੇ ਦਿੰਦੇ ਰਹਿਣਾ ਸੀ ਜਿਵੇਂ ਹੁਣ ਉਹ ਬਣਿਆ ਹੋਇਆ ਭਾਸ਼ਾਈ ਕਾਨੂੰਨ ਲਾਗੂ ਕਰਵਾਉਣ ਲਈ ਅਤੇ ਉਹਦੀਆਂ ਕਮਜ਼ੋਰੀਆਂ ਦੂਰ ਕਰਵਾਉਣ ਲਈ ਅਕਸਰ ਦਿੰਦੇ ਰਹਿੰਦੇ ਹਨ।

ਛੋਟੇ-ਵੱਡੇ ਬਾਬੂ ਹਮੇਸ਼ਾ ਹਾਕਮਾਂ ਦੀ ਅੱਖ ਵੱਲ ਦੇਖ ਕੇ ਕੰਮ ਕਰਦੇ ਹਨ। ਲਛਮਣ ਸਿੰਘ ਗਿੱਲ ਦੀ ਕੌੜੀ ਅੱਖ ਦੇਖਦਿਆਂ ਟਾਈਪ ਦੀਆਂ ਅੰਗਰੇਜ਼ੀ ਮਸ਼ੀਨਾਂ ਦਫ਼ਤਰਾਂ ਦੀਆਂ ਅਲਮਾਰੀਆਂ ਉੱਤੇ ਸੁੱਟ ਕੇ ਪੰਜਾਬੀ ਦੀਆਂ ਮਸ਼ੀਨਾਂ ਖ਼ਰੀਦ ਲਈਆਂ ਗਈਆਂ ਸਨ। ਉਹਦੀ ਸਰਕਾਰ ਦਾ ਡਿੱਗਣਾ ਸੀ ਕਿ ਪੰਜਾਬੀ ਦੀਆਂ ਮਸ਼ੀਨਾਂ ਪਰੇ ਸੁਟਦਿਆਂ ਅੰਗਰੇਜ਼ੀ ਦੀਆਂ ਮਸ਼ੀਨਾਂ ਝਾੜ-ਪੂੰਝ ਕੇ ਫੇਰ ਮੇਜ਼ਾਂ ਉੱਤੇ ਸਜਾ ਲਈਆਂ ਗਈਆਂ। ਇਸ ਤੱਥ ਉੱਤੇ ਕਿਸ ਨੂੰ ਹਾਸਾ ਨਹੀਂ ਆਵੇਗਾ ਕਿ ਅੱਜ ਵੀ ਰਸਮ ਪੂਰੀ ਕਰਨ ਲਈ ਦਫ਼ਤਰਾਂ ਵਿਚ ਪੰਜਾਬੀ ਲਾਗੂ ਕਰਨ ਦੀਆਂ ਜੋ ਸਰਕਾਰੀ ਹਦਾਇਤਾਂ ਭੇਜੀਆਂ ਜਾਂਦੀਆਂ ਹਨ, ਉਹ ਅਨੇਕ ਵਾਰ ਅੰਗਰੇਜ਼ੀ ਵਿਚ ਲਿਖੀਆਂ ਹੋਈਆਂ ਹੁੰਦੀਆਂ ਹਨ।

ਆਰਥਿਕ ਵਿਸ਼ਵੀਕਰਨ ਦੇ ਨਾਲ-ਨਾਲ ਸੂਚਨਾ, ਦੂਰਸੰਚਾਰ ਅਤੇ ਕੰਪਿਊਟਰ ਤਕਨਾਲੋਜੀ ਦੇ ਦੰਗ ਕਰ ਦੇਣ ਵਾਲੇ ਵਿਕਾਸ ਨੇ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਬਹੁਤ ਵਧਾ ਦਿੱਤੀ ਹੈ। ਇਸ ਦਾ ਕਾਰਨ ਇਹਦੀਆਂ ਕੋਈ ਭਾਸ਼ਾਈ ਵਿਸ਼ੇਸ਼ਤਾਵਾਂ ਨਹੀਂ। ਸਗੋਂ ਲਿਪੀ ਦੀਆਂ ਕਮਜ਼ੋਰੀਆਂ ਅਤੇ ਵਿਆਕਰਨ ਦੀਆਂ ਬੇਨੇਮੀਆਂ ਇਹਨੂੰ ਊਣੀ ਭਾਸ਼ਾ ਬਣਾਉਂਦੀਆਂ ਹਨ। ਇਕ ਤਾਂ ਬਸਤੀਵਾਦੀ ਸਾਮਰਾਜ ਦੀ ਭਾਸ਼ਾ ਹੋਣ ਕਰਕੇ ਇਹਦੀ ਪਹੁੰਚ ਵੱਡੇ ਭੂਗੋਲਕ ਖੇਤਰ ਤੱਕ ਹੋ ਗਈ ਅਤੇ ਦੂਜੇ, ਇਹਦੇ ਮਾਧਿਅਮ ਰਾਹੀਂ ਖੋਜ-ਕਾਰਜ ਸਦਕਾ ਹੋਇਆ ਵਿਗਿਆਨਕ-ਤਕਨਾਲੋਜੀਕਲ ਵਿਕਾਸ ਇਹਦੇ ਮਹੱਤਵ ਵਿਚ ਵਾਧਾ ਕਰਦਾ ਹੈ।

ਅੰਗਰੇਜ਼ੀ ਵਿਚ ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਅਪਣਾ ਕੇ ਅਮੀਰ ਹੋਣ ਦੀ ਵੀ ਬੜੀ ਸਮਰੱਥਾ ਹੈ। ਉਹ ਸਾਡੇ ਵਾਂਗ ਫ਼ੋਨ ਨੂੰ 'ਦੂਰਭਾਸ਼', ਸਬਵੇਅ ਨੂੰ 'ਭੂਮੀਗਤ ਪੈਦਲ ਪਾਰ ਪਥ' ਅਤੇ ਜੂਨੀਅਰ ਇੰਜੀਨੀਅਰ ਨੂੰ 'ਕਨਿਸ਼ਟ ਅਭਿਅੰਤਾ' ਨਹੀਂ ਬਣਾਉਂਦੇ ਸਗੋਂ ਅੰਗਰੇਜ਼ੀ-ਭਾਸ਼ੀ ਲੋਕਾਂ ਵਿਚ ਹੋਰ ਭਾਸ਼ਾਵਾਂ ਦੇ ਪ੍ਰਚਲਿਤ ਹੁੰਦੇ ਰਹਿੰਦੇ ਸ਼ਬਦਾਂ ਨੂੰ ਉਸੇ ਰੂਪ ਵਿਚ ਆਪਣੇ ਕੋਸ਼ਾਂ ਵਿਚ ਸ਼ਾਮਲ ਕਰਦੇ ਰਹਿੰਦੇ ਹਨ। ਉਹਨਾਂ ਲਈ ਹੁੱਕਾ, ਬਿੰਦੀ, ਸਾੜ੍ਹੀ, ਸਭ ਇਹੋ ਹਨ।

ਅੰਗਰੇਜ਼ੀ ਦੇ ਇਸ ਦਬਦਬੇ ਦਾ ਰਾਹ ਸਾਡੀ ਭਾਸ਼ਾਈ ਹੀਣ-ਭਾਵਨਾ ਹੋਰ ਸੌਖਾ ਕਰ ਦਿੰਦੀ ਹੈ ਜਿਸ ਸਦਕਾ ਅੰਗਰੇਜ਼ੀ ਬੋਲਣ ਨੂੰ, ਭਾਵੇਂ ਉਹ ਗ਼ਲਤ ਹੀ ਹੋਵੇ, ਮਾਣ ਵਾਲੀ ਗੱਲ ਸਮਝਿਆ ਜਾਂਦਾ ਹੈ।

ਲਿਪੀ ਅਤੇ ਕੁਝ ਹੋਰ ਪੱਖ

ਪੰਜਾਬੀ ਦਾ ਭਵਿੱਖ ਕਿਸ ਰਾਹ ਪਿਆ ਹੋਇਆ ਹੈ, ਇਹ ਤੱਥ ਅਸੀਂ ਦੋ ਪੈਮਾਨਿਆਂ ਅਨੁਸਾਰ ਦੇਖਾਂਗੇ। ਇਕ, ਸੰਪਰਕ, ਗਿਆਨ ਅਤੇ ਸਭਿਆਚਾਰ ਦੇ ਵਸੀਲੇ ਵਜੋਂ; ਦੂਜਾ, ਮੁੱਖ ਆਧਾਰਾਂ ਦੀ ਮਜ਼ਬੂਤੀ ਦੇ ਪੱਖੋਂ।

ਆਮ ਬੋਲਚਾਲ ਅਤੇ ਆਮ ਸੰਪਰਕ ਵਿਚ ਪੰਜਾਬੀ ਅਜੇ ਵੀ ਕਾਫ਼ੀ ਵੱਡੇ ਭੂਗੋਲਕ ਖੇਤਰ ਵਿਚ ਵੱਡੀ ਹੱਦ ਤੱਕ ਵਰਤੋਂ ਵਿਚ ਹੈ, ਭਾਵੇਂ ਹੁਣ ਪੂਰੀ ਹੱਦ ਤੱਕ ਤਾਂ ਨਹੀਂ ਕਿਹਾ ਜਾ ਸਕਦਾ। ਗਿਆਨ-ਵਿਗਿਆਨ ਦੇ ਵਿਕਾਸ ਦੇ ਨਾਲ-ਨਾਲ ਇਸ ਉੱਤੇ ਅੰਗਰੇਜ਼ੀ ਦਾ ਜਾਇਜ਼ ਤੇ ਨਾਜਾਇਜ਼ ਦੋਵਾਂ ਕਿਸਮਾਂ ਦਾ ਛੱਪਾ ਵਧਦਾ ਜਾਂਦਾ ਹੈ। ਸਾਹਿਤ, ਲੋਕ-ਸਾਹਿਤ, ਵਿਚਾਰ-ਚਰਚਾ, ਲੋਰੀਆਂ, ਗੀਤਾਂ, ਵੈਣਾਂ, ਆਦਿ ਰਾਹੀਂ ਪਰਗਟ ਹੁੰਦਾ ਭਾਵਨਾਤਮਕ, ਦਾਰਸ਼ਨਿਕ ਅਤੇ ਸਭਿਆਚਾਰਕ ਪੱਖ ਹੀ ਹੈ ਜੋ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ। ਇਹ ਪੱਖ ਨਵੀਆਂ ਸਮਾਜਕ, ਆਰਥਿਕ, ਵਿਗਿਆਨਕ ਹਾਲਤਾਂ ਵਿਚ ਲਗਾਤਾਰ ਸੁੰਗੜ ਰਿਹਾ ਹੈ।

ਕਿਸੇ ਵੀ ਭਾਸ਼ਾ ਨੂੰ ਖੜ੍ਹੀ ਰੱਖਣ ਲਈ ਭੂਗੋਲਿਕ ਖੇਤਰ, ਸ਼ਬਦ-ਭੰਡਾਰ, ਲਿਪੀ ਅਤੇ ਵਿਆਕਰਨ ਉਹਦੇ ਚਾਰ ਥੰਮ੍ਹ

Sri Satguru Jagjit Singh Ji eLibrary NamdhariElibrary@gmail.com

ਹੁੰਦੇ ਹਨ। ਜੇ ਇਹਨਾਂ ਚਾਰਾਂ ਦੇ ਪੱਖੋਂ ਪੰਜਾਬੀ ਨੂੰ ਪਰਖ ਕੇ ਦੇਖੀਏ, ਸਿੱਟੇ ਕੋਈ ਉਤਸਾਹਜਨਕ ਨਹੀਂ ਨਿਕਲਦੇ।

ਪਹਿਲਾ, ਪੰਜਾਬੀ ਦਾ ਭੂਗੋਲਕ ਖੇਤਰ, ਜੋ ਸੰਤਾਲੀ ਤੱਕ ਦੂਰ-ਦੂਰ ਫੈਲਿਆ ਹੋਇਆ ਸੀ, ਵਾਰ-ਵਾਰ ਟੁਕੜੇਬੰਦੀ ਤੇ ਛਾਂਗ-ਛੰਗਾਈ ਦਾ ਸ਼ਿਕਾਰ ਹੋ ਕੇ ਥੋੜ੍ਹੇ ਜਿਹੇ ਇਲਾਕੇ ਤੱਕ ਸਿਮਟ ਗਿਆ ਹੈ।

ਦੂਜਾ, ਪੰਜਾਬੀ ਦਾ ਮੌਲਕ ਸ਼ਬਦ-ਭੰਡਾਰ, ਜੋ ਹਰ ਭਾਸ਼ਾ ਵਾਂਗ, ਆਪਣੇ ਬੋਲਣ ਵਾਲਿਆਂ ਦੇ ਵਿਚਾਰ-ਪ੍ਰਗਟਾਵੇ ਦੇ ਪੂਰੀ ਤਰ੍ਹਾਂ ਸਮਰੱਥ ਹੈ, ਬਦਕਿਸਮਤੀ ਨੂੰ ਆਪਣਿਆਂ ਹੱਥੋਂ ਹੀ ਖੁਰਦਾ ਜਾ ਰਿਹਾ ਹੈ। ਪੰਜਾਬ ਦੇ ਪ੍ਰਬੰਧਕ ਤੇ ਰਾਜਨੀਤਕ ਹਲਕਿਆਂ ਵਿਚ ਅਤੇ ਸਭ ਤੋਂ ਮਾੜੀ ਗੱਲ, ਅਕਾਦਮਿਕ ਖੇਤਰ ਵਿਚ ਅਜਿਹੇ ਲੋਕਾਂ ਦੀ ਭਰਮਾਰ ਹੈ ਜਿਨ੍ਹਾਂ ਨੂੰ ਨਾ ਤਾਂ ਪੰਜਾਬੀ ਨਾਲ ਕੋਈ ਮੋਹ ਹੈ, ਨਾ ਸਮਾਜ ਲਈ ਮਾਤਭਾਸ਼ਾ ਦੇ ਮਹੱਤਵ ਦਾ ਪਤਾ ਹੈ ਅਤੇ ਨਾ ਪੰਜਾਬੀ ਦੀ ਭਾਸ਼ਾਈ ਆਬਤਾਬ ਦੀ ਕੋਈ ਜਾਣਕਾਰੀ ਹੈ। ਇਹ ਲੋਕ ਪੰਜਾਬੀ ਦੇ ਸੁੱਚੇ ਟਕਸਾਲੀ ਸ਼ਬਦਾਂ ਦੀ ਅਗਿਆਨਤਾ ਕਾਰਨ ਉਹਨਾਂ ਦੀ ਥਾਂ ਓਪਰੀਆਂ ਭਾਸ਼ਾਵਾਂ ਦੇ ਸ਼ਬਦ ਆਮ ਹੀ ਵਰਤਦੇ ਹਨ।

ਤੀਜਾ, ਇਹ ਕਥਨ ਕਿਸੇ ਜਜ਼ਬਾਤੀ ਜਾਂ ਸੌੜੇ ਨਜ਼ਰੀਏ ਉੱਤੇ ਆਧਾਰਿਤ ਨਹੀਂ ਸਗੋਂ ਭਾਸ਼ਾ-ਵਿਗਿਆਨਕ ਕਸਵੱਟੀ ਉੱਤੇ ਖਰਾ ਉੱਤਰਦਾ ਹੈ ਕਿ ਪੰਜਾਬੀ ਲਈ ਇਕੋ-ਇਕ ਢੁੱਕਵੀਂ ਲਿਪੀ ਗੁਰਮੁਖੀ ਹੀ ਹੈ ਜੋ ਇਸ ਦੀ ਹਰ ਧੁਨੀ ਅਤੇ ਸ਼ਬਦ ਨੂੰ ਲਿਖਤ ਦਾ ਸਹੀ-ਸਹੀ ਜਾਮਾ ਪੁਆ ਸਕਦੀ ਹੈ। ਪਰ ਇਸ ਦੇ ਬਾਵਜੂਦ ਮੁਸਲਮਾਨ ਭਾਈ, ਪਵਿੱਤਰ ਕੁਰਾਨ ਨਾਲ ਜੁੜੀ ਲਿਪੀ ਹੋਣ ਕਾਰਨ, ਸ਼ਾਹਮੁਖੀ ਨੂੰ ਸਤਿਕਾਰਦੇ ਹਨ, ਹਿੰਦੂ ਵੀਰਾਂ ਲਈ 'ਦੇਵਤਿਆਂ ਦੀ ਬਣਾਈ' ਦੇਵਨਾਗਰੀ ਤੋਂ ਬਿਨਾਂ ਸਭ ਕੂੜ ਹੈ ਅਤੇ ਸਿੱਖ ਸੱਜਣਾਂ ਲਈ ਗੁਰਮੁਖੀ ਗੁਰੂ ਗ੍ਰੰਥ ਸਾਹਿਬ ਦੀ ਲਿਪੀ ਹੈ। ਇਸ ਸੋਚ ਨੇ ਪੰਜਾਬੀ ਦਾ ਨੁਕਸਾਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ!

ਇਤਿਹਾਸ ਵਿਚ ਹਰ ਭੂਗੋਲਿਕ ਭਾਈਚਾਰੇ ਦੀ ਭਾਸ਼ਾ ਤੇ ਲਿਪੀ ਦਾ ਸਰੂਪ ਲੰਮੇ ਕਾਲ-ਖੰਡਾਂ ਦੌਰਾਨ ਬਦਲਦਾ ਰਿਹਾ ਹੈ। ਵਰਤਮਾਨ ਪੰਜਾਬ ਅਤੇ ਗੁਆਂਢ ਦਾ ਇਲਾਕਾ ਸਮੇਂ-ਸਮੇਂ ਹੁੰਦੇ ਰਹੇ ਆਵਾਸਾਂ ਅਤੇ ਹਮਲਿਆਂ ਕਾਰਨ ਅਨੇਕ ਭਾਸ਼ਾਈ-ਸਭਿਆਚਾਰਕ ਅਸਰ ਕਬੂਲਦਾ ਰਿਹਾ ਹੈ। ਮੁੱਢਲੀ ਸੰਸਕ੍ਰਿਤ ਲਈ ਕੋਈ 3,500 ਸਾਲ ਪਹਿਲਾਂ ਬ੍ਰਾਹਮੀ ਤੇ ਖ਼ਰੋਸ਼ਠੀ ਲਿਪੀਆਂ ਵਰਤੀਆਂ ਜਾਣ ਲੱਗੀਆਂ। ਕੋਈ ਇਕ ਹਜ਼ਾਰ ਸਾਲ ਦੇ ਸਮੇਂ ਵਿਚ ਮੁੱਢਲੀ ਸੰਸਕ੍ਰਿਤ ਨੇ ਟਕਸਾਲੀ ਵੇਦਿਕ ਸੰਸਕ੍ਰਿਤ ਦਾ ਰੂਪ ਧਾਰ ਲਿਆ ਅਤੇ ਲਿਪੀ ਦੇਵਨਾਗਰੀ ਦਾ ਰੂਪ ਧਾਰ ਗਈ ਜੋ ਅੱਜ ਕਈ ਭਾਰਤੀ ਭਾਸ਼ਾਵਾਂ ਲਈ ਵਰਤੀ ਜਾਂਦੀ ਹੈ। ਲਗਭਗ ਡੇਢ ਹਜ਼ਾਰ ਸਾਲ ਹੋਰ ਲੰਘੇ ਤਾਂ ਵਰਤਮਾਨ ਪੰਜਾਬੀ ਅਤੇ ਇਹਦੀ ਲਿਪੀ ਗੁਰਮੁਖੀ ਦੇ ਨੈਣ-ਨਕਸ਼ ਉਜਾਗਰ ਹੋਏ।

ਪਰ ਪੰਜਾਬ ਅਤੇ ਗੁਆਂਢ ਨੂੰ ਉਪਰੋਕਤ ਇਤਿਹਾਸ ਤੋਂ ਬਹੁਤ ਪਹਿਲਾਂ ਲਿਪੀ ਘੜਨ ਦਾ ਮਾਣ ਪਰਾਪਤ ਹੈ। ਇਹ ਸਿੰਧ ਵਾਦੀ ਦੀ ਸਭਿਅਤਾ ਦੀ ਲਿਪੀ ਹੈ। ਭਾਵੇਂ ਅਜੇ ਤੱਕ ਕੋਈ ਹਵਾਲਾ-ਬਿੰਦੂ ਨਾ ਮਿਲੇ ਹੋਣ ਕਾਰਨ ਸਿੰਧ ਲਿਪੀ ਉਠਾਲੀ ਨਹੀਂ ਜਾ ਸਕੀ, ਤਾਂ ਵੀ ਮਨੁੱਖ ਦੇ ਭਾਸ਼ਾਈ ਇਤਿਹਾਸ ਵਿਚ ਇਸ ਦੀ ਮਹੱਤਤਾ ਬਹੁਤ ਵੱਡੀ ਹੈ। ਇਹ ਲਿਪੀ ਚਿਨ੍ਹਾਂ ਦੇ ਰੂਪ ਵਿਚ ਸੀ ਜੋ ਮੋਹਰਾਂ, ਤਾਂਬੇ ਦੇ ਪੱਤਰਿਆਂ, ਕਾਂਸੀ ਦੇ ਸੰਦਾਂ, ਹਾਥੀ ਦੰਦ ਦੇ ਟੁਕੜਿਆਂ, ਮਿੱਟੀ ਦੇ ਭਾਂਡਿਆਂ, ਆਦਿ ਉੱਤੇ ਬਣਾਏ ਹੋਏ ਹਨ। ਹੁਣ ਤੱਕ ਇਸ ਸਭਿਅਤਾ ਦੇ ਕੋਈ 2,200 ਥੇਹ ਪਛਾਣੇ ਜਾ ਚੁੱਕੇ ਹਨ। ਇਹਨਾਂ ਵਿਚੋਂ ਕੁਛ ਦੀ ਪੁਟਾਈ ਸਮੇਂ ਕੋਈ 3,700 ਵਸਤਾਂ ਅਜਿਹੀਆਂ ਮਿਲੀਆਂ ਹਨ ਜਿਨ੍ਹਾਂ ਉੱਤੇ ਸਥਾਨਕ ਅਸਰ ਕਾਰਨ ਪਏ ਕੁਛ ਫ਼ਰਕਾਂ ਨਾਲ ਸਿੰਧ ਲਿਪੀ ਉੱਕਰੀ ਹੋਈ ਮਿਲਦੀ ਹੈ। 80 ਫ਼ੀਸਦੀ ਵਸਤਾਂ ਮੋਹਿੰਜੋਦੜੋ ਤੇ ਹੜੱਪਾ ਵਿਚੋਂ ਮਿਲੀਆਂ ਹਨ।

ਆਪਣੀ ਭਾਸ਼ਾ ਅਤੇ ਲਿਪੀ ਨਾਲ ਇਹ ਸਭਿਅਤਾ ਕਿੰਨੀ ਦੂਰ ਤੱਕ ਫ਼ੈਲੀ ਹੋਈ ਸੀ, ਇਸ ਦਾ ਅੰਦਾਜ਼ਾ ਥੇਹਾਂ ਦੇ ਟਿਕਾਣਿਆਂ ਤੋਂ ਸੌਖਾ ਹੀ ਲੱਗ ਜਾਂਦਾ ਹੈ। ਇਹਦਾ ਇਲਾਕਾ ਕੋਈ ਦਸ ਲੱਖ ਵਰਗ ਕਿਲੋਮੀਟਰ ਬਣ ਜਾਂਦਾ ਹੈ। ਇਹਨਾਂ ਵਿਚੋਂ ਸਭ ਤੋਂ ਪ੍ਰਸਿੱਧ ਥੇਹਾਂ, ਜਿਨ੍ਹਾਂ ਦੀ ਪੁਟਾਈ ਨੇ ਸਾਡੇ ਸਾਹਮਣੇ ਮਨੁੱਖੀ ਇਤਿਹਾਸ ਦੇ ਵਡਮੁੱਲੇ ਪੰਨੇ ਖੋਲ੍ਹ ਦਿੱਤੇ, ਦਾ ਟਿਕਾਣਾ ਇਸ ਦੇ ਪਸਾਰ ਬਾਰੇ ਦੱਸ ਦਿੰਦਾ ਹੈ। ਹੜੱਪਾ ਪਾਕਿਸਤਾਨੀ ਪੰਜਾਬ ਵਿਚ ਹੈ ਅਤੇ ਰੋਪੜ ਭਾਰਤੀ ਪੰਜਾਬ ਵਿਚ। ਮੋਹਿੰਜੋਦੜੋ ਪਾਕਿਸਤਾਨੀ ਸਿੰਧ ਵਿਚ, ਰਾਖੀਗੜ੍ਹੀ ਹਰਿਆਣਾ ਵਿਚ, ਕਾਲੀਬੰਗਾਂ ਰਾਜਸਥਾਨ ਵਿਚ ਅਤੇ ਧੌਲ਼ਾਵੀਰਾ ਤੇ ਲੋਥਲ ਗੁਜਰਾਤ ਵਿਚ।

ਲਿਪੀ ਬਾਰੇ ਅਸਲ ਚਿੰਤਾਜਨਕ ਗੱਲ ਕਈ ਪੰਜਾਬੀ ਲੇਖਕਾਂ ਸਮੇਤ ਕੁਝ ਲੋਕਾਂ ਦੀ ਇਹ ਸਮਝ ਹੈ ਕਿ ਲਿਪੀ ਦਾ ਕੀ ਹੈ, ਕੋਈ ਵੀ ਵਰਤ ਲਵੋ! ਉਹ ਕਹਿੰਦੇ ਹਨ, ਬਹੁਤੀਆਂ ਲਿਪੀਆਂ ਵਿਚ ਲਿਖੀ ਪੰਜਾਬੀ ਬਹੁਤੇ ਲੋਕਾਂ ਤੱਕ ਪਹੁੰਚ ਸਕੇਗੀ। ਇਸ ਦਲੀਲ ਅਨੁਸਾਰ ਤਾਂ ਸਾਨੂੰ ਪੰਜਾਬੀ ਦੀ ਥਾਂ ਭਾਸ਼ਾ ਵੀ ਅੰਗਰੇਜ਼ੀ ਅਪਣਾ ਲੈਣੀ ਚਾਹੀਦੀ ਹੈ ਕਿਉਂਕਿ ਅਜਿਹਾ ਕਰ ਕੇ ਅਸੀਂ ਬਹੁਤ ਵੱਧ ਲੋਕਾਂ ਨਾਲ ਜੁੜ ਸਕਾਂਗੇ। ਇਹਨਾਂ ਲੋਕਾਂ ਨੂੰ ਏਨੀ ਚੇਤਨਾ ਨਹੀਂ ਕਿ ਪੁਜਦੀ ਭਾਸ਼ਾ ਹੈ, ਲਿਪੀ ਨਹੀਂ। ਜੇ ਮੈਨੂੰ

Sri Satguru Jagjit Singh Ji eLibrary NamdhariElibrary@gmail.com

ਕੋਈ ਭਾਸ਼ਾ ਨਹੀਂ ਆਉਂਦੀ, ਮੈਂ ਆਪਣੇ ਲਈ ਪੜ੍ਹਨਜੋਗ ਕਿਸੇ ਲਿਪੀ ਵਿਚ ਲਿਖੀ ਉਸ ਭਾਸ਼ਾ ਦਾ ਕੀ ਕਰਾਂਗਾ? ਕੋਈ ਅੰਗਰੇਜ਼ ਰੋਮਨ ਵਿਚ ਲਿਖੀ ਹੋਈ ਪੰਜਾਬੀ ਦਾ ਕੀ ਕਰੇਗਾ? ਮੈਂ ਗੁਰਮੁਖੀ ਵਿਚ ਲਿਖੀ ਹੋਈ ਫ਼ਰਾਂਸੀਸੀ ਦਾ ਕੀ ਸਮਝਾਂਗਾ? ਤੇ ਜੇ ਕਿਸੇ ਨੂੰ ਪੰਜਾਬੀ ਦੀ ਸਮਝ ਹੈ ਤਾਂ ਉਹ ਇਸ ਦੀ ਲਿਪੀ ਗੁਰਮੁਖੀ ਕਿਉਂ ਨਾ ਸਿੱਖੇ-ਜਾਣੇ?

ਇਹ ਮੱਤ ਪੇਸ਼ ਕਰਨ ਵਾਲੇ ਸੱਜਣਾਂ ਨੂੰ ਨਾ ਇਹ ਪਤਾ ਹੈ ਕਿ ਭਾਸ਼ਾ ਕੀ ਹੁੰਦੀ ਹੈ, ਨਾ ਇਹ ਜਾਣਕਾਰੀ ਹੈ ਕਿ ਲਿਪੀ ਕੀ ਹੁੰਦੀ ਹੈ ਅਤੇ ਨਾ ਹੀ ਇਹ ਸੋਝੀ ਹੈ ਕਿ ਇਹਨਾਂ ਦੋਵਾਂ ਦਾ ਆਪਸ ਵਿਚ ਕੀ ਰਿਸ਼ਤਾ ਹੈ ਤੇ ਸਮਾਜ ਨਾਲ ਕੀ ਨਾਤਾ ਹੈ! ਕਿਸੇ ਭੂਗੋਲਕ ਖੇਤਰ ਦੇ ਲੋਕਾਂ ਦੀ ਭਾਸ਼ਾ ਬਹੁਤ ਲੰਮੇ ਇਤਿਹਾਸਕ ਦੌਰ ਵਿਚ ਰੂਪ ਧਾਰਦੀ ਹੈ। ਉਹਦੀਆਂ ਕੁਛ ਧੁਨੀਆਂ ਹੋਰ ਭਾਸ਼ਾਵਾਂ ਨਾਲ ਸਾਂਝੀਆਂ ਹੋ ਸਕਦੀਆਂ ਹਨ ਤੇ ਹੁੰਦੀਆਂ ਹਨ ਪਰ ਕੁਛ ਧੁਨੀਆਂ ਉਸੇ ਦੀਆਂ ਹੀ ਵਿਸ਼ੇਸ਼ ਹੁੰਦੀਆਂ ਹਨ। ਹਰ ਭਾਸ਼ਾ ਦੀ ਲਿਪੀ ਦਾ ਵਿਕਾਸ ਵੀ ਉਹਦੇ ਨਾਲ-ਨਾਲ ਹੀ ਹੁੰਦਾ ਹੈ। ਇਹੋ ਲਿਪੀ ਉਸ ਭਾਸ਼ਾ ਦੀਆਂ ਸਾਰੀਆ ਧੁਨੀਆਂ ਨੂੰ ਪਰਗਟ ਕਰਨ ਦੇ ਸਮਰੱਥ ਹੁੰਦੀ ਹੈ। ਹੋਰ ਕੋਈ ਲਿਪੀ ਅਜਿਹਾ ਨਹੀਂ ਕਰ ਸਕਦੀ। ਪੰਜਾਬੀ ਦੀਆਂ ਕੁਛ ਧੁਨੀਆਂ, ਜਿਵੇਂ ਘ, ਝ, ਢ, ਧ, ਭ, ਆਦਿ ਅਜਿਹੀਆਂ ਹਨ ਜਿਨ੍ਹਾਂ ਨੂੰ ਹੋਰ ਕਿਸੇ ਲਿਪੀ ਵਿਚ ਪਰਗਟ ਹੀ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਲ ਨਾਲੋਂ ਪਾਟ ਕੇ ਵਿਕਸਿਤ ਹੋਈ ਅਤੇ ਹੁਣ ਪੈਂਤੀ ਵਿਚ ਸ਼ਾਮਲ ਹੋ ਚੁੱਕੀ ਲ਼ ਦੀ ਧੁਨੀ ਹੋਰ ਲਿਪੀਆਂ ਵਿਚ ਪਰਗਟ ਨਹੀਂ ਕੀਤੀ ਜਾ ਸਕਦੀ।

ਸ਼ਾਹਮੁਖੀ ਦੀ ਗੱਲ ਨੂੰ ਉਰਦੂ ਜਾਣਨ ਵਾਲੇ ਸੱਜਣ ਚੰਗੀ ਤਰ੍ਹਾਂ ਸਮਝ ਸਕਣਗੇ। ਕੋਈ ਅੱਧੀ ਸਦੀ ਪਹਿਲਾਂ ਦੀ ਗੱਲ ਹੈ, ਜਲੰਧਰ ਰੇਡੀਓ ਤੋਂ ਸ਼ਾਹਮੁਖੀ ਵਿਚ ਲਿਖ ਕੇ ਪੰਜਾਬੀ ਪੜ੍ਹਨ ਵਾਲੇ ਇਕ ਸੱਜਣ ਨੇ ਕਲਗ਼ੀ ਨੂੰ ਕੁਲਫ਼ੀ ਪੜ੍ਹ ਦਿੱਤਾ ਸੀ। ਬੜਾ ਰੌਲਾ ਪਿਆ ਤੇ ਬੜਾ ਝੰਜਟ ਹੋਇਆ। ਚਲੋ ਇਹ ਤਾਂ ਦੂਰ ਦੀ ਗੱਲ ਹੈ, ਸੱਜਰੀ ਮਿਸਾਲ ਲਵੋ। ਕੁਛ ਸਮਾਂ ਪਹਿਲਾਂ ਪੰਜਾਬੀ ਅਕਾਦਮੀ, ਦਿੱਲੀ ਦੇ ਦੋਮਾਸਕ 'ਸਮਦਰਸ਼ੀ' ਨੇ ਪਾਕਿਸਤਾਨ ਵਿਚ ਸ਼ਾਹਮੁਖੀ-ਪੰਜਾਬੀ ਵਿਚ ਛਪੀਆਂ ਗ਼ਜ਼ਲਾਂ ਗੁਰਮੁਖੀ-ਪੰਜਾਬੀ ਵਿਚ ਛਾਪੀਆਂ। ਲਿਪੀ ਬਦਲਣ ਸਮੇਂ ਹੋਏ ਅਨੇਕ ਕਾਰਨਾਮਿਆਂ ਵਿਚੋਂ ਦੋ ਮਿਸਾਲਾਂ ਕਾਫ਼ੀ ਹਨ। ਮਿਸਰਾ ਸੀ, "ਹੌਲੀ ਹੌਲੀ ਵਿਥਾਂ ਵਧੀਆਂ ਜਿਵੇਂ ਮੁੱਠੀਓਂ ਕਿਰਦੀ ਰੇਤ।" ਲਿਪੀਕਾਰ ਨੇ ਕੀਤਾ, "...ਮੱਠੀਓਂ ਕਰਦੀ ਰੀਤ।" ਇਵੇਂ ਹੀ "ਚੰਨ ਵੀ ਉਹਨੂੰ ਵੇਖ ਕੇ ਖੜ੍ਹਾ ਰਿਹਾ ਬਨੇਰੇ ਤੇ" ਦੇ "ਬਨੇਰੇ" ਨੂੰ "ਹਨੇਰੇ" ਲਿਖ ਦਿੱਤਾ। ਕਾਰਨ ਇਹ ਸੀ ਕਿ ਜੇ ਸੋਚਿਆ ਨਾ ਜਾਵੇ, ਅਕਲ ਤੋਂ ਕੰਮ ਨਾ ਲਿਆ ਜਾਵੇ, ਇਹ ਲਫ਼ਜ਼ ਇਉਂ ਵੀ ਪੜ੍ਹੇ ਜਾ ਸਕਦੇ ਹਨ!

ਹੁਣ ਗੱਲ ਕਰੀਏ ਦੇਵਨਾਗਰੀ ਦੀ। ਪੰਜਾਬੀ ਲਈ (ਤੇ ਹੋਰ ਭਾਰਤੀ ਭਾਸ਼ਾਵਾਂ ਲਈ ਵੀ) ਆਨੀਂ-ਬਹਾਨੀਂ, ਕਿਸੇ ਭਾਸ਼ਾਈ ਆਧਾਰ ਤੋਂ ਬਿਨਾਂ, ਭਾਸ਼ਾਈ-ਸਾਮਰਾਜੀ ਸੋਚ ਜਾਂ ਫ਼ਿਰਕੂ ਰਾਜਨੀਤੀ ਕਾਰਨ ਦੇਵਨਾਗਰੀ ਲਿਪੀ ਦੀ ਮੰਗ ਕੀਤੀ ਜਾਂਦੀ ਰਹਿੰਦੀ ਹੈ, ਭਾਵੇਂ ਕਿ ਪੰਜਾਬ ਵਿਚ ਇਹ ਮੰਗ ਕਰਨ ਵਾਲੇ ਲੋਕ ਆਪ ਵੀ ਪੰਜਾਬੀ ਨੂੰ ਦੇਵਨਾਗਰੀ ਵਿਚ ਨਹੀਂ ਲਿਖਦੇ। ਇਕ ਦਿਲਚਸਪ ਤੱਥ; ਮੈਨੂੰ ਜੇ ਗੁਰਮੁਖੀ ਦੀ ਥਾਂ ਦੇਵਨਾਗਰੀ ਦੀ ਵਰਤੋਂ ਕਿਤੇ ਸੋਚ-ਸਮਝ ਕੇ ਬਾਕਾਇਦਾ ਕੀਤੀ ਮਿਲੀ ਹੈ, ਉਹ ਗੁਰਦੁਆਰਿਆਂ ਵਿਚ ਰੱਖੇ ਜਾਂਦੇ ਗੁਟਕਿਆਂ ਵਿਚ ਹੈ। ਸ਼ਰਧਾਲੂਆਂ ਨੂੰ ਬਾਣੀ ਤੱਕ ਪਹੁੰਚਣ ਵਾਸਤੇ ਉਸ ਦੀ ਲਿਪੀ ਸਿੱਖਣ ਲਈ ਪ੍ਰੇਰਨ ਦੀ ਥਾਂ ਬਾਣੀ ਦੀ ਹੀ ਲਿਪੀ 'ਅਵਰ ਤੁਮਾਰੀ' ਕਰ ਦਿੱਤੀ ਗਈ ਹੈ। ਇਕੋ ਮਿਸਾਲ ਕਾਫ਼ੀ ਹੈ। ਦੇਵਨਾਗਰੀ ਵਿਚ ਲਿਖ ਕੇ ਕਿਸੇ ਨੂੰ ਘਰ, ਝੂਲਾ, ਢੋਲ, ਧਰਤੀ ਅਤੇ ਭੋਲਾਭਾਲਾ ਪੜ੍ਹਨ ਵਾਸਤੇ ਕਹੋ ਅਤੇ ਦੇਖੋ ਕਿ ਉਹ ਇਹਨਾਂ ਦੇ ਸਹੀ ਪੰਜਾਬੀ ਉਚਾਰਨ ਦੀ ਥਾਂ ਕੀ ਉਚਰਦਾ ਹੈ!

ਅੰਗਰੇਜ਼ੀ ਦੀ ਲਿਪੀ ਰੋਮਨ ਦੀ ਗੱਲ ਤਾਂ ਰਹਿਣ ਹੀ ਦੇਈਏ ਤਾਂ ਚੰਗਾ! ਈਮੇਲ ਕਰਦਿਆਂ ਲੋਕ ਪੰਜਾਬੀ ਲਈ ਆਮ ਕਰਕੇ ਰੋਮਨ ਲਿਪੀ ਵਰਤਦੇ ਹਨ ਜਿਸ ਵਿਚ ਲਿਖੀ ਪੰਜਾਬੀ ਨੂੰ ਉਠਾਲਣਾ ਖਾਸੀ ਮੁਸ਼ੱਕਤ ਲੋੜਦਾ ਹੈ। ਅਜਿਹਾ ਇਸ ਤੱਥ ਦੇ ਬਾਵਜੂਦ ਹੋ ਰਿਹਾ ਹੈ ਕਿ ਕੰਪਿਊਟਰ ਵਿਚ ਗੁਰਮੁਖੀ-ਪੰਜਾਬੀ ਵਿਚ ਈਮੇਲ ਕਰਨ ਦੀ ਬਹੁਤ ਹੀ ਸੌਖੀ-ਸਰਲ ਸਹੂਲਤ ਪ੍ਰਾਪਤ ਹੈ। ਇਹਨੂੰ ਪੰਜਾਬੀ ਨਾਲ ਦਿਲੀ ਸਾਂਝ ਦੀ ਘਾਟ ਹੀ ਸਮਝੋ ਕਿ, ਮਿਸਾਲ ਵਜੋਂ, ਜਿਨ੍ਹਾਂ ਲੇਖਕਾਂ, ਪ੍ਰੋਫ਼ੈਸਰਾਂ, ਪਾਠਕਾਂ ਨੂੰ ਮੈਂ ਗੁਰਮੁਖੀ-ਪੰਜਾਬੀ ਲਿਖਣ ਦਾ ਇਹ ਤਰੀਕਾ ਦੱਸਿਆ ਹੈ, ਉਹਨਾਂ ਵਿਚੋਂ ਬਹੁਤ ਘੱਟ ਨੇ ਉਹ ਅਪਣਾਇਆ ਹੈ। ਇਉਂ ਪੰਜਾਬੀ ਦੀ ਇਕ ਲਿਪੀ ਵਜੋਂ ਕੰਪਿਊਟਰ ਰਾਹੀਂ ਸਹਿਜੇ-ਸਹਿਜੇ ਰੋਮਨ ਦਾ ਪ੍ਰਵੇਸ਼ ਹੋ ਰਿਹਾ ਹੈ। ਮੋਤੀ ਤੇ ਮੋਟੀ ਨੂੰ ਰੋਮਨ ਵਿਚ ਕੀ ਫ਼ਰਕ ਕਰ ਕੇ ਲਿਖੋਗੇ? ਦੋਵੇਂ Moti ਹਨ। Das ਦਸ ਹੈ ਕਿ ਦਾਸ? Dal ਦਾਲ ਹੈ ਕਿ ਦਲ ਹੈ ਕਿ ਡਾਲ ਹੈ? Gard ਨੂੰ ਗਾਰਦ, ਗਰਦ, ਗਾਰਡ, ਗਰੜ ਵਿਚੋਂ ਕੀ ਪੜ੍ਹੋਗੇ?

ਪੰਜਾਬੀ ਵਾਸਤੇ ਇਸ ਦੀ ਵਿਗਿਆਨਕ ਲਿਪੀ ਗੁਰਮੁਖੀ ਦੀ ਥਾਂ ਕੋਈ ਹੋਰ ਲਿਪੀ ਲਿਆਉਣ ਵਾਲਿਆਂ ਦੀ ਨਿਰੋਲ ਰਾਜਨੀਤਕ ਤੇ ਧਾਰਮਿਕ-ਫ਼ਿਰਕੂ ਮੰਗ ਵਿਰੁੱਧ ਲੰਮੇ ਸੰਘਰਸ਼ ਦੇ ਸਿੱਟੇ ਵਜੋਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਕਾਨੂੰਨੀ ਮੇਲ ਹੋਇਆ ਹੈ। ਭਾਸ਼ਾ-ਵਿਗਿਆਨ ਦੇ ਵਿਰੁੱਧ ਗੱਲਾਂ ਲਿਖ-ਬੋਲ ਕੇ ਸੁੱਤੀਆਂ ਕਲਾਂ ਨਹੀਂ ਜਗਾਉਣੀਆਂ ਚਾਹੀਦੀਆਂ ਅਤੇ

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਦਾ ਨੁਕਸਾਨ ਨਹੀਂ ਕਰਨਾ ਚਾਹੀਦਾ!

ਚੌਥਾ, ਹਰ ਭਾਸ਼ਾ ਦਾ ਨਿੱਤ-ਵਰਤੋਂ ਸਦਕਾ ਵਿਕਸਿਤ ਹੋਇਆ ਵਿਆਕਰਨ ਮੂੰਹੋਂ-ਮੂੰਹ ਪੀੜ੍ਹੀ-ਦਰ-ਪੀੜ੍ਹੀ ਅੱਗੇ ਪੁਜਦਾ ਰਹਿੰਦਾ ਹੈ। ਸਕੂਲੀ ਉਮਰ ਤੋਂ ਪਹਿਲਾਂ ਹੀ ਬੱਚਾ ਵਚਨ ਅਤੇ ਲਿੰਗ ਸਮੇਤ ਬਹੁਤ ਸਾਰਾ ਵਿਆਕਰਨ ਸਿੱਖ ਚੁੱਕਿਆ ਹੁੰਦਾ ਹੈ। ਉਹ "ਮੈਂ ਰੋਟੀ ਖਾਣੀ ਹੈ" ਕਹਿੰਦਾ ਹੈ, "ਮੈਂ ਰੋਟੀ ਖਾਣਾ ਹੈ" ਨਹੀਂ ਅਤੇ "ਮੈਂ ਪਾਣੀ ਪੀਣਾ ਹੈ" ਬੋਲਦਾ ਹੈ, "ਮੈਂ ਪਾਣੀ ਪੀਣੀ ਹੈ" ਨਹੀਂ। ਉਹ "ਇਕ ਰੋਟੀ ਲੈਣੀ ਹੈ" ਆਖਦਾ ਹੈ, "ਇਕ ਰੋਟੀ ਲੈਣੀਆਂ ਹਨ" ਨਹੀਂ ਅਤੇ "ਦੋ ਰੋਟੀਆਂ ਲੈਣੀਆਂ ਹਨ" ਕਹਿੰਦਾ ਹੈ, "ਦੋ ਰੋਟੀ ਲੈਣੀ ਹੈ" ਨਹੀਂ। ਪਰ ਵੱਡੀਆਂ ਡਿਗਰੀਆਂ ਵਾਲੇ ਉਹਨਾਂ ਅਨੇਕ 'ਵਿਦਵਾਨਾਂ' ਦਾ ਕੀ ਕਰੀਏ ਜਿਹੜੇ ਇਹਨਾਂ ਤੋਤਲੇ ਬੱਚਿਆਂ ਦੇ ਬਰਾਬਰ ਵਿਆਕਰਨ ਵੀ ਨਹੀਂ ਜਾਣਦੇ?

ਅਜਿਹੇ ਲੋਕਾਂ ਦੇ ਮੂੰਹੋਂ ਤੁਸੀਂ ਅਕਸਰ ਹੀ 'ਮੱਕੀ ਦੀ ਰੋਟੀਆਂ' ਤੇ 'ਕੱਚ ਦੀ ਚੂੜੀਆਂ' ਵਰਗੇ ਮਨੋਹਰ ਵਚਨ ਸੁਣੇ ਹੋਣਗੇ। ਕੁਛ ਸਮਾਂ ਪਹਿਲਾਂ ਦੂਰਦਰਸ਼ਨ ਤੋਂ ਆਜ਼ਾਦੀ ਦਿਵਸ ਦੇ ਪ੍ਰੋਗਰਾਮ ਦੀ ਪੇਸ਼ਕਾਰ ਬੀਬੀ ਪੰਜਾਬੀ ਨੂੰ ਬਿਲਕੁਲ ਬਣਾਉਟੀ ਲਹਿਜੇ ਵਿਚ ਤਾਂ ਬੋਲ ਹੀ ਰਹੀ ਸੀ, 'ਸ਼ਹੀਦਾਂ ਦੀ ਕੁਰਬਾਨੀਆਂ' ਜਿਹੇ ਭਾਸ਼ਾਈ ਮੋਤੀ ਵੀ ਬਖੇਰ ਰਹੀ ਸੀ! ਹੁਣ ਪੰਜਾਬੀ 'ਮਿਲਿਆ' ਦੀ ਥਾਂ ਅਕਸਰ 'ਪਾਇਆ ਗਿਆ' ਲਿਖਿਆ ਮਿਲਦਾ ਹੈ ਜਿਸ ਦੇ ਬੜੇ ਹਾਸੋਹੀਣੇ ਸਿੱਟੇ ਨਿਕਲਦੇ ਹਨ। ਅਖ਼ਬਾਰ ਮਰੀਜ਼ ਦੇ ਪੇਟ ਵਿਚ ਕੈਂਸਰ ਮਿਲਿਆ ਜਾਂ ਨਿੱਕਲਿਆ ਦੀ ਥਾਂ ਲਿਖਦੇ ਹਨ, ਮਰੀਜ਼ ਦੇ ਪੇਟ ਵਿਚ ਕੈਂਸਰ ਪਾਇਆ ਗਿਆ। ਅਰਥਾਤ, ਉਸ ਬਦਕਿਸਮਤ ਦੇ ਪਹਿਲਾਂ ਦੇ ਚੰਗੇ-ਭਲੇ ਪੇਟ ਵਿਚ ਹੁਣ ਕੈਂਸਰ ਪਾ ਦਿੱਤਾ ਗਿਆ ਹੈ!

ਆਪਣਿਆਂ ਹੱਥੋਂ ਪੰਜਾਬੀ ਦੀ ਦੁਰਗਤ

ਪੰਜਾਬੀ ਲਈ ਇਕ ਮਾੜੀ ਗੱਲ ਇਹ ਹੈ ਕਿ ਖ਼ੁਦ ਅਸੀਂ ਪੰਜਾਬੀ ਵਾਲੇ ਆਪਣੀ ਭਾਸ਼ਾਈ ਬੇਸਮਝੀ ਕਾਰਨ ਹੋਰ ਭਾਸ਼ਾਵਾਂ ਦੇ ਦਖ਼ਲ ਰਾਹੀਂ ਇਸ ਨੂੰ ਵਿਗਾੜ ਰਹੇ ਹਾਂ। ਮਿਸਾਲ ਵਜੋਂ ਸ਼ ਦਾ ਹਮਲਾ ਹੀ ਰੁਕਣ ਵਿਚ ਨਹੀਂ ਆਉਂਦਾ। ਦੇਸ, ਨਿਰਾਸ, ਸਲਵਾਰ, ਜਿਹੇ ਦਰਜਨਾਂ ਸ਼ਬਦ ਸਾਡੇ ਮਹਾਂਰਥੀਆਂ ਨੇ ਦੇਸ਼, ਨਿਰਾਸ਼, ਸ਼ਲਵਾਰ, ਆਦਿ ਬਣਾ ਦਿੱਤੇ ਹਨ। ਅਜਿਹੇ ਸ਼ਬਦਾਂ ਦੀ ਗਿਣਤੀ ਵਧਦੀ ਹੀ ਜਾਂਦੀ ਹੈ। ਦੇਸ ਨੂੰ ਦੇਸ਼ ਬਣਾ ਦਿੱਤੇ ਜਾਣ ਕਰਕੇ ਹੁਣ ਘਿਓ ਦੇਸ਼ੀ ਹੋਵੇਗਾ ਅਤੇ ਕੁੜੀਆਂ ਪਰਦੇਸ਼ੀ ਢੋਲੇ ਦੇ ਗੀਤ ਗਾਇਆ ਕਰਨਗੀਆਂ। ਪਰਦੇਸ ਵਿਦੇਸ਼ ਹੋ ਗਿਆ ਹੈ, ਮੁਟਿਆਰ ਯੁਵਤੀ ਹੋ ਗਈ ਹੈ ਅਤੇ ਗੱਭਰੂ ਯੁਵਕ ਹੋ ਗਿਆ ਹੈ।

ਪੰਜਾਬੀ ਰਿਸ਼ਤਿਆਂ ਅਤੇ ਸਭਿਆਚਾਰ ਦਾ ਸਭ ਤੋਂ ਬਹੁਤਾ ਨੁਕਸਾਨ ਅੰਕਲ-ਆਂਟੀ ਨੇ ਕੀਤਾ ਹੈ। ਜਿਥੇ, ਮਿਸਾਲ ਵਜੋਂ, ਮਾਮਾ-ਮਾਸੀ ਮਾਂ ਦੇ ਅਤੇ ਚਾਚੇ-ਤਾਏ ਤੇ ਭੂਆ ਪਿਓ ਦੇ ਵੀਰ-ਭੈਣ ਹੋਣ ਸਦਕਾ ਬੋਲਣ ਸਮੇਂ ਮਨ ਵਿਚ ਆਦਰ ਤੇ ਮੋਹ ਦੀ ਵਿਸ਼ੇਸ਼ ਭਾਵਨਾ ਜਗਾਉਂਦੇ ਸਨ, ਹੁਣ ਮਾਮੇ, ਚਾਚੇ, ਤਾਏ, ਫੁੱਫੜ, ਮਾਸੜ, ਆਦਿ ਤੋਂ ਲੈ ਕੇ ਸਬਜ਼ੀ ਵਾਲਾ ਅੰਕਲ, ਦੁੱਧ ਵਾਲਾ ਅੰਕਲ ਸਭ ਅੰਕਲ ਹੀ ਹਨ। ਚਾਚੀ, ਤਾਈ, ਮਾਸੀ, ਭੂਆ, ਆਦਿ ਤੋਂ ਲੈ ਕੇ ਗਲ਼ੀ ਦੀ ਕੱਪੜੇ ਪ੍ਰੈੱਸ ਕਰਨ ਵਾਲੀ ਤੱਕ ਸਭ ਆਂਟੀਆਂ ਹਨ। ਅੰਕਲ-ਆਂਟੀਆਂ ਵਿਚ ਅਜਿਹੇ ਗੁਆਂਢੀ ਵੀ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਘਰੇ ਬੱਚਿਆਂ ਸਾਹਮਣੇ ਅਕਸਰ ਗਾਲ਼ਾਂ ਦਿੱਤੀਆਂ ਜਾਂਦੀਆਂ ਰਹਿੰਦੀਆਂ ਹਨ। ਇਉਂ ਇਹਨਾਂ ਸ਼ਬਦਾਂ ਨਾਲ ਜੁੜਿਆ ਸਤਿਕਾਰ ਹੀ ਮਰ ਗਿਆ ਹੈ।

ਇਹ ਗੱਲ ਵੀ ਧਿਆਨਜੋਗ ਹੈ ਕਿ ਸਾਡੇ ਕਿਸੇ ਵਿਸ਼ਵਵਿਦਿਆਲੇ, ਵਿਭਾਗ ਜਾਂ ਬੋਰਡ ਨੇ, ਇਕ ਸਕੂਲੀ ਤੇ ਇਕ ਕਾਲਜੀ ਵਿਆਕਰਨ ਤੋਂ ਇਲਾਵਾ, ਪੰਜਾਬੀ ਦੀ ਗਹਿਰ-ਗੰਭੀਰ ਜਾਣਕਾਰੀ ਲਈ ਵਰਤੀ ਜਾ ਸਕਣ ਵਾਲੀ ਕੋਈ ਵਿਆਕਰਨ ਪੁਸਤਕ ਤਿਆਰ ਨਹੀਂ ਕੀਤੀ। ਕੀ ਸਾਨੂੰ ਇਸ ਗੱਲ ਤੋਂ ਚਿੰਤਾਤੁਰ ਨਹੀਂ ਹੋਣਾ ਚਾਹੀਦਾ ਕਿ ਪੰਜਾਬੀ ਨਾਲ ਸੰਬੰਧਿਤ ਕਰੋੜਾਂ-ਅਰਬਾਂ ਦੇ ਬਜਟ ਵਾਲੀਆਂ ਸੰਸਥਾਵਾਂ ਵਿਚੋਂ ਕਿਸੇ ਨੇ ਵੀ ਅਜੇ ਤੱਕ ਪੰਜਾਬੀ ਸ਼ਬਦ-ਸਮੂਹ ਨੂੰ ਇਕ ਥਾਂ ਇਕੱਤਰ ਨਹੀਂ ਕੀਤਾ ਅਤੇ ਨਾ ਹੀ ਸ਼ਬਦਜੋੜਾਂ ਵਿਚ ਇਕਰੂਪਤਾ ਲਿਆਂਦੀ ਹੈ?

ਸ਼ਬਦ-ਸੰਗ੍ਰਹਿ ਅਤੇ ਸ਼ਬਦਜੋੜਾਂ ਦੇ ਮਿਆਰੀਕਰਨ ਵਾਸਤੇ ਪੰਜਾਬੀ ਯੂਨੀਵਰਸਿਟੀ ਨੇ ਡਾ. ਹਰਕੀਰਤ ਸਿੰਘ ਦੀ ਅਗਵਾਈ ਵਿਚ ਵਡਿਆਈਜੋਗ ਕੰਮ ਕੀਤਾ ਸੀ ਜੋ ਬਦਕਿਸਮਤੀ ਨੂੰ ਉਸੇ ਯੂਨੀਵਰਸਿਟੀ ਨੇ ਰੱਦ ਕਰ ਦਿੱਤਾ। ਚਾਹੀਦਾ ਇਹ ਸੀ ਕਿ ਵਿਸ਼ਵਕੋਸ਼ਾਂ ਵਿਚ ਨਿਰੰਤਰ ਸੋਧਾਂ ਅਤੇ ਵਾਧਿਆਂ ਦੀ ਦੁਨੀਆ ਭਰ ਵਾਲੀ ਰੀਤ ਅਪਣਾਈ ਜਾਂਦੀ ਅਤੇ ਉਸ ਕੋਸ਼ ਨੂੰ, ਜੇ ਤਰੁਟੀਆਂ ਸਨ, ਉਹ ਕੱਢ ਕੇ ਸੰਪੂਰਨ ਬਣਾਇਆ ਜਾਂਦਾ ਰਹਿੰਦਾ। ਉਲਟਾ ਹੋਇਆ ਇਹ ਕਿ ਹਰਕੀਰਤ ਸਿੰਘ ਦੇ ਸ਼ਬਦਜੋੜਾਂ ਦੇ ਵਿਰੋਧ ਤੇ ਖੰਡਨ ਲਈ ਯੂਨੀਵਰਸਿਟੀ ਨੇ ਨੇਮਾਂ ਦਾ ਇਕ ਅਜਿਹਾ ਕਿਤਾਬਚਾ ਜਾਰੀ ਕੀਤਾ ਜੀਹਨੇ ਕਈ-ਕਈ ਜੋੜਾਂ ਵਾਲੇ ਸ਼ਬਦਾਂ ਵਾਸਤੇ ਕੋਈ ਇਕ ਜੋੜ ਮਿਥਣ ਦੀ ਥਾਂ ਉਹ ਸ਼ਬਦਜੋੜ ਵੀ ਉਖੇੜ ਦਿੱਤੇ ਜਿਨ੍ਹਾਂ ਬਾਰੇ ਉੱਕਾ ਕੋਈ ਵਿਵਾਦ ਜਾਂ ਦੁਹਰ ਹੈ ਹੀ ਨਹੀਂ।

Sri Satguru Jagjit Singh Ji eLibrary NamdhariElibrary@gmail.com

ਮਿਸਾਲ ਵਜੋਂ ਇਕ ਵੱਡਾ ਉਪੱਦਰ ਹ ਦੀ ਪੂਰੀ ਧੁਨੀ ਤੇ ਮੱਧਮ ਧੁਨੀ ਦੀ ਹੋਂਦ ਨੂੰ ਅੱਖੋਂ ਓਹਲੇ ਕਰ ਕੇ ਕੀਤਾ ਗਿਆ। ਮੱਧਮ ਹ ਵਾਲ਼ੇ ਸ਼ਬਦਾਂ ਦੇ ਅਜਿਹੇ ਜੋੜ ਬਣਾ ਦਿੱਤੇ ਗਏ ਜੋ ਉਹਨਾਂ ਦਾ ਸਹੀ ਉਚਾਰਨ ਪੇਸ਼ ਹੀ ਨਹੀਂ ਕਰਦੇ। ਮਿਸਾਲ ਵਜੋਂ ਨਹਿ+ਰ ਉਚਾਰਨ ਵਾਲ਼ੀ ਨਹਿਰ ਨੂੰ ਨੈਹਰ ਬਣਾ ਦਿੱਤਾ ਗਿਆ ਜਿਸ ਦਾ ਉਚਾਰਨ ਨੈ+ਹਰ ਬਣਦਾ ਹੈ। ਇਸੇ ਤਰ੍ਹਾਂ ਸ਼ਹਿ+ਰ=ਸ਼ਹਿਰ ਨੂੰ ਸ਼ੈਹਰ=ਸ਼ੈ+ਹਰ ਬਣਾ ਦਿੱਤਾ ਗਿਆ। ਕਹਿੰ+ਦਾ ਦੇ ਉਚਾਰਨ ਵਾਲ਼ੇ ਕਹਿੰਦਾ ਨੂੰ ਕੈਹੰਦਾ ਬਣਾ ਕੇ ਉਚਾਰਨ ਕੈ+ਹੰਦਾ ਕਰ ਦਿੱਤਾ ਗਿਆ ਅਤੇ ਸਹਿੰ+ਦਾ=ਸਹਿੰਦਾ ਨੂੰ ਸੈਹੰਦਾ ਭਾਵ ਸੈ+ਹੰਦਾ ਬਣਾ ਦਿੱਤਾ ਗਿਆ। ਅਣਗਿਣਤ ਨਿਰਵਿਵਾਦ ਸ਼ਬਦਜੋੜ ਇਉਂ ਉਖਾੜ ਦਿੱਤੇ ਗਏ। ਸਾਡੀਆਂ ਉੱਚੀ ਵਿੱਦਿਆ ਦੀਆਂ ਸੰਸਥਾਵਾਂ ਦਾ ਇਹ ਇਕ ਵੱਡਾ ਦੁਖਾਂਤ ਹੈ ਕਿ ਇਕ ਬੰਦੇ ਦਾ ਕੰਮ ਦੂਜੇ ਬੰਦੇ ਨੂੰ ਅਤੇ ਇਕ ਸੰਸਥਾ ਦਾ ਕੰਮ ਦੂਜੀ ਸੰਸਥਾ ਨੂੰ ਪਸੰਦ ਨਹੀਂ ਆਉਂਦਾ।

ਕੁਛ ਸਮਾਂ ਪਹਿਲਾਂ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਅਤੇ ਹੋਰ ਦੇਸੀ ਭਾਸ਼ਾਵਾਂ ਦਾ ਰੁਤਬਾ ਘਟਾਏ ਜਾਣ ਵਿਰੁੱਧ ਰੋਸ-ਲਹਿਰ ਚੱਲੀ ਸੀ। ਫੇਰ ਸਿਵਲ ਸਰਵਿਸ ਵਿਚ ਦੇਸੀ ਭਾਸ਼ਾਵਾਂ ਦਾ ਦਰਜਾ ਘਟਾਏ ਜਾਣ ਵਿਰੁੱਧ ਜ਼ੋਰਦਾਰ ਲੜਾਈ ਚੱਲੀ। ਇਹ ਕੋਈ ਇਕੱਲੀਆਂ-ਇਕਹਿਰੀਆਂ ਘਟਨਾਵਾਂ ਨਹੀਂ। ਸਮੇਂ-ਸਮੇਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵੀ ਪੰਜਾਬੀ ਦੀ ਹੋਂਦ ਨਾਲੋਂ ਪੱਚਰਾਂ ਲਾਹੇ ਜਾਣ ਦੀਆਂ ਅਤੇ ਸਰਕਾਰਾਂ ਦੇ ਪੰਜਾਬੀ-ਵਿਰੋਧੀ ਕਦਮਾਂ ਦੀਆਂ ਅਫ਼ਸੋਸਨਾਕ ਖ਼ਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਇਕ ਵਾਰ ਪੰਜਾਬੀ ਨਾਲ ਦਸਵੀਂ ਪਾਸ ਕਰਨ ਵਾਲਿਆਂ ਨੂੰ ਹੋਰ ਦਸਵੀਂ ਪਾਸਾਂ ਵਾਂਗ ਚੰਡੀਗੜ੍ਹ ਪ੍ਰਸ਼ਾਸਨ ਦਾ ਕੰਡਕਟਰ ਲਾਉਣ ਤੋਂ ਇਨਕਾਰ ਭਖਵਾਂ ਮੁੱਦਾ ਬਣਿਆ ਰਿਹਾ ਸੀ। ਅਜੀਬ ਗੱਲ ਦੇਖੋ, ਪੰਜਾਬ ਦੀ ਰਾਜਧਾਨੀ ਵਿਚ ਪੰਜਾਬੀ ਨੂੰ ਕੋਈ ਮਾਨਤਾ ਹੀ ਨਹੀਂ! ਹੁਣ ਵਿੱਦਿਅਕ ਨੀਤੀਆਂ ਤਿਆਰ ਕਰਨ ਵਿਚ ਸਰਕਾਰ ਦੇ ਨਾਲ-ਨਾਲ ਕਾਰਪੋਰੇਟ ਜਗਤ ਦਾ ਵੀ ਹੱਥ ਹੋ ਗਿਆ ਹੈ ਜਿਸ ਨੂੰ ਭਾਸ਼ਾ ਤੇ ਸਭਿਆਚਾਰ ਦੇ ਆਧਾਰ ਉੱਤੇ ਬਣਦੇ ਚੰਗੇ ਮਨੁੱਖਾਂ ਦੀ ਲੋੜ ਨਹੀਂ, ਵਿਗਿਆਨਕ-ਤਕਨਾਲੋਜੀਕਲ ਵਿਸ਼ੇ ਲੈ ਕੇ ਬਣੀਆਂ ਮਨੁੱਖੀ ਮਸ਼ੀਨਾਂ ਦੀ ਲੋੜ ਹੈ।

ਸਰਕਾਰਾਂ ਲਈ ਸਿੱਖਿਆ ਵਿਭਾਗ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਹੋਰ ਵਿਭਾਗਾਂ ਵਾਂਗ ਹੋਰ ਵੀ ਕਈ ਕੰਮ ਆਉਂਦਾ ਹੈ। ਇਕ ਵਾਰ ਪੰਜਾਬ ਦੀ ਅਕਾਲੀ ਸਰਕਾਰ ਨੇ ਪ੍ਰਾਇਮਰੀ ਦੇ ਵਿਦਿਆਰਥੀਆਂ ਲਈ ਲੱਖਾਂ ਰੁਪਏ ਦੀਆਂ ਲਚਰ ਤੇ ਲੁੱਚੀਆਂ ਪੰਜਾਬੀ ਪੁਸਤਕਾਂ ਹੀ ਬਾਲ-ਪੁਸਤਕਾਂ ਦੇ ਨਾਂ ਹੇਠ ਭੇਜ ਦਿੱਤੀਆਂ। ਆਮ ਨਾਲੋਂ ਕਈ ਗੁਣਾ ਵੱਧ ਮੁੱਲ ਰੱਖ ਕੇ ਇਸ ਮੰਤਵ ਲਈ ਉਚੇਚੀਆਂ ਛਪਵਾਈਆਂ ਗਈਆਂ ਇਹ ਪੁਸਤਕਾਂ ਕਿਸੇ ਪ੍ਰਕਾਸ਼ਕ ਰਾਹੀਂ ਨਹੀਂ ਸਗੋਂ ਸੀਮਿੰਟ ਦੀਆਂ ਨਾਲ਼ੀਆਂ ਬਣਾਉਣ ਵਾਲੀ ਇਕ ਫ਼ੈਕਟਰੀ ਦੇ ਮਾਲਕ ਤੋਂ ਨਵੀਂ ਫ਼ਰਮ ਖੁਲ੍ਹਵਾ ਕੇ ਖ਼ਰੀਦੀਆਂ ਗਈਆਂ। ਮੈਂ ਅਜਿਹੀ ਇਕ ਪੁਸਤਕ ਦਰਸ਼ਨ ਦੀ ਰੀਝ ਪੂਰੀ ਕਰਨ ਲਈ ਮੰਗਵਾਈ ਤਾਂ ਉਹ 230 ਰੁਪਏ ਮੁੱਲ ਰੱਖ ਕੇ ਅੰਮ੍ਰਿਤਸਰ ਦੀ ਗੁਟਕੇ-ਪੋਥੀਆਂ ਛਾਪਣ ਵਾਲੀ ਇਕ ਫ਼ਰਮ ਦੀ ਪ੍ਰਕਾਸ਼ਿਤ ਕੀਤੀ ਹੋਈ ਸੀ। ਇਹ ਸਭ ਕਿਉਂ ਹੋਇਆ, ਤੁਸੀਂ ਆਪ ਸੋਚ-ਸਮਝ ਸਕਦੇ ਹੋ। ਪੰਜਾਬੀ ਦੀ ਪੜ੍ਹਾਈ ਬਾਰੇ ਪੰਜਾਬ ਸਰਕਾਰ ਦੀ ਸਮਝ ਅਤੇ ਗੰਭੀਰਤਾ ਦਾ ਅੰਦਾਜ਼ਾ ਇਸ ਇਕੋ ਮਿਸਾਲ ਤੋਂ ਭਲੀਭਾਂਤ ਲਾਇਆ ਜਾ ਸਕਦਾ ਹੈ।

ਨੀਤੀਆਂ ਤਾਂ ਨੀਤੀਆਂ, ਪੰਜਾਬੀ ਦੀ ਦੁਰਦਸ਼ਾ ਤਾਂ ਅੱਜ ਬਹੁਗਿਣਤੀ ਲੇਖਕਾਂ, ਪ੍ਰੋਫ਼ੈਸਰਾਂ ਤੇ ਕਥਿਤ ਵਿਦਵਾਨਾਂ ਦੀ ਲਿਖੀ ਪੰਜਾਬੀ ਪੜ੍ਹ ਕੇ ਦੇਖੀ ਜਾ ਸਕਦੀ ਹੈ। ਜਿਨ੍ਹਾਂ ਨੇ ਖ਼ੂਬਸੂਰਤ ਪੰਜਾਬੀ ਲਿਖੀ ਹੈ ਜਾਂ ਅੱਜ ਲਿਖ ਰਹੇ ਹਨ, ਉਹਨਾਂ ਵਿਚੋਂ ਧੀਰ ਵਰਗੇ ਕਈ ਤਾਂ ਕਾਲਜ ਵਿਚ ਪੜ੍ਹੇ ਹੀ ਨਹੀਂ ਸਨ, ਕਾਲਜ ਪਹੁੰਚੇ ਗਾਰਗੀ ਵਰਗੇ ਕਈਆਂ ਨੇ ਪੰਜਾਬੀ ਵਿਸ਼ਾ ਨਹੀਂ ਸੀ ਲਿਆ ਹੋਇਆ ਅਤੇ ਜਿਹੜੇ ਪੰਜਾਬੀ ਪੜ੍ਹੇ ਸਨ, ਉਹ ਤੇਜਾ ਸਿੰਘ ਵਰਗੇ ਪੰਜਾਬੀ ਦੇ ਜਾਣਕਾਰਾਂ ਦੀ ਪੀੜ੍ਹੀ ਤੋਂ ਪੜ੍ਹੇ ਸਨ। ਫ਼ਰਕ ਇਹ ਸੀ ਕਿ ਇਹਨਾਂ ਸਭਨਾਂ ਨੂੰ ਪੰਜਾਬੀ ਦੇ ਹੁਸਨ ਦਾ, ਪੰਜਾਬੀ ਦੇ ਜਲੌਅ ਦਾ ਪਤਾ ਸੀ। ਮੋਹਨ ਸਿੰਘ ਵਰਗਿਆਂ ਦੀ ਹੋਰ ਭਾਸ਼ਾਵਾਂ ਦੀ ਜਾਣਕਾਰੀ ਉਹਨਾਂ ਲਈ ਪੰਜਾਬੀ ਦੇ ਹੁਸਨ ਅਤੇ ਜਲੌਅ ਵਿਚ ਵਾਧਾ ਕਰਨ ਦਾ ਸਾਧਨ ਬਣਦੀ ਸੀ। ਜਿਸ ਭਾਸ਼ਨ ਜਾਂ ਲਿਖਤ ਵਿਚੋਂ ਸਰੋਤੇ ਜਾਂ ਪਾਠਕ ਨੂੰ ਪੰਜਾਬੀ ਦੀ ਸਮਰੱਥਾ, ਸੂਖ਼ਮਤਾ ਅਤੇ ਸੁਹਜ ਦੇ ਦਰਸ਼ਨ-ਦੀਦਾਰ ਨਹੀਂ ਹੁੰਦੇ, ਉਹ ਉਸ ਦੇ ਕਿਸ ਕੰਮ!

ਹੁਣ ਹਾਲਤ ਉਲਟੀ ਹੈ। ਜਿਉਂ ਜਿਉਂ ਵਿਦਿਆਰਥੀ ਪੰਜਾਬੀ ਦੀਆਂ ਜਮਾਤਾਂ ਵਿਚ ਉੱਚਾ ਚੜ੍ਹਦਾ ਜਾਂਦਾ ਹੈ, ਉਹਦੀ ਪੰਜਾਬੀ ਦਾ ਭੱਠਾ ਬੈਠਦਾ ਜਾਂਦਾ ਹੈ। ਡਾਕਟਰੇਟ ਕਰਨ ਮਗਰੋਂ ਉਹ ਓਪਰੀਆਂ ਭਾਸ਼ਾਵਾਂ ਦਾ ਖੋਟ ਰਲਾਏ ਬਿਨਾਂ ਆਮ ਗੱਲਬਾਤ ਵੀ ਪੰਜਾਬੀ ਵਿਚ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ। ਪੰਜਾਬੀ ਦੀ ਇਹਦੇ ਵਿਕਾਸ ਵਾਸਤੇ ਜ਼ਿੰਮੇਵਾਰ ਲੋਕਾਂ ਹੱਥੋਂ ਹੁੰਦੀ ਦੁਰਗਤ ਦੇਖਣ ਲਈ ਕਿਸੇ ਡੂੰਘੀ ਖੋਜਭਾਲ ਦੀ ਲੋੜ ਨਹੀਂ, ਤੁਸੀਂ ਜ਼ਰਾ ਬਹੁਗਿਣਤੀ ਪੰਜਾਬੀ ਪੁਸਤਕਾਂ, ਅਖ਼ਬਾਰਾਂ, ਗੋਸ਼ਟੀਆਂ, ਟੀਵੀ ਚੈਨਲਾਂ, ਮੰਚ-ਗਾਇਕੀ, ਫ਼ਿਲਮਾਂ, ਆਦਿ ਦਾ ਭਾਸ਼ਾਈ ਮਿਆਰ ਦੇਖ ਲਵੋ। ਇਹਨਾਂ ਸਭ ਖੇਤਰਾਂ ਵਿਚ ਖ਼ੂਬਸੂਰਤ ਭਾਸ਼ਾ

Sri Satguru Jagjit Singh Ji eLibrary NamdhariElibrary@gmail.com

ਵਾਲੀਆਂ ਰਚਨਾਵਾਂ ਤੂੜੀ ਵਿਚ ਦਾਣੇ ਬਣ ਕੇ ਰਹਿ ਜਾਂਦੀਆਂ ਹਨ। ਇਸ ਕੂੜ-ਕਬਾੜ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਕੌਮਾਂਤਰੀ ਖੇਤਰ ਵਿਚ ਬੱਲੇ-ਬੱਲੇ ਆਖ ਕੇ ਪ੍ਰਚਾਰਿਆ ਅਤੇ ਵਡਿਆਇਆ ਜਾਂਦਾ ਹੈ।

ਮੈਂ ਦੋ ਆਪਬੀਤੀਆਂ ਸੁਣਾਉਣਾ ਚਾਹਾਂਗਾ। ਐਮ. ਫ਼ਿਲ. ਕਰਨ ਦੀ ਚਾਹਵਾਨ ਇਕ ਲੜਕੀ ਨੇ ਮੇਰੇ ਨਾਲ ਗੱਲ ਕੀਤੀ ਤਾਂ ਮੈਂ ਸੁਝਾਅ ਦਿੱਤਾ, ਤੂੰ 'ਭੁੱਲਰ ਦੇ ਇਸਤਰੀ ਪਾਤਰ' ਵਿਸ਼ਾ ਲੈ। ਕੁਛ ਦਿਨਾਂ ਮਗਰੋਂ ਉਹਦਾ ਫ਼ੋਨ ਆਇਆ, "ਭਾ ਜੀ, ਗਾਈਡ ਸਰ ਨੇ ਕਿਹਾ ਹੈ, ਯੂਨੀਵਰਸਿਟੀ ਪੱਧਰ ਦੀ ਖੋਜ ਵਿਚ ਅਜਿਹੀ ਸਰਲ ਭਾਸ਼ਾ ਨਹੀਂ ਵਰਤਣੀ ਚਾਹੀਦੀ ਤੇ ਨਾਂ ਵੀ ਗੌਰਾ-ਭਾਰਾ ਹੋਣਾ ਚਾਹੀਦਾ ਹੈ। ਉਹਨਾਂ ਨੇ ਵਿਸ਼ਾ 'ਭੁੱਲਰ ਦੀਆਂ ਕਹਾਣੀਆਂ ਦਾ ਸਿਸਟਮੀ ਅਧਿਐਨ' ਕਰ ਦਿੱਤਾ ਹੈ।" ਮੈਂ ਪੁੱਛਿਆ, "ਬੀਬੀ, ਉਹ ਕੀ ਹੁੰਦਾ ਹੈ?" ਉਹ ਹੱਸੀ, "ਭਾ ਜੀ, ਇਹ ਤਾਂ ਸਰ ਵੀ ਨਹੀਂ ਸਮਝਾ ਸਕੇ। ਕਹਿੰਦੇ, ਲਿਖ ਤੂੰ ਆਪਣਾ ਪਹਿਲਾਂ ਸੋਚਿਆ ਹੀ ਪਰ ਭਾਸ਼ਾ ਦਾ ਖ਼ਿਆਲ ਰੱਖ। ਸਰਲ ਨਹੀਂ, ਜਟਿਲ ਹੋਵੇ।" ਆਖ਼ਰ ਮੇਰੀਆਂ ਕਹਾਣੀਆਂ ਦਾ ਸਿਸਟਮੀ ਅਧਿਐਨ ਹੋ ਕੇ ਰਿਹਾ!

ਇਕ ਵਾਰ ਪੰਜਾਬੀ ਸਾਹਿਤ ਸਭਾ, ਦਿੱਲੀ ਦੇ ਤ੍ਰੈਮਾਸਕ 'ਸਮਕਾਲੀ ਸਾਹਿਤ' ਵਿਚ ਕਵੀ ਦੇਵਨੀਤ ਦੀ ਕਵਿਤਾ ਬਾਰੇ ਮੇਰਾ ਲੇਖ ਛਪਿਆ। ਉਹਨੀਂ ਦਿਨੀਂ ਕਿਸੇ ਪੁਸਤਕ ਬਾਰੇ ਇਕ ਹੋਰ ਤ੍ਰੈਮਾਸਕ ਵਿਚ ਪੰਜਾਬੀ ਯੂਨੀਵਰਸਿਟੀ ਦੇ ਇਕ ਡਾਕਟਰ ਸਾਹਿਬ ਦਾ ਲੇਖ ਛਪਿਆ। ਲੇਖ ਦੇ ਅਨੇਕ ਸ਼ਬਦ ਰੋਮਨ ਵਿਚ ਅੰਗਰੇਜ਼ੀ ਦੇ ਤਾਂ ਸਨ ਹੀ, ਦੋ-ਤਿੰਨ ਵਾਰ ਪੜ੍ਹ ਕੇ ਵੀ ਮੈਂ ਪਹਿਲਾ ਪੈਰਾ ਹੀ ਸਮਝ ਨਾ ਸਕਿਆ। ਆਪਣੀ ਬੁੱਧੀ ਉੱਤੇ ਭਰੋਸਾ ਨਾ ਕਰਦਿਆਂ ਮੈਂ ਉਹ ਲੇਖ ਦੋ ਹੋਰ ਲੇਖਕਾਂ ਨੂੰ ਪੜ੍ਹਾਇਆ ਤਾਂ ਉਹਨਾਂ ਨੇ ਵੀ ਪਹਿਲੇ ਪੈਰੇ ਨਾਲ ਹੀ ਹੱਥ ਖੜ੍ਹੇ ਕਰ ਦਿੱਤੇ। ਮੈਂ ਆਪਣਾ ਲੇਖ ਪ੍ਰੋਫ਼ੈਸਰ ਸਾਹਿਬ ਨੂੰ ਕੋਰੀਅਰ ਕਰਵਾਇਆ ਅਤੇ ਪੁੱਛਿਆ, ਤੁਹਾਡੇ ਵਿਦਵਤਾ ਦੇ ਸੂਰਜ ਸਾਹਮਣੇ ਸਾਹਿਤਕ ਨਿਰਖ-ਪਰਖ ਦੇ ਅਜਿਹੇ ਦੀਵੇ ਦੀ ਵੀ ਕੋਈ ਕੀਮਤ ਹੈ ਕਿ ਮੈਂ ਇਹ ਲੇਖ ਪਾੜ ਦੇਵਾਂ? ਏਨੇ ਨੂੰ ਦੇਵਨੀਤ ਦਾ ਫੋਨ ਆਇਆ, "ਮੈਂ ਸਾਰੀ ਉਮਰ ਤਰਸਦਾ ਰਿਹਾ ਹਾਂ ਕਿ ਕੋਈ ਇਕ ਤਾਂ ਮੇਰੀ ਕਵਿਤਾ ਨੂੰ ਤਹਿਆਂ ਤੱਕ ਸਮਝੇ ਤੇ ਸਮਝਾਵੇ! ਅੱਜ ਤੁਹਾਡੇ ਲੇਖ ਰਾਹੀਂ ਰੀਝ ਪੂਰੀ ਹੋਈ ਤੋਂ ਮੈਂ ਸਹਿਜ ਹੋ ਗਿਆ ਹਾਂ।" ਪਰ ਪ੍ਰੋਫ਼ੈਸਰ ਸਾਹਿਬ ਨੇ ਲੇਖ ਪਾੜਨ ਦੇ ਹੱਕ ਵਿਚ ਫ਼ੈਸਲਾ ਦਿੰਦਿਆਂ ਫੋਨ ਰਾਹੀਂ ਦੱਸਿਆ ਕਿ ਪਾਠਕ ਦੇ ਸਮਝ ਆਉਣ ਵਾਲੇ ਅਜਿਹੇ ਲੇਖਾਂ ਦਾ ਜ਼ਮਾਨਾ ਚਿਰੋਕਾ ਬੀਤ ਗਿਆ; ਹੁਣ ਪੰਜਾਬੀ ਆਲੋਚਨਾ ਦਾ ਵਿਸ਼ਵੀਕਰਨ ਹੋ ਗਿਆ ਹੋਣ ਕਰਕੇ ਪੱਧਰ ਬਹੁਤ ਉੱਚਾ ਚੁੱਕਿਆ ਗਿਆ ਹੈ!

ਜਦੋਂ ਅਸੀਂ ਪਾਠਕਾਂ ਦੀ ਘਾਟ ਦਾ ਰੋਣਾ ਰੋਂਦੇ ਹਾਂ, ਸਾਨੂੰ ਸੋਚਣਾ ਚਾਹੀਦਾ ਹੈ ਕਿ ਅਜਿਹੇ ਮਹਾਂਪੁਰਸ਼ਾਂ ਤੋਂ ਪੜ੍ਹੇ ਹੋਏ ਵਿਦਿਆਰਥੀਆਂ ਵਿਚ ਸਾਹਿਤ ਨੂੰ ਮਾਣਨ ਦੀ ਕਿੰਨੀ ਕੁ ਸਮਰੱਥਾ ਹੋ ਸਕਦੀ ਹੈ। ਇਸੇ ਕਰਕੇ ਬਹੁਤੇ ਵਿਦਿਆਰਥੀਆਂ ਦਾ ਪੁਸਤਕਾਂ ਨਾਲੋਂ ਨਾਤਾ ਇਮਤਿਹਾਨ ਦਿੰਦਿਆਂ ਹੀ ਟੁੱਟ ਜਾਂਦਾ ਹੈ। ਹੁਣ ਅਨੇਕ ਲੇਖਕ ਅਜਿਹੇ ਹਨ ਜਿਨ੍ਹਾਂ ਦੀ ਪੰਜਾਬੀ ਪੜ੍ਹ ਕੇ ਜੀਅ ਕੱਚਾ ਹੋਣ ਲੱਗ ਜਾਂਦਾ ਹੈ। ਅਜਿਹੇ ਲੋਕਾਂ ਨੇ ਆਪਣੀ ਅਜੋਗਤਾ ਛੁਪਾਉਣ ਲਈ ਇਕ ਸਮਝੋਂ ਬਾਹਰਾ ਤੇ ਜੱਗੋਂ ਨਿਆਰਾ ਸਿਧਾਂਤ ਘੜਿਆ ਹੈ ਕਿ ਭਾਸ਼ਾ ਦਾ ਕੀ ਹੈ, ਗੱਲ ਪਾਠਕ ਤੱਕ ਪਹੁੰਚਣੀ ਚਾਹੀਦੀ ਹੈ। ਕੋਈ ਪੁੱਛੇ, ਜੇ ਭਾਸ਼ਾ ਹੀ ਪੜ੍ਹਨਜੋਗ ਨਹੀਂ ਹੋਵੇਗੀ, ਗੱਲ ਕਿਵੇਂ ਪਹੁੰਚੇਗੀ?

ਮੈਂ ਤਾਂ ਇਸ ਸੰਬੰਧ ਵਿਚ ਕਈ ਸਭਾਵਾਂ ਤੇ ਗੋਸ਼ਟੀਆਂ ਦੇ ਮੰਚਾਂ ਤੋਂ ਇਕ ਦੋ-ਮਿੰਟੀ ਪਰਖ ਦਾ ਸੁਝਾਅ ਦਿੱਤਾ ਹੈ ਜੋ ਸਾਡੇ ਵਿੱਦਿਅਕ-ਅਕਾਦਮਿਕ ਖੇਤਰ ਵਾਸਤੇ ਸੰਜੀਵਨੀ ਸਿੱਧ ਹੋ ਸਕਦਾ ਹੈ। ਯੂਨੀਵਰਸਿਟੀ ਪੱਧਰ ਤੋਂ ਸ਼ੁਰੂ ਕਰ ਕੇ ਪੰਜਾਬੀ ਦੇ ਹਰ ਅਧਿਆਪਕ ਨੂੰ ਕਿਸੇ ਬਹੁਤ ਹੀ ਸਰਲ-ਸਾਧਾਰਨ, ਜਿਵੇਂ ਹਵਾ, ਪਾਣੀ, ਸੂਰਜ, ਦਿਨ-ਰਾਤ ਜਿਹੇ ਵਿਸ਼ੇ ਬਾਰੇ ਬੋਲਣ ਲਈ ਕਿਹਾ ਜਾਵੇ। ਜੇ ਉਹ ਹੋਰ ਭਾਸ਼ਾਵਾਂ ਦੇ ਬੇਲੋੜੇ ਸ਼ਬਦ ਮਿਲਾਏ ਬਿਨਾਂ ਇਹਨਾਂ ਬਾਰੇ ਵੀ ਨਿਰਮਲ ਪੰਜਾਬੀ ਵਿਚ ਬੋਲਣ ਤੋਂ ਅਸਮਰੱਥ ਰਹੇ, ਉਹਨੂੰ ਪੰਜਾਬੀ ਸਿੱਖਣ ਲਈ ਛੇ ਮਹੀਨਿਆਂ ਦੀ ਜਬਰੀ ਬਿਨ-ਤਨਖ਼ਾਹੀ ਛੁੱਟੀ ਭੇਜ ਦਿੱਤਾ ਜਾਵੇ। ਵਾਪਸੀ ਮਗਰੋਂ ਵੀ ਜੇ ਉਹ ਇਸ ਪਰਖ ਵਿਚੋਂ ਪੂਰਾ ਨਹੀਂ ਉੱਤਰਦਾ, ਉਹਨੂੰ ਬਰਖ਼ਾਸਤ ਕਰ ਕੇ ਘਰ ਭੇਜ ਦਿੱਤਾ ਜਾਵੇ। ਇਉਂ ਸਾਡੇ ਪੰਜਾਬੀ ਅਧਿਆਪਕਾਂ ਦਾ ਵੱਡਾ ਹਿੱਸਾ, ਜੋ ਠੀਕ ਪੰਜਾਬੀ ਲਿਖ-ਬੋਲ ਨਹੀਂ ਸਕਦਾ, ਠੀਕ ਪੰਜਾਬੀ ਸਿੱਖ ਸਕੇਗਾ ਅਤੇ ਅੱਗੇ ਵਿਦਿਆਰਥੀਆਂ ਨੂੰ ਪੜ੍ਹਾ ਸਕੇਗਾ।

ਪੰਜਾਬੀ ਦੀ ਅਮਰਤਾ ਦੀਆਂ ਦਲੀਲਾਂ

ਪੰਜਾਬੀ ਦੇ ਰਾਹ ਦੀਆਂ ਰੁਕਾਵਟਾਂ ਦੀ ਦਰਦ-ਕਹਾਣੀ ਜਿੰਨੀ ਮਰਜ਼ੀ ਲੰਮੀ ਕਰ ਲਵੋ। ਹੁਣ ਅਸੀਂ ਉਹ ਦਲੀਲਾਂ ਦੇਖਾਂਗੇ ਜੋ ਪੰਜਾਬੀ ਦੀ ਇਸ ਤਿਲ੍ਹਕਦੀ ਜਾਂਦੀ ਹਾਲਤ ਦੀ ਕਾਟ ਵਜੋਂ ਅਤੇ ਪੰਜਾਬੀ ਦਾ ਭਵਿੱਖੀ ਬੋਲਬਾਲਾ ਦਰਸਾਉਣ ਵਾਸਤੇ ਪੇਸ਼ ਕੀਤੀਆਂ ਜਾਂਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਦੀ ਅਮਰਤਾ ਦੇ ਪੱਖ ਵਿਚ ਪਹਿਲੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਹ ਗੁਰੂਆਂ, ਪੀਰਾਂ-ਫ਼ਕੀਰਾਂ, ਸੰਤਾਂ-ਭਗਤਾਂ, ਸੂਫ਼ੀਆਂ, ਵਾਰਿਸ ਸ਼ਾਹ ਜਿਹੇ ਕਵੀਆਂ ਦੀ ਬੋਲੀ ਹੋਣ ਕਰਕੇ ਮਰ ਨਹੀਂ ਸਕਦੀ। ਇਸ ਪ੍ਰਸੰਗ ਵਿਚ ਏਨਾ ਚੇਤੇ ਕਰਾਉਣਾ ਹੀ ਕਾਫ਼ੀ ਹੋਵੇਗਾ ਕਿ ਸੰਸਕ੍ਰਿਤ ਰਿਸ਼ੀਆਂ-ਮੁਨੀਆਂ ਦੀ, ਵੇਦਾਂ-ਸ਼ਾਸਤਰਾਂ ਦੀ, ਰਾਮਾਇਣ ਤੇ ਮਹਾਂਭਾਰਤ ਜਿਹੀਆਂ ਸ੍ਰੇਸ਼ਟ ਕਾਵਿ- ਕਥਾਵਾਂ ਦੀ, ਸਮਾਜ, ਰਾਜਨੀਤੀ, ਤਾਰਾ-ਵਿਗਿਆਨ, ਔਸ਼ਧੀ-ਵਿਗਿਆਨ, ਗਣਿਤ, ਆਦਿ ਨਾਲ ਸੰਬੰਧਿਤ ਕਮਾਲ ਦੇ ਗ੍ਰੰਥਾਂ ਦੀ ਅਤੇ ਪਾਣਿਨੀ ਦੇ ਰਚੇ ਹੋਏ ਸੰਸਾਰ ਦੇ ਪਹਿਲੇ ਵਿਆਕਰਨ ਦੀ ਭਾਸ਼ਾ ਸੀ, ਪਰ ਮਰ ਗਈ!

ਇਸ ਤੋਂ ਵੀ ਵਧ ਕੇ ਇਹ ਦੱਸਣਾ ਵਾਜਬ ਹੈ ਕਿ ਜਿਥੇ ਜਿਉਂਦੀ-ਜਾਗਦੀ ਪੰਜਾਬੀ ਨੂੰ ਪੰਜਾਬ ਸਰਕਾਰ ਵੀ ਅਣਡਿੱਠ ਕਰਦੀ ਹੈ, ਸੰਸਕ੍ਰਿਤ ਉੱਤੇ ਕੇਂਦਰ ਸਰਕਾਰ ਦੀ ਲਗਾਤਾਰ ਕਿਰਪਾ-ਦ੍ਰਿਸ਼ਟੀ ਰਹਿੰਦੀ ਹੈ। ਇਹਦੇ ਨਾਲ ਹੀ ਸੰਸਕ੍ਰਿਤ ਨੂੰ ਭਾਸ਼ਾ ਨਾਲੋਂ ਵੱਧ ਧਰਮ ਦਾ ਅੰਗ ਸਮਝਣ ਵਾਲੇ ਸੱਜਨ ਤੇ ਸੰਗਠਨ ਉਹਦੇ ਹੱਕ ਵਿਚ ਆਵਾਜ਼ ਬੁਲੰਦ ਵੀ ਕਰਦੇ ਰਹਿੰਦੇ ਹਨ ਤੇ ਉਹਦੀ ਸੁਰਜੀਤੀ ਲਈ ਵਾਹ ਵੀ ਲਾਉਂਦੇ ਰਹਿੰਦੇ ਹਨ। ਪਰ ਲੋਕਾਂ ਦੇ ਬੋਲਣ ਦਾ ਵਸੀਲਾ ਨਾ ਰਹਿ ਗਈਆਂ ਭਾਸ਼ਾਵਾਂ ਇਉਂ ਸੁਰਜੀਤ ਨਹੀਂ ਹੁੰਦੀਆਂ। ਨੇੜੇ ਦੀ ਮਿਸਾਲ ਲੈਣੀ ਹੋਵੇ ਤਾਂ ਬੇਮਿਸਾਲ ਸਾਹਿਤਕ ਉੱਤਮਤਾ ਵਾਲੀ ਉਰਦੂ ਸਾਡੀਆਂ ਅੱਖਾਂ ਸਾਹਮਣੇ ਮਰ ਰਹੀ ਹੈ। ਗ਼ਾਲਿਬ, ਮੀਰ, ਜ਼ੌਕ ਤੋਂ ਲੈ ਕੇ ਇਕਬਾਲ, ਫ਼ੈਜ਼, ਮੰਟੋ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਸਾਹਿਰ ਲੁਧਿਆਣਵੀ, ਕੈਫ਼ੀ ਆਜ਼ਮੀ, ਆਦਿ ਦੀ ਜ਼ਬਾਨ ਹੋਣਾ ਇਹਦੇ ਸਾਹਾਂ ਨੂੰ ਚਲਦੇ ਰੱਖਣ ਲਈ ਕੋਈ ਕਾਰਗਰ ਸਹਾਰਾ ਸਿੱਧ ਨਹੀਂ ਹੋ ਰਿਹਾ।

ਇਸ ਤੱਥ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਬੋਲੀ ਜਾਂਦੀ ਭਾਸ਼ਾ ਮਰਦੀ ਨਹੀਂ। ਪਰ ਗੱਲ ਉਸ ਹਾਲਤ ਵਿਚ ਜ਼ਰੂਰ ਚਿੰਤਾ ਵਾਲੀ ਹੋ ਜਾਂਦੀ ਹੈ ਜਦੋਂ ਉਹਨੂੰ ਬੋਲਣ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਘਟਣ ਲੱਗੇ। ਦੁਨੀਆ ਭਰ ਵਿਚ ਬੋਲਣ ਵਾਲੇ ਹੌਲੀ-ਹੌਲੀ ਘਟਦੇ ਜਾਣ ਨਾਲ ਸੈਂਕੜੇ ਭਾਸ਼ਾਵਾਂ ਮਰੀਆਂ ਹਨ ਅਤੇ ਸੈਂਕੜੇ ਮਰ ਰਹੀਆਂ ਹਨ। ਪਿਛਲੇ ਕੁਛ ਦਹਾਕਿਆਂ ਤੋਂ ਲੱਖਾਂ ਲੋਕਾਂ ਦੇ ਪੰਜਾਬੀ ਤਿਆਗਣ ਦਾ ਅਮਲ ਜਾਰੀ ਹੈ ਅਤੇ ਇਹ ਜਾਰੀ ਰਹੇਗਾ। ਦਿੱਲੀ ਇਹਦੀ ਉਜਾਗਰ ਮਿਸਾਲ ਹੈ ਜਿਥੇ ਲੱਖਾਂ ਮੂਲ ਪੰਜਾਬੀਆਂ ਦੀ ਤੀਜੀ ਪੀੜ੍ਹੀ ਪੰਜਾਬੀ ਨਾਲੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ।

ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਤਾਂ ਪੰਜਾਬੀ ਬਾਰੇ ਕਿਸੇ ਵਿਚਾਰ-ਚਰਚਾ ਵਿਚ ਸ਼ਾਮਲ ਹੀ ਨਹੀਂ ਕੀਤਾ ਜਾਂਦਾ। ਜਿਨ੍ਹਾਂ ਦੋ ਗੁਆਂਢੀ ਰਾਜਾਂ, ਹਰਿਆਣਾ ਤੇ ਹਿਮਾਚਲ ਵਿਚ ਅਤੇ ਤੀਜੀ ਦਿੱਲੀ ਵਿਚ ਪੰਜਾਬੀ ਦੇ ਦੂਜੀ ਭਾਸ਼ਾ ਬਣਨ ਦਾ ਰੌਲਾ ਪਾਇਆ ਜਾਂਦਾ ਹੈ, ਇਸ ਨਾਲ ਪੰਜਾਬੀ ਦਾ ਕੁਝ ਸੰਵਰਨ ਵਾਲਾ ਨਹੀਂ। ਸਾਰੀ ਗੱਲ ਲੇਖਕਾਂ ਨੂੰ ਸਾਲਾਨਾ ਇਨਾਮ ਦੇਣ ਤੇ ਅਗਲੇ ਦਿਨ ਭੁੱਲ ਜਾਣ ਵਾਲੇ ਸਭਿਆਚਾਰਕ ਪ੍ਰੋਗਰਾਮ ਕਰਾਉਣ ਵਾਸਤੇ ਪੰਜਾਬੀ ਅਕਾਦਮੀਆਂ ਕਾਇਮ ਕਰਨ ਅਤੇ ਸੜਕਾਂ ਦੇ ਮੀਲ-ਪੱਥਰਾਂ ਉੱਤੇ ਹੋਰ ਭਾਸ਼ਾਵਾਂ ਦੇ ਹੇਠ ਗ਼ਲਤ ਸ਼ਬਦਜੋੜਾਂ ਵਾਲੀ ਪੰਜਾਬੀ ਲਿਖਣ ਤੱਕ ਸਿਮਟ ਕੇ ਰਹਿ ਜਾਵੇਗੀ। ਮੁੱਖ ਤੌਰ ਉੱਤੇ ਇਹ ਅਕਾਦਮੀਆਂ ਅਸੈਂਬਲੀ ਜਾਂ ਪਾਰਲੀਮੈਂਟ ਵਿਚ ਸਵਾਲ ਪੁੱਛੇ ਜਾਣ ਸਮੇਂ ਪੰਜਾਬੀ ਲਈ ਸਰਕਾਰ ਦੀ ਕਾਰਗੁਜ਼ਾਰੀ ਦੀ ਅਤੇ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕੀਤੇ ਜਾਣ ਦੀ ਮਿਸਾਲ ਦਾ ਵਧੀਆ ਕੰਮ ਦਿੰਦੀਆਂ ਹਨ। ਇਹਨਾਂ ਰਾਜਾਂ ਦਾ ਡੂੰਘਾ ਪੰਜਾਬੀ-ਵਿਰੋਧ ਅਜਿਹੇ ਹਰ ਪੰਜਾਬੀ-ਹਿਤੈਸ਼ੀ ਜਤਨ ਨੂੰ ਠੁੱਸ ਕਰ ਦੇਵੇਗਾ। ਇਹਨਾਂ ਰਾਜਾਂ ਵਿਚ ਨੌਕਰੀਆਂ, ਕਾਰੋਬਾਰ ਤੇ ਵਿੱਦਿਆ ਦੀ ਅਤੇ ਪੰਜਾਬੀਆਂ ਸਮੇਤ ਬੋਲਚਾਲ ਦੀ ਭਾਸ਼ਾ ਹਿੰਦੀ ਜਾਂ ਅੰਗਰੇਜ਼ੀ ਹੋਣ ਕਰਕੇ ਸਮੇਂ ਨਾਲ ਪੰਜਾਬੀ ਦਾ ਲਗਾਤਾਰ ਸੁੰਗੜਦੇ-ਸਿਮਟਦੇ ਜਾਣਾ ਯਕੀਨੀ ਹੈ।

ਪੰਜਾਬੀ ਦੇ ਵਿਕਾਸ ਦੀ ਇਕ ਟੇਕ ਅਨੁਵਾਦ ਦੱਸੀ ਜਾਂਦੀ ਹੈ। ਵਿਗਿਆਨ ਤੇ ਤਕਨਾਲੋਜੀ ਦੀਆਂ ਪੰਜਾਬੀ ਪੁਸਤਕਾਂ ਤਿਆਰ ਕਰਨ ਦੀ ਸਾਡੀਆਂ ਸੰਸਥਾਵਾਂ ਦੀ ਅਸਫਲਤਾ ਦੇਖ ਕੇ ਇਹ ਘਾਟ ਅਨੁਵਾਦ ਰਾਹੀਂ ਪੂਰੀ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਸਲਾਹ ਦੇਣ ਵਾਲੇ ਨਾ ਤਾਂ ਇਹ ਜਾਣਦੇ ਹਨ ਕਿ ਅਨੁਵਾਦ ਕਿਨ੍ਹਾਂ ਪੁਸਤਕਾਂ ਦਾ ਹੋ ਸਕਦਾ ਹੈ ਤੇ ਕਿਨ੍ਹਾਂ ਦਾ ਨਹੀਂ ਤੇ ਨਾ ਹੀ ਉਹਨਾਂ ਨੂੰ ਸੰਬੰਧਿਤ ਸੰਸਥਾਵਾਂ ਦੀ ਸਮਰੱਥਾ ਦਾ ਕੋਈ ਪਤਾ ਹੈ। ਅਨੁਵਾਦ ਕਰਦਿਆਂ ਤੇ ਛਾਪਦਿਆਂ ਤਾਂ ਇਹਨਾਂ ਵਿਸ਼ਿਆਂ ਦੇ ਗਿਆਨ ਦੀ ਗੱਡੀ ਬਹੁਤ ਅੱਗੇ ਲੰਘ ਚੁੱਕੀ ਹੋਵੇਗੀ। ਪਹਿਲਾਂ ਤਾਂ ਵਿਗਿਆਨ ਤੇ ਤਕਨਾਲੋਜੀ ਦੀ ਜਾਣਕਾਰੀ, ਇਹਨਾਂ ਦੇ ਪ੍ਰਸੰਗ ਵਿਚ ਦੋਵਾਂ ਭਾਸ਼ਾਵਾਂ ਦੀ ਮੁਹਾਰਿਤ ਅਤੇ ਅਨੁਵਾਦ ਲਈ ਲੋੜੀਂਦੀ ਅਕਲ ਵਾਲੇ ਅਨੁਵਾਦਕ ਲੱਭਣੇ ਹੀ ਔਖੇ, ਸਗੋਂ ਅਸੰਭਵ ਹਨ। ਵਿਗਿਆਨ ਤੇ ਤਕਨਾਲੋਜੀ ਦੇ ਅਨੁਵਾਦਕ ਤਾਂ ਛੱਡੋ, ਮੇਰੇ ਅਨੁਭਵ ਅਨੁਸਾਰ ਸਾਡੇ ਤਾਂ ਅਖ਼ਬਾਰਾਂ ਦੀਆਂ ਖ਼ਬਰਾਂ ਦੇ ਚੰਗੇ ਅਨੁਵਾਦਕ ਨਹੀਂ ਮਿਲਦੇ।

ਅਨੁਵਾਦ ਤੋਂ ਮਗਰੋਂ ਸਾਡੀਆਂ ਸੰਸਥਾਵਾਂ ਦੀ ਪੁਸਤਕਾਂ ਛਾਪਣ ਦੀ ਰਫ਼ਤਾਰ ਦੀ ਸਮੱਸਿਆ ਆ ਜਾਂਦੀ ਹੈ। ਇਕ ਵਾਰ ਸੂਚਨਾ-ਅਧਿਕਾਰ ਰਾਹੀਂ ਪਤਾ ਲਗਿਆ ਸੀ ਕਿ ਭਾਸ਼ਾ ਵਿਭਾਗ ਕੋਲ ਪਏ ਸੈਂਕੜੇ ਖਰੜੇ ਕਈ ਦਹਾਕਿਆਂ ਤੋਂ ਛਾਪਾਖਾਨੇ ਦਾ ਮੂੰਹ ਦੇਖਣ ਲਈ ਤਰਸ ਰਹੇ ਹਨ। ਤਾਰੀਖ਼ ਵਾਲੇ ਖਰੜਿਆਂ ਵਿਚੋਂ ਸਭ ਤੋਂ ਪੁਰਾਣਾ 1973 ਦਾ ਸੀ, ਬੇਤਾਰੀਖ਼ੇ ਪਤਾ ਨਹੀਂ ਉਸ

Sri Satguru Jagjit Singh Ji eLibrary NamdhariElibrary@gmail.com

ਤੋਂ ਪਹਿਲਾਂ ਦੇ ਸਨ ਕਿ ਪਿੱਛੋਂ ਦੇ। ਇਹਨਾਂ ਵਿਚਲੇ ਡਾਕਟਰੀ, ਇੰਜੀਨੀਅਰੀ, ਆਦਿ ਦੇ ਖਰੜੇ ਤਾਂ ਹੁਣ ਉੱਕਾ ਹੀ ਪ੍ਰਸੰਗਕ ਨਹੀਂ ਰਹੇ। ਜਿਹੇ ਹੋਏ, ਜਿਹੇ ਨਾ ਹੋਏ।

ਮੈਨੂੰ ਅਨੁਵਾਦ ਸੰਬੰਧੀ ਭਾਰਤ ਸਰਕਾਰ ਦੀ ਪ੍ਰਮੁੱਖ ਸੰਸਥਾ, ਨੈਸ਼ਨਲ ਬੁੱਕ ਟਰੱਸਟ ਦੀ ਗੰਭੀਰਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਦਾ ਨਿੱਜੀ ਤਜਰਬਾ ਹੈ। 1990 ਵਿਚ ਮੈਨੂੰ ਪੁਲਾੜ-ਵਿਗਿਆਨ ਦੀ 1986 ਦੀ ਛਪੀ ਹੋਈ ਅੰਗਰੇਜ਼ੀ ਪੁਸਤਕ ਅਨੁਵਾਦ ਲਈ ਦਿੱਤੀ ਗਈ ਜਦੋਂ ਕਿ 1989 ਵਿਚ ਉਹਨਾਂ ਦੀ ਹੀ ਛਾਪੀ ਹੋਈ ਉਹਦੀ ਨਵੀਂ ਛਾਪ ਆ ਚੁੱਕੀ ਸੀ। ਦੱਸੇ ਤੋਂ ਵੀ ਉਹਨਾਂ ਨੇ ਕਿਹਾ ਕਿ ਜਿਹੜੀ ਪੁਸਤਕ ਤੁਹਾਨੂੰ ਭੇਜੀ ਗਈ ਹੈ, ਉਹੋ ਹੀ ਅਨੁਵਾਦੋ। ਹੁਣ ਤਿੰਨ ਦਹਾਕਿਆਂ ਮਗਰੋਂ ਇਕ ਦਿਨ ਮੈਨੂੰ ਉਹ ਪੁਸਤਕ ਚੇਤੇ ਆ ਗਈ। ਅਨੁਵਾਦਕ ਨੂੰ ਮਿਲਣ ਵਾਲੀਆਂ ਕਾਪੀਆਂ ਲਈ ਮੇਰੀ ਲਿਖਤੀ ਬੇਨਤੀ ਦਾ ਲਿਖਤੀ ਉੱਤਰ ਮਿਲਿਆ, "ਉਹ ਪੁਸਤਕ ਅਜੇ ਛਪੀ ਨਹੀਂ, ਜਦੋਂ ਛਪੀ, ਤੁਹਾਨੂੰ ਭੇਜ ਦੇਵਾਂਗੇ।"

ਜਦੋਂ ਪੰਜਾਬੀ ਅਨੁਵਾਦ ਨਾਲ ਸੰਬੰਧਿਤ, ਇਕ ਸੂਬਾਈ ਤੇ ਇਕ ਕੇਂਦਰੀ, ਦੋ ਪ੍ਰਮੁੱਖ ਸੰਸਥਾਵਾਂ ਦਾ ਇਹ ਹਾਲ ਹੈ, ਅਨੁਵਾਦ ਰਾਹੀਂ ਪੰਜਾਬੀ ਨੂੰ ਗਿਆਨ-ਵਿਗਿਆਨ ਦੀਆਂ ਪੁਸਤਕਾਂ ਨਾਲ ਮਾਲਾਮਾਲ ਕਰਨ ਦੇ ਵਿਚਾਰ ਉੱਤੇ ਕੇਵਲ ਹੱਸਿਆ ਹੀ ਜਾ ਸਕਦਾ ਹੈ।

ਪੰਜਾਬੀ ਦੀ ਕਥਿਤ ਤੇਜ਼-ਕਦਮ ਤਰੱਕੀ ਅਤੇ ਅਮਰਤਾ ਦੀ ਇਕ ਹੋਰ ਦਲੀਲ ਬੜੇ ਮਾਣ ਨਾਲ ਇਹ ਦਿੱਤੀ ਜਾਂਦੀ ਹੈ ਕਿ "ਪੰਜਾਬੀ ਪਰਵਾਸੀਆਂ ਨੇ ਦੁਨੀਆ ਦੇ ਅਣਗਿਣਤ ਦੇਸਾਂ ਵਿਚ ਇਹਦੇ ਝੰਡੇ ਗੱਡ ਦਿੱਤੇ ਹਨ ਅਤੇ ਕਈ ਦੇਸਾਂ ਵਿਚ ਇਹਨੂੰ ਸਰਕਾਰੀ ਮਾਨਤਾ ਦੁਆ ਲਈ ਹੈ। ਇਉਂ ਪੰਜਾਬੀ ਤਾਂ ਹੁਣ ਕੌਮਾਂਤਰੀ ਭਾਸ਼ਾ ਬਣ ਕੇ ਖ਼ਤਰਿਆਂ-ਖ਼ੁਤਰਿਆਂ ਤੋਂ ਉੱਪਰ ਹੋ ਗਈ ਹੈ।" ਅਸਲੀਅਤ ਇਹ ਹੈ ਕਿ ਅਨੇਕ ਦੇਸ ਅਜਿਹੇ ਹਨ ਜਿਨ੍ਹਾਂ ਵਿਚ ਕਿਸੇ ਭਾਸ਼ਾ ਲਈ ਸਥਾਨ ਪ੍ਰਾਪਤ ਕਰਨਾ ਕੋਈ ਅਲੋਕਾਰ ਜਾਂ ਔਖਾ ਕੰਮ ਨਹੀਂ। ਸਗੋਂ ਭਾਰਤ ਦੇ ਮੁਕਾਬਲੇ ਬਹੁਤ ਸੌਖਾ ਹੈ ਕਿਉਂਕਿ ਉਥੇ ਭਾਸ਼ਾ ਨੂੰ ਭਾਸ਼ਾ ਵਜੋਂ ਦੇਖਿਆ ਜਾਂਦਾ ਹੈ, ਭਾਰਤ ਵਾਂਗ ਕਿਸੇ ਧਾਰਮਿਕ, ਭੂਗੋਲਕ ਜਾਂ ਰਾਜਨੀਤਕ ਤੁਅੱਸਬ ਨਾਲ ਨਹੀਂ।

ਮਿਸਾਲ ਵਜੋਂ ਅਮਰੀਕਾ ਵਿਚ ਜੇ ਕਿਸੇ ਮਹਿਕਮੇ ਦਾ ਵਾਹ ਅਜਿਹੇ ਵਿਅਕਤੀ ਨਾਲ ਪੈ ਜਾਂਦਾ ਹੈ ਜੋ ਆਪਣੀ ਜੱਦੀ ਪਰਦੇਸੀ ਭਾਸ਼ਾ ਤੋਂ ਬਿਨਾਂ ਕੁਛ ਨਹੀਂ ਜਾਣਦਾ, ਉਸ ਮਹਿਕਮੇ ਵਾਲ਼ੇ ਆਪਣੀ ਪਹਿਲਾਂ ਤੋਂ ਬਣਾਈ ਹੋਈ ਦੁਭਾਸ਼ੀਆਂ ਦੀ ਸੂਚੀ ਵਿਚੋਂ ਕਿਸੇ ਦੁਭਾਸ਼ੀਏ ਨੂੰ ਬੁਲਾ ਲੈਂਦੇ ਹਨ। ਵਸੋਂ ਵੱਲ ਦੇਖਦਿਆਂ ਜੇ ਪੰਜਾਬੀ ਸਮੇਤ ਕਿਸੇ ਪਰਦੇਸੀ ਭਾਸ਼ਾ ਵਿਚ ਕੋਈ ਫ਼ਾਰਮ ਵਗ਼ੈਰਾ ਛਪਵਾਉਣ ਦੀ ਲੋੜ ਸਮਝੀ ਜਾਂਦੀ ਹੈ, ਉਹ ਫ਼ਾਰਮ ਛਾਪ ਦਿੱਤਾ ਜਾਂਦਾ ਹੈ। ਪਰਦੇਸੀ ਭਾਈਚਾਰਿਆਂ ਦੀ ਵਸੋਂ ਵਾਲ਼ੇ ਇਲਾਕੇ ਦੇ ਮਾਰਗਾਂ ਉੱਤੇ ਉਹਨਾਂ ਦੀ ਭਾਸ਼ਾ ਵਿਚ ਸੇਧਾਂ ਲਿਖਣ ਬਾਰੇ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਹੋਰ ਕਈ ਦੇਸ ਵੀ ਅਜਿਹੀ ਸਹੂਲਤ ਦਿੰਦੇ ਹਨ। ਪਰ ਇਹ ਸਭ ਗੱਲਾਂ ਸੱਚ ਹੋਣ ਦੇ ਬਾਵਜੂਦ ਕਿਸੇ ਵੀ ਬਿਗਾਨੇ ਦੇਸ ਵਿਚ ਪੰਜਾਬੀ ਭਾਸ਼ਾ ਦਾ ਜੀਵਤ ਰਹਿਣਾ ਸੰਭਵ ਨਹੀਂ।

ਸਾਨੂੰ ਭਾਸ਼ਾ ਦੀ ਗਤੀ ਦੇ ਅਤੇ ਸਮਾਜ ਤੇ ਭਾਸ਼ਾ ਦੇ ਨਾਤੇ ਦੇ ਨੇਮਾਂ ਦੀ ਅਜਿਹੀ ਅਗਿਆਨਤਾ ਨਹੀਂ ਦਿਖਾਉਣੀ ਚਾਹੀਦੀ। ਪਰਦੇਸਾਂ ਵਿਚ ਪੰਜਾਬੀ ਨਾਲ ਕੇਵਲ ਉਹ ਲੋਕ ਜੁੜੇ ਹੋਏ ਹਨ ਜੋ ਉਮਰ ਦਾ ਪਹਿਲਾ ਹਿੱਸਾ ਇਧਰ ਬਿਤਾ ਕੇ ਗਏ ਹਨ। ਉਹਨਾਂ ਦੇ ਧੀਆਂ-ਪੁੱਤ ਉਹਨਾਂ ਨਾਲ ਵਾਹ ਕਾਰਨ ਪੰਜਾਬੀ ਸਮਝ ਤਾਂ ਲੈਂਦੇ ਹਨ, ਬੋਲਦੇ ਥਿੜਕ ਕੇ ਹਨ ਅਤੇ ਪੜ੍ਹਨ-ਲਿਖਣ ਦਾ ਤਾਂ ਸਵਾਲ ਹੀ ਨਹੀਂ। ਅੱਗੋਂ ਉਹਨਾਂ ਦੇ ਪੋਤੀਆਂ-ਪੋਤੇ ਤੇ ਦੋਹਤੀਆਂ-ਦੋਹਤੇ ਪੰਜਾਬੀ ਨਾਲੋਂ ਬਿਲਕੁਲ ਟੁੱਟ ਜਾਂਦੇ ਹਨ। ਇਹ ਕੋਈ ਅਣਹੋਣੀ ਨਹੀਂ, ਭਾਸ਼ਾ ਦਾ ਦਸਤੂਰ ਹੀ ਇਹ ਹੈ। ਅਮਰੀਕਾ ਵਿਚ ਚਾਰ ਕੁ ਮਹੀਨੇ ਠਹਿਰਨ ਸਮੇਂ ਇਹ ਵਰਤਾਰਾ ਮੈਂ ਲੇਖਕ-ਪਾਠਕ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਅੱਖਾਂ ਖੁੱਲ੍ਹੀਆਂ ਰੱਖ ਕੇ ਆਪ ਦੇਖਿਆ ਹੋਇਆ ਹੈ।

ਪਰਦੇਸਾਂ ਵਿਚ ਛਪਦੇ ਜਿਨ੍ਹਾਂ ਦਰਜਨਾਂ ਵੱਡੇ-ਵੱਡੇ ਖ਼ੂਬਸੂਰਤ ਪੰਜਾਬੀ ਹਫ਼ਤਾਵਾਰਾਂ ਅਤੇ ਪੰਜਾਬੀ ਰੇਡੀਓ ਤੇ ਟੀਵੀਆਂ ਦੀ ਮਿਸਾਲ ਦਿੱਤੀ ਜਾਂਦੀ ਹੈ, ਉਹ ਸਿਰਫ਼ ਪਹਿਲੀ ਪੀੜ੍ਹੀ ਹੀ ਪੜ੍ਹਦੀ, ਸੁਣਦੀ ਤੇ ਦੇਖਦੀ ਹੈ। ਸਟੋਰਾਂ ਅਤੇ ਗੁਰਦੁਆਰਿਆਂ ਵਿਚ ਇਹਨਾਂ ਅਖ਼ਬਾਰਾਂ ਦਾ ਘਰ ਲਿਆਉਣ ਲਈ ਮੁਫ਼ਤ ਰੱਖੇ ਹੋਏ ਹੋਣਾ ਇਹਨਾਂ ਦੀ ਪਾਠਕ-ਗਿਣਤੀ ਵਿਚ ਵਾਧਾ ਕਰਦਾ ਹੈ ਜਿਸ ਕਾਰਨ ਇਸ਼ਤਿਹਾਰ ਮਿਲਦੇ ਹਨ। ਇਹਦੇ ਨਾਲ ਹੀ ਦੇਸ ਬਾਰੇ ਜਾਣਨ ਦੀ ਇੱਛਾ ਵੀ ਹੁੰਦੀ ਹੈ ਤੇ ਸਮਾਂ ਲੰਘਾਉਣ ਦੀ ਸਮੱਸਿਆ ਵੀ ਹੁੰਦੀ ਹੈ। ਜੇ ਇਹੋ ਜਿਹੇ ਪੰਜਾਬੀ ਮਾਈ-ਭਾਈ ਗੁੱਸਾ ਨਾ ਕਰਨ ਤਾਂ ਮੈਂ ਇਹ ਵੀ ਕਹਾਂਗਾ ਕਿ ਰੱਬ ਦਾ ਸ਼ੁਕਰ ਹੈ, ਅਮਰੀਕਾ-ਕੈਨੇਡਾ ਵਿਚ ਰੱਦੀ ਨਹੀਂ ਵਿਕਦੀ। ਨਹੀਂ ਤਾਂ ਅਜਿਹੇ ਪੰਜਾਬੀ 'ਪਾਠਕਾਂ' ਦੀ ਵੀ ਕੋਈ ਘਾਟ ਨਹੀਂ ਸੀ ਹੋਣੀ ਕਿ ਕਿਸੇ ਇਕੋ ਨੇ ਹੀ ਉਹ ਸਾਰੇ ਚੁੱਕ ਕੇ ਲੈ ਜਾਇਆ ਕਰਨੇ ਸਨ।

ਪਰਦੇਸਾਂ ਵਿਚ ਪੰਜਾਬੀ ਦਾ ਪਰਚਮ!

ਪਰਦੇਸਾਂ ਵਿਚ ਛਪਦੇ ਮੇਰੇ ਲੇਖ ਪੜ੍ਹ ਕੇ ਬਹੁਤ ਸਾਰੇ ਮਿਹਰਬਾਨ ਪਾਠਕ ਫ਼ੋਨ ਕਰਦੇ ਹਨ। ਗੱਲਾਂ-ਗੱਲਾਂ ਵਿਚ ਮੈਂ ਉਹਨਾਂ ਨੂੰ ਵਿਸ਼ੇਸ਼ ਕਰਕੇ ਪੁਛਦਾ ਹਾਂ ਕਿ ਤੁਹਾਡੇ ਘਰ-ਪਰਿਵਾਰ ਵਿਚ ਮੇਰੇ ਇਹ ਲੇਖ ਕੌਣ-ਕੌਣ ਪੜ੍ਹਦਾ ਹੈ?

Sri Satguru Jagjit Singh Ji eLibrary NamdhariElibrary@gmail.com

ਸਭ ਦੇ ਜਵਾਬਾਂ ਵਿਚ ਸਾਂਝੀ ਗੱਲ ਇਹੋ ਹੁੰਦੀ ਹੈ ਕਿ ਇਧਰੋਂ ਗਏ ਪਤੀ-ਪਤਨੀ ਤੇ ਕੋਈ-ਕੋਈ ਇਧਰੋਂ ਗਿਆ ਨੂੰਹ-ਪੁੱਤਰ ਹੀ ਪੜ੍ਹਦੇ ਹਨ। ਜੇ ਉਧਰ ਜੰਮੇ ਬੱਚਿਆਂ ਬਾਰੇ ਪੁੱਛੀਏ, ਜਵਾਬ ਮਿਲਦਾ ਹੈ, "ਵਾਹਿਗੁਰੂ ਵਾਹਿਗੁਰੂ ਕਰੋ ਜੀ! ਉਹ ਤਾਂ ਪੰਜਾਬੀ ਪੜ੍ਹਨੀ ਤਾਂ ਦੂਰ, ਇਸ ਵੱਲ ਝਾਕਦੇ ਵੀ ਨਹੀਂ!"

ਇਕ ਪਰਬਤ-ਲੜੀ ਦੀ ਮੂਹਰਲੀ ਪਹਾੜੀ ਉੱਤੇ ਬਣਿਆ ਹੋਣ ਸਦਕਾ ਸਾਨ ਹੋਜ਼ੇ ਦਾ ਗੁਰਦੁਆਰਾ ਤਾਂ ਖ਼ੂਬਸੂਰਤ ਹੈ ਹੀ, ਉਥੋਂ ਪੈਰਾਂ ਵਿਚ ਵਿਛੇ ਸਾਨ ਫ਼ਰਾਂਸਿਸਕੋ ਦਾ ਨਜ਼ਾਰਾ ਵੀ ਬੜਾ ਸੁੰਦਰ ਦਿਸਦਾ ਹੈ, ਖਾਸ ਕਰ ਕੇ ਰਾਤ ਨੂੰ। ਦੂਰ-ਦੂਰ ਤੱਕ ਸ਼ਹਿਰੀ ਰੌਸ਼ਨੀਆਂ ਜਿਵੇਂ ਸਮੁੰਦਰ ਵਿਚ ਲੱਖਾਂ ਦੀਵੇ ਤੈਰ ਰਹੇ ਹੋਣ। ਉਥੇ ਜਾਣ ਦਾ ਕਈ ਵਾਰ ਸਬੱਬ ਬਣਿਆ। ਜੇ ਭੋਜਨ ਦਾ ਵੇਲਾ ਹੁੰਦਾ, ਅਸੀਂ ਲੰਗਰ ਵੀ ਛਕਦੇ। ਇਕ ਦਿਨ ਪ੍ਰਸ਼ਾਦੇ ਵਰਤਾਉਂਦੀ 18-20 ਸਾਲ ਦੀ ਲੜਕੀ ਨੂੰ ਮੈਂ ਕਿਹਾ, "ਬੇਟਾ, ਬੱਸ ਸਵਾ ਲੱਖ ਪ੍ਰਸ਼ਾਦਾ!" ਉਹ ਬੋਲੀ, "ਵ੍ਹਟ ਅੰਕਲ?" ਮੈਂ ਆਪਣੀ ਭੁੱਲ ਸੋਧਦਿਆਂ ਕਿਹਾ, "ਓਨਲੀ ਵਨ..." ਤੇ ਅੱਗੇ ਮੈਨੂੰ ਪ੍ਰਸ਼ਾਦੇ ਜਾਂ ਰੋਟੀ ਦੀ ਅੰਗਰੇਜ਼ੀ ਨਾ ਆਈ ਪਰ "ਓਨਲੀ ਵਨ" ਨੇ ਕੰਮ ਸਾਰ ਦਿੱਤਾ।

ਇਕ ਹੋਰ ਦਿਨ ਅਸੀਂ ਉਸੇ ਗੁਰਦੁਆਰੇ ਵਿਚ ਗਏ ਤਾਂ ਲੰਗਰ ਕਿਸੇ ਪਰਿਵਾਰ ਵੱਲੋਂ ਸੀ। ਸੱਤ-ਅੱਠ ਸਾਲਾਂ ਦੀ ਉਮਰ ਦੇ ਇਕ ਬੱਚੇ ਕੋਲ ਪ੍ਰਸ਼ਾਦਿਆਂ ਦਾ ਛੋਟਾ ਜਿਹਾ ਛਾਬਾ ਸੀ ਅਤੇ ਇਕ ਬੱਚੀ ਕੋਲ ਛੋਟੀ ਜਿਹੀ ਬਾਲਟੀ ਵਿਚ ਸਬਜ਼ੀ ਸੀ। ਉਹ ਪੰਗਤ ਕੋਲੋਂ ਲੰਘਦੇ "ਪ੍ਰਸ਼ਾਦਾ ਵਾਹਿਗੁਰੂ" ਤੇ "ਸਬਜ਼ੀ ਵਾਹਿਗੁਰੂ" ਦੁਹਰਾ ਰਹੇ ਬੜੇ ਹੀ ਪਿਆਰੇ ਲਗਦੇ ਸਨ। ਸਾਨੂੰ ਖ਼ੁਸ਼ ਤੇ ਅਚੰਭਿਤ ਹੋ ਕੇ ਉਹਨਾਂ ਵੱਲ ਦੇਖਦਿਆਂ ਦੇਖ ਕੇ ਸਾਡੇ ਕੋਲ ਬੈਠਾ ਇਕ ਸੱਜਨ, ਸ਼ਾਇਦ ਇਹ ਸੋਚ ਕੇ ਕਿ ਅਸੀਂ ਉਹਨਾਂ ਦੀ ਪੰਜਾਬੀ ਤੋਂ ਪ੍ਰਭਾਵਿਤ ਹੋਏ ਹਾਂ, ਮੁਸਕਰਾਇਆ, "ਬੱਸ ਜੀ, ਇਹਨਾਂ ਨੂੰ ਏਨੀ ਕੁ ਪੰਜਾਬੀ ਹੀ ਆਉਂਦੀ ਹੈ!"

ਕਿਸੇ ਦੇਸ ਦੇ ਭਾਸ਼ਾਈ-ਸਭਿਆਚਾਰਕ ਸਮੁੰਦਰ ਵਿਚ ਬਾਹਰੋਂ ਜਾ ਕੇ ਪਈ ਪੰਜਾਬੀ ਦੀ ਛੋਟੀ ਜਿਹੀ ਨਦੀ ਤੋਂ ਸਦਾ ਵਾਸਤੇ ਆਪਣੀ ਵੱਖਰੀ ਹੋਂਦ ਬਣਾਈ ਰੱਖਣ ਦੀ ਆਸ ਕਰਨਾ ਕਿਧਰਲੀ ਸਿਆਣਪ ਹੈ! ਭਾਸ਼ਾ ਵਾਂਗ ਹੀ ਪੰਜਾਬੀ ਔਲਾਦਾਂ ਦਾਦੇ-ਦਾਦੀਆਂ ਨਾਲ ਮਿਲ ਕੇ ਦਿਵਾਲੀ, ਵਸਾਖੀ ਤੇ ਗੁਰਪੁਰਬ ਮਨਾਉਣ ਨਾਲੋਂ ਸਥਾਨਕ ਹਾਣੀਆਂ ਨਾਲ ਮਿਲ ਕੇ ਕ੍ਰਿਸਮਿਸ ਤੇ ਹੈਲੋਵੀਨ ਮਨਾਉਣ ਦਾ ਵਧੇਰੇ ਉਤਸਾਹ ਦਿਖਾਉਂਦੀਆਂ ਹਨ। ਸਥਾਨਕ ਲੋਕਾਂ ਨੂੰ ਵਿੰਗੇ-ਟੇਢੇ ਲਗਦੇ ਉਚਾਰਨ ਸੌਖੇ ਕਰਨ ਵਾਸਤੇ ਜਗਜੀਤ ਜੈਗ, ਹਰਭਜਨ ਹੈਰੀ ਤੇ ਸੁਖਮੰਦਰ ਸੈਮ ਹੋ ਜਾਂਦੇ ਹਨ। ਪੰਜਾਬੀਆਂ ਦੀ ਤੀਜੀ ਪੀੜ੍ਹੀ ਮਾਪਿਆਂ ਦੀ ਇੱਛਾ ਅਨੁਸਾਰ ਵਿਆਹ ਕਰਾਉਣ ਤੋਂ ਪੂਰੀ ਤਰ੍ਹਾਂ ਇਨਕਾਰੀ ਹੁੰਦਿਆਂ ਸਥਾਨਕ ਗੋਰੇ-ਕਾਲੇ ਮੁੰਡੇ-ਕੁੜੀਆਂ ਨਾਲ ਵਿਆਹ ਕਰ ਕੇ ਪੰਜਾਬੀਅਤ ਤੋਂ ਪੱਕੇ ਤੌਰ ਉੱਤੇ ਦੂਰ ਹੁੰਦੀ ਜਾਣ ਦੇ ਰਾਹ ਪੈ ਜਾਂਦੀ ਹੈ।

ਕੋਈ ਛਿਆਲੀ-ਸੰਤਾਲੀ ਸਾਲ ਪੁਰਾਣੀ ਗੱਲ ਹੈ, ਬਠਿੰਡਾ ਤੋਂ ਰਾਮਪੁਰਾ ਫੂਲ ਜਾ ਰਹੀ ਗੱਡੀ ਵਿਚ ਮੇਰੇ ਸਾਹਮਣੇ ਪੂਰੇ ਪੰਜਾਬੀ ਲਿਬਾਸ ਵਿਚ ਦੋ ਗੋਰਖਾ ਮੁਟਿਆਰਾਂ ਬੈਠੀਆਂ ਸਨ। ਸਾਰੇ ਰਾਹ ਉਹ ਆਪਸ ਵਿਚ ਨਾ ਸਿਰਫ਼ ਪੰਜਾਬੀ ਵਿਚ ਸਗੋਂ ਸਾਡੇ ਪਿੰਡਾਂ ਵਾਲੀ ਪੰਜਾਬੀ ਵਿਚ ਗੱਲਾਂ ਕਰਦੀਆਂ ਰਹੀਆਂ। ਸਬੱਬ ਨਾਲ ਉਹ ਵੀ ਰਾਮਪੁਰਾ ਫੂਲ ਹੀ ਉੱਤਰੀਆਂ। ਮੇਰੇ ਦੋਸਤ ਨੇ ਦੱਸਿਆ, ਉਹਨਾਂ ਦਾ ਨਿਪਾਲੀ ਪਿਤਾ ਜਵਾਨੀ ਵੇਲੇ ਤੋਂ ਉਥੇ ਸਰਕਾਰੀ ਹਸਪਤਾਲ ਵਿਚ ਸੇਵਾਦਾਰ ਲੱਗਿਆ ਹੋਇਆ ਸੀ ਤੇ ਉਹਦੇ ਬੱਚੀਆਂ-ਬੱਚੇ ਇਥੇ ਹੀ ਜੰਮੇ-ਪਲੇ ਸਨ।

ਪੰਜਾਬ ਵਿਚ ਹੁਣ ਭਈਆਂ ਦਾ ਪੰਜਾਬੀਕਰਨ ਤੁਹਾਡੇ ਸਾਹਮਣੇ ਹੈ। ਇਕ ਵਾਰ ਮੈਂ ਖੇਤ ਵਿਚ ਰਹਿੰਦੇ ਇਕ ਰਿਸ਼ਤੇਦਾਰ ਦੇ ਘਰ ਗਿਆ। ਖੇਤ ਵਿਚ ਸਬਜ਼ੀਆਂ ਲਾਉਣ ਵਾਸਤੇ ਰੱਖਿਆ ਹੋਇਆ ਮਾਲੀ ਪਰਿਵਾਰ ਸਮੇਤ ਉਹਦੇ ਘਰ ਦੇ ਇਕ ਹਿੱਸੇ ਵਿਚ ਹੀ ਰਹਿ ਰਿਹਾ ਸੀ। ਉਹ ਕਈ ਸਾਲ ਤੋਂ ਪੰਜਾਬ ਦੇ ਕਿਸਾਨਾਂ ਦੇ ਖੇਤਾਂ ਵਿਚ ਹੀ ਕੰਮ ਕਰਦਾ ਸੀ। ਉਹਨਾਂ ਦੇ ਬੇਟਾ-ਬੇਟੀ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਸਨ। ਉਹ ਤੇ ਉਹਦੀ ਪਤਨੀ ਤਾਂ ਭੋਜਪੁਰੀ ਤੇ ਪੰਜਾਬੀ ਦੀ ਖਿਚੜੀ ਬੋਲਦੇ ਸਨ ਪਰ ਦੋਵੇਂ ਬੱਚੇ, ਸੁਰਜੀਤ ਪਾਤਰ ਦੇ, ਨੰਦ ਕਿਸ਼ੋਰ ਦੇ ਬੱਚਿਆਂ ਵਾਂਗ, ਵਧੀਆ ਪੰਜਾਬੀ ਬੋਲ ਰਹੇ ਸਨ। ਪੰਜਾਬ ਵਿਚ ਅਨੇਕ ਭਈਏ ਉਹਨਾਂ ਨੂੰ ਗ਼ੈਰ-ਪੰਜਾਬੀ ਸਮਝ ਕੇ ਬੋਲੀ ਤੁਹਾਡੀ ਹਿੰਦੀ ਦਾ ਜਵਾਬ ਪੰਜਾਬੀ ਵਿਚ ਦਿੰਦੇ ਹਨ। ਕਈਆਂ ਨੇ ਬਿਨਾਂ ਕਿਸੇ ਬਾਹਰਲੇ ਦਖ਼ਲ ਤੋਂ, ਆਪਣੀ ਖ਼ੁਸ਼ੀ ਨਾਲ ਹੀ ਦਾੜ੍ਹੀ-ਕੇਸ ਰੱਖ ਲਏ ਹਨ ਤੇ ਪੱਗਾਂ ਬੰਨ੍ਹ ਲਈਆਂ ਹਨ।

ਦਸੰਬਰ 2012 ਵਿਚ ਥਾਈਲੈਂਡ ਦਾ ਰੱਖਿਆ ਮੰਤਰੀ ਸੁਕੁਮਪੋਲ ਸੁਵਾਨਤਾਤ ਭਾਰਤ ਆਇਆ ਤਾਂ ਸਾਡੇ ਉਸ ਸਮੇਂ ਦੇ ਰੱਖਿਆ ਮੰਤਰੀ ਏ. ਕੇ. ਐਂਟਨੀ ਨੇ ਸਰਕਾਰੀ ਗੱਲਬਾਤ ਤੋਂ ਪਹਿਲਾਂ ਕੈਮਰਿਆਂ ਵਾਸਤੇ ਹੱਥ ਘੁੱਟ ਕੇ ਸਦਭਾਵੀ ਗੱਲਾਂ ਕਰਦਿਆਂ ਕਿਹਾ, "ਥਾਈਲੈਂਡ ਤੇ ਭਾਰਤ ਦੇ ਲੋਕਾਂ ਦਾ ਦੋਸਤੀ ਦਾ ਪੁਰਾਣਾ ਨਾਤਾ ਹੈ।" ਥਾਈ ਨਾਂ, ਨੁਹਾਰ, ਦਿੱਖ ਅਤੇ ਭਾਸ਼ਾ ਵਾਲੇ ਮੰਤਰੀ ਨੇ ਹੱਸ ਕੇ ਉੱਤਰ ਦਿੱਤਾ, "ਮੇਰਾ ਭਾਰਤ ਨਾਲ ਇਸ ਤੋਂ ਵੀ ਸੰਘਣਾ ਨਾਤਾ ਹੈ; ਮੇਰਾ ਦਾਦਾ ਪੰਜਾਬੀ ਸਿੱਖ ਸੀ।"

ਸ਼ਹੀਦ ਗਹਿਲ ਸਿੰਘ ਛੱਜਲਵੱਡੀ ਦੇ ਤਾਏ ਦੇ ਪੁੱਤ ਭਰਾ ਦਲੀਪ ਸਿੰਘ ਸੌਂਦ ਨੇ ਸਭ ਰੋਕਾਂ-ਹੱਦਾਂ ਭੰਨ ਕੇ 1956 ਵਿਚ ਅਮਰੀਕੀ ਪਾਰਲੀਮੈਂਟ ਦਾ ਪਹਿਲਾ ਏਸ਼ੀਆਈ ਮੈਂਬਰ ਬਣਨ ਦਾ ਕ੍ਰਿਸ਼ਮਾ ਕਰਦਿਆਂ ਦੁਨੀਆ ਨੂੰ ਦੰਗ ਕਰ ਦਿੱਤਾ ਅਤੇ ਪਾਰਲੀਮੈਂਟ ਦੇ ਮੈਂਬਰ ਵਜੋਂ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਨਾਲ ਬਹੁਤ ਨਾਂ ਕਮਾਇਆ। 7 ਨਵੰਬਰ 2007 ਨੂੰ ਅਮਰੀਕੀ

Sri Satguru Jagjit Singh Ji eLibrary NamdhariElibrary@gmail.com

ਸੰਸਦ ਭਵਨ ਵਿਚ ਇਤਿਹਾਸ-ਸਿਰਜਕ ਮੈਂਬਰਾਂ ਦੀ ਲੜੀ ਵਿਚ ਲਾਏ ਗਏ ਉਹਦੇ ਚਿਤਰ ਤੋਂ ਪਰਦਾ ਸਿਖਰੀ ਅਮਰੀਕੀ ਹਸਤੀਆਂ ਦੀ ਹਾਜ਼ਰੀ ਵਿਚ ਉਹਦੀ ਛੇ ਸਾਲ ਦੀ ਪੜਪੋਤੀ ਨੇ ਹਟਾਇਆ। ਸੌਂਦ ਦੇ ਪੁੱਤਾਂ-ਧੀਆਂ ਦੇ ਪਰਵਾਰਾਂ ਦੇ ਦਰਜਨਾਂ ਜੀਅ ਹਾਜ਼ਰ ਸਨ। ਪੁੱਤਾਂ ਵਾਲੇ ਪਾਸੇ ਅਮਰੀਕੀ ਨਾਂਵਾਂ ਨਾਲ ਸੌਂਦ ਹੋਣ ਤੋਂ ਇਲਾਵਾ ਉਥੇ ਦੋਵਾਂ ਪਾਸਿਆਂ ਦੇ ਪਰਿਵਾਰਾਂ ਵਿਚ ਪੰਜਾਬੀ ਅਤੇ ਪੰਜਾਬੀਅਤ ਦਾ ਰੰਗ ਕਿਤੇ ਰਾਈ-ਮਾਤਰ ਵੀ ਨਹੀਂ ਸੀ।

ਇਸ ਲਈ ਅਤੀਤ ਨੂੰ ਸਿਮਰਦਿਆਂ, ਅਨੁਵਾਦ ਉੱਤੇ ਟੇਕ ਰਖਦਿਆਂ ਜਾਂ ਪਰਦੇਸਾਂ ਵਿਚ ਉੱਚੇ ਝੂਲਦੇ ਪਰਚਮਾਂ ਦੀ ਕਲਪਨਾ ਕਰਦਿਆਂ ਪੰਜਾਬੀ ਦਾ ਉਜਲਾ ਭਵਿੱਖ ਚਿਤਵਣਾ ਮਨ ਨੂੰ ਝੂਠੀ ਤਸੱਲੀ ਦੇਣ ਵਾਲੀ ਗੱਲ ਹੈ। ਪੰਜਾਬੀ ਦਾ ਭਵਿੱਖ ਚਾਨਣਾ ਕਰਨ ਵਾਸਤੇ ਇਹਦਾ ਪਰਚਮ ਪੰਜਾਬ ਵਿਚ ਹੀ ਬੁਲੰਦ ਕਰਨਾ ਪਵੇਗਾ। ਇਸ ਉਦੇਸ਼ ਦੀ ਪ੍ਰਾਪਤੀ ਵਾਸਤੇ ਤਿੰਨ ਗੱਲਾਂ ਜ਼ਰੂਰੀ ਹਨ।

ਪਹਿਲੀ, ਪੰਜਾਬੀ ਭਾਈਚਾਰੇ ਲਈ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਸਮਝਣ ਵਾਲੇ ਲੇਖਕ, ਅਧਿਆਪਕ, ਵਿਦਵਾਨ ਇਹਨਾਂ ਸਮੱਸਿਆਵਾਂ ਦੇ ਹੱਲ ਵੱਲ ਜਜ਼ਬਾਤੀ ਪਹੁੰਚ ਦੀ ਥਾਂ ਭਾਸ਼ਾ-ਵਿਗਿਆਨਕ ਪਹੁੰਚ ਅਪਣਾਉਣ ਅਤੇ ਪੰਜਾਬੀ ਦੇ ਵਿਕਾਸ ਦੇ ਰਾਹ ਦੀਆਂ ਸਭ ਰੋਕਾਂ ਦੀ ਨਿਸ਼ਾਨਦੇਹੀ ਕਰ ਕੇ ਉਹਨਾਂ ਨੂੰ ਦੂਰ ਕਰਨ ਦੇ ਗੰਭੀਰ ਉਪਰਾਲੇ ਸ਼ੁਰੂ ਕਰਨ।

ਦੂਜੀ, ਪੰਜਾਬ ਵਿਚ ਪੰਜਾਬੀ ਨੂੰ ਕਾਗ਼ਜ਼ੀ ਦੀ ਥਾਂ ਸਹੀ ਅਰਥਾਂ ਵਿਚ ਰਾਜਭਾਸ਼ਾ ਦਾ ਸਥਾਨ ਮਿਲਣਾ ਚਾਹੀਦਾ ਹੈ। ਇਸ ਕਾਨੂੰਨ ਵਿਚ ਜੋ ਕਮਜ਼ੋਰੀਆਂ ਹਨ, ਉਹ ਸੋਧਾਂ ਕਰ ਕੇ ਤੁਰਤ ਦੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਖ਼ਾਤਰ ਸਮਾਜਕ-ਰਾਜਨੀਤਕ ਚੇਤਨਾ ਅਤੇ ਲਾਮਬੰਦੀ ਦੀ ਲੋੜ ਹੈ। ਸਾਡੇ ਬਹੁਤ ਸਾਰੇ ਪੜ੍ਹੇ-ਲਿਖੇ ਸਮਾਜਕ ਅਤੇ ਰਾਜਨੀਤਕ ਆਗੂ ਵੀ ਭਾਸ਼ਾ ਦੀ ਮਹੱਤਤਾ ਸਮਝਣ ਦੇ ਪੱਖੋਂ ਅਨਪੜ੍ਹ ਹੀ ਹਨ। ਰਾਜਭਾਸ਼ਾ ਕਾਨੂੰਨ ਦੀਆਂ ਤਰੁਟੀਆਂ ਦੂਰ ਕਰਵਾਉਣ ਲਈ ਸੋਧਾਂ ਤੋਂ ਪੰਜਾਬ ਸਰਕਾਰ ਦੇ ਲਗਾਤਾਰ ਇਨਕਾਰ ਕਾਰਨ ਪੰਜਾਬੀ ਲੇਖਕਾਂ ਅਤੇ ਹੋਰ ਹਿਤੈਸ਼ੀਆਂ ਨੂੰ ਵਾਰ-ਵਾਰ ਚੰਡੀਗੜ੍ਹ ਵਿਚ ਧਰਨਿਆਂ ਤੇ ਅੰਦੋਲਨਾਂ ਦਾ ਰਾਹ ਫੜਨਾ ਪੈਂਦਾ ਹੈ। ਪਰ ਇਹ ਸਭ ਜਤਨ ਅਣਸੁਣਦੀ ਸਰਕਾਰ ਦੀ ਚੁੱਪ ਕਾਰਨ ਅਜੇ ਤੱਕ ਅਸਫਲ ਰਹਿੰਦੇ ਆਏ ਹਨ।

ਤੀਜੀ, ਪੰਜਾਬੀ ਦੇ ਵਿੱਦਿਅਕ-ਅਕਾਦਮਿਕ ਖੇਤਰ ਦੀ ਸੰਪੂਰਨ ਨਵਿਆਈ ਬੇਹੱਦ ਜ਼ਰੂਰੀ ਹੈ। ਪਹਿਲੇ ਕਦਮ ਵਜੋਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕੇਵਲ ਅਜਿਹੇ ਅਧਿਆਪਕ ਰੱਖੇ ਜਾਣ ਜਿਨ੍ਹਾਂ ਨੂੰ ਪੰਜਾਬੀ ਠੀਕ ਬੋਲਣੀ ਤੇ ਲਿਖਣੀ ਆਉਂਦੀ ਹੋਵੇ ਅਤੇ ਜਿਨ੍ਹਾਂ ਦੀ ਵਿਦਵਤਾ ਦਾ ਆਧਾਰ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਤੇ ਸਮਾਜ ਦੀ ਸਮਝ ਹੋਵੇ। ਹੋਰ ਭਾਸ਼ਾਵਾਂ ਤੋਂ ਪ੍ਰਾਪਤ ਹੁੰਦਾ ਗਿਆਨ ਉਹਨਾਂ ਦੇ ਇਸ ਆਧਾਰ ਨੂੰ ਅਮਰਵੇਲ ਵਾਂਗ ਸੋਕ-ਨਿਚੋੜ ਕੇ ਪੂਰੀ ਤਰ੍ਹਾਂ ਕਜਦਿਆਂ ਆਪ ਹੀ ਨਾ ਛਾ ਜਾਵੇ ਸਗੋਂ ਦੀਵੇ ਕੋਲ ਦੀਵਾ ਜਗਣ ਵਾਂਗ ਉਸ ਦੀ ਜੋਤ ਵਿਚ ਵਾਧਾ ਕਰੇ।

* * *

ਦੁਨੀਆ ਭਰ ਵਿਚ ਸੈਂਕੜੇ ਭਾਸ਼ਾਵਾਂ ਮਰੀਆਂ ਹਨ ਅਤੇ ਸੈਂਕੜੇ ਮਰ ਰਹੀਆਂ ਹਨ। ਸੰਸਾਰ ਦੀਆਂ ਭਾਸ਼ਾਵਾਂ ਦੀ ਸਹੀ ਗਿਣਤੀ ਪਤਾ ਕਰਨੀ ਤਾਂ ਸੰਭਵ ਨਹੀਂ, ਮੋਟੇ ਅੰਦਾਜ਼ੇ ਅਨੁਸਾਰ ਇਸ ਸਮੇਂ 6,000 ਭਾਸ਼ਾਵਾਂ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਅੱਧੀਆਂ ਕੇਵਲ ਚਾਰ ਦੇਸਾਂ, ਭਾਰਤ, ਇੰਡੋਨੇਸ਼ੀਆ, ਨਾਈਜੇਰੀਆ ਅਤੇ ਪਾਪੂਆ ਨਿਊ ਗਿਨੀ ਵਿਚ ਬੋਲੀਆਂ ਜਾਂਦੀਆਂ ਹਨ। ਸਾਡੇ ਦੇਸ ਵਿਚ ਭਾਸ਼ਾਵਾਂ ਦੀ ਹਾਲਤ ਪਤਲੀ ਪੈਂਦੇ ਜਾਣ ਦਾ ਮੂਲ ਕਾਰਨ ਭਾਸ਼ਾਈ ਵੰਨਸੁਵੰਨਤਾ ਨੂੰ ਕਦਰਜੋਗ ਸਮਾਜਕ-ਸਭਿਆਚਾਰਕ ਧਰੋਹਰ ਦੀ ਥਾਂ ਵਾਧੂ ਖਿਲਾਰਾ ਅਤੇ ਬੋਝ ਸਮਝੇ ਜਾਣਾ ਹੈ। ਭਾਸ਼ਾ ਦੇ ਸਿਆਣਿਆਂ ਦਾ ਅੰਦਾਜ਼ਾ ਅਤੇ ਫ਼ਿਕਰ ਹੈ ਕਿ ਇਹਨਾਂ ਵਿਚੋਂ 4,000 ਭਾਸ਼ਾਵਾਂ ਇਸ ਸਦੀ ਦੇ ਅੰਤ ਤੱਕ ਲੋਪ ਹੋ ਜਾਣਗੀਆਂ ਅਤੇ ਬਾਕੀ ਬਚੀਆਂ 2,000 ਭਾਸ਼ਾਵਾਂ ਵਿਚੋਂ ਵੀ ਕੁਝ ਸੈਂਕੜੇ ਹੀ ਆਪਣੀ ਪੂਰੀ ਆਭਾ ਕਾਇਮ ਰੱਖ ਸਕਣਗੀਆਂ।

ਜੇ ਪੰਜਾਬੀ ਭਾਈਚਾਰਾ ਪੰਜਾਬੀ ਦੀਆਂ ਅਕਾਦਮਿਕ ਅਤੇ ਰਾਜਨੀਤਕ ਸਮੱਸਿਆਵਾਂ ਦੇ ਹੱਲ ਵਾਸਤੇ ਇਕਮੁੱਠ ਅਤੇ ਜਾਗ੍ਰਿਤ ਨਾ ਹੋਇਆ ਤਾਂ ਯੂਨੈਸਕੋ ਨੇ ਪੰਜਾਹ ਸਾਲਾਂ ਵਿਚ ਪੰਜਾਬੀ ਦੇ ਖ਼ਾਤਮੇ ਦੀ ਭਵਿੱਖਬਾਣੀ ਤੋਂ ਭਾਵੇਂ ਇਨਕਾਰ ਕਰ ਦਿੱਤਾ ਹੋਵੇ ਪਰ ਖ਼ਤਰੇ ਦੀ ਲਕੀਰ ਲੰਘ ਚੁੱਕੀਆਂ 197 ਬੋਲੀਆਂ ਵਾਲੇ ਭਾਰਤ ਨੂੰ ਪਹਿਲਾ ਸਥਾਨ ਦੇਣ ਵਾਲੀ ਉਹਦੀ ਸੂਚੀ ਕਾਇਮ ਹੈ! ਪੰਜਾਬੀ ਦੀ ਅਜਿਹੀ ਹੋਣੀ ਦੀ ਸੰਭਾਵਨਾ ਤੋਂ ਅੱਖਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ। ਪੰਜਾਹ ਸਾਲ ਨਾ ਸਹੀ, ਸੌ ਸਹੀ, ਦੋ ਸੌ ਸਹੀ, ਪਰ ਤਿਲ੍ਹਕਦੀ ਜਾਂਦੀ ਭਾਸ਼ਾ ਆਖ਼ਰ ਕਦੀ ਤਾਂ ਥੱਲੇ ਜਾ ਹੀ ਪਹੁੰਚੇਗੀ।

ਤੇ ਜਦੋਂ ਕੋਈ ਭਾਸ਼ਾ ਮਰਦੀ ਹੈ, ਨਾਲ ਹੀ ਉਸ ਭਾਈਚਾਰੇ ਦੀ ਸਦੀਆਂ ਦੌਰਾਨ ਸਿਰਜੀ ਗਈ ਸਭਿਆਚਾਰਕ ਵਿਰਾਸਤ, ਇਕੱਤਰ ਕੀਤੀ ਗਈ ਸੂਝ-ਸਿਆਣਪ, ਵਿਕਸਿਤ ਕੀਤੀ ਗਈ ਜੀਵਨ-ਜਾਚ ਅਤੇ ਨਤੀਜੇ ਵਜੋਂ ਨਵੇਕਲੀ-ਨਿਆਰੀ ਵੱਖਰੀ ਹੋਂਦ ਵੀ ਮਰ ਜਾਂਦੀ ਹੈ।

(ਸੰਪਰਕ: 011-42502364)

Sri Satguru Jagjit Singh Ji eLibrary NamdhariElibrary@gmail.com

ਬੋਲੀ ਬਾਰੇ ਵਿਗਿਆਨਕ ਤੱਥ

✍-ਡਾ. ਹਰਸ਼ਿੰਦਰ ਕੌਰ ਐਮ.ਡੀ,

ਅਮਰੀਕਾ ਵਿਚ ਬੋਲੀ ਉੱਤੇ ਸੇਲੇਸਤੇ ਰੋਜ਼ਬੈਰੀ, ਮੈੱਕਿਬਨ ਤੇ ਐਲੀਜ਼ਾਂਡਰੋ ਬਰਾਈਸ ਦੀ ਕੀਤੀ ਖੋਜ ਤਹਿਤ ਬਹੁਤ ਹੀ ਜਾਣਕਾਰੀ ਭਰਪੂਰ ਤੱਥ ਸਾਹਮਣੇ ਆਏ ਹਨ। ਅਮਰੀਕਾ ਵਿਚ 2030 ਤਕ ਲਗਭਗ ਸਾਰੇ ਸਕੂਲੀ ਬੱਚਿਆਂ ਵਿੱਚੋਂ ਚਾਲੀ ਪ੍ਰਤੀਸ਼ਤ ਬੱਚੇ ਅਜਿਹੇ ਹੋਣਗੇ ਜਿਹੜੇ ਅੰਗਰੇਜ਼ੀ ਸਿੱਖਦੇ ਹੋਣਗੇ, ਕਿਉਂਕਿ ਉਨਾਂ ਦੀ ਮਾਂ-ਬੋਲੀ ਕੋਈ ਹੋਰ ਹੋਵੇਗੀ। ਕਈ ਥਾਵਾਂ ਤੇ ਖ਼ਾਸਕਰ ਕੈਲੀਫ਼ੋਰਨੀਆ ਵਿਚ ਹੁਣ ਵੀ ਸੱਤਰ ਪ੍ਰਤੀਸ਼ਤ ਸਕੂਲੀ ਬੱਚਿਆਂ ਦੀ ਮਾਂ-ਬੋਲੀ ਅੰਗਰੇਜ਼ੀ ਨਹੀਂ ਹੈ, ਬਲਕਿ ਸਪੈਨਿਸ਼ , ਫ਼ਰੈਂਚ, ਜਰਮਨ, ਪੰਜਾਬੀ, ਹਿੰਦੀ ਆਦਿ ਹੈ।

ਇਸੇ ਲਈ ਇਹ ਖੋਜ ਕੀਤੀ ਗਈ ਕਿ ਅਜਿਹੇ ਬੱਚਿਆਂ ਨੂੰ ਕਦੋਂ ਅੰਗਰੇਜ਼ੀ ਭਾਸ਼ਾ ਸਿਖਾਈ ਜਾਵੇ ਤਾਂ ਜੋ ਉਹ ਅਮਰੀਕਾ ਵਿਚ ਸਫਲ ਜ਼ਿੰਦਗੀ ਜੀਅ ਸਕਣ।

ਉੱਥੋਂ ਦੇ ਬੋਲੀ-ਵਿਗਿਆਨੀਆਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਕੋਈ ਵੀ ਨਵੀਂ ਬੋਲੀ ਸਿੱਖਣ ਲੱਗਿਆਂ ਜਿਹੜਾ ਬੱਚਾ ਆਪਣੀ ਮਾਂ-ਬੋਲੀ ਵਧੀਆ ਤਰੀਕੇ ਨਾਲ ਜਾਣਦਾ ਹੋਵੇ, ਉਹੀ ਦੂਜੀ ਬੋਲੀ ਜਲਦੀ ਤੇ ਵਧੀਆ ਤਰੀਕੇ ਨਾਲ ਸਿੱਖਦਾ ਹੈ। ਨਵੀਂ ਬੋਲੀ ਦੀਆਂ ਬਰੀਕੀਆਂ ਵੀ, ਜਿਹੜੇ ਬੱਚੇ ਮਾਂ-ਬੋਲੀ ਪੂਰੀ ਤਰ੍ਹਾਂ ਬੋਲਣ ਵਿਚ ਸਮਰੱਥ ਹੋਣ, ਉਹੀ ਜ਼ਿਆਦਾ ਛੇਤੀ ਸਮਝਦੇ ਹਨ। ਇਸੇ ਲਈ ਅਮਰੀਕੀ ਭਾਸ਼ਾ-ਵਿਗਿਆਨੀਆਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੇ ਵੀ ਅਮਰੀਕਾ ਵਿਚ ਵੱਸਦੇ ਗੈਰ-ਅਮਰੀਕੀ ਟੱਬਰਾਂ ਦੇ ਬੱਚੇ ਹਨ, ਉਹ ਪਹਿਲਾਂ ਆਪਣੀ ਮਾਂ-ਬੋਲੀ ਤੇ ਆਪਣੇ ਸੱਭਿਆਚਾਰ ਵਿਚ ਪਰਪੱਕ ਹੋਣ, ਤਾਂ ਹੀ ਉਹ ਬੱਚੇ ਬਹੁਤ ਵਧੀਆ ਤਰੀਕੇ ਨਾਲ ਅੰਗਰੇਜ਼ੀ ਭਾਸ਼ਾ ਸਿੱਖ ਸਕਦੇ ਹਨ। ਅਜਿਹੇ ਬੱਚਿਆਂ ਦਾ ਮਾਨਸਿਕ ਵਿਕਾਸ ਦੂਜੇ ਬੱਚਿਆਂ ਨਾਲੋਂ ਘੱਟ ਹੁੰਦਾ ਹੈ, ਜਿਹੜੇ ਛੇਤੀ ਮਾਂ-ਬੋਲੀ ਤੋਂ ਟੁੱਟ ਕੇ ਅੰਗਰੇਜ਼ੀ ਸਿੱਖਣ ਲੱਗ ਜਾਂਦੇ ਹਨ ਅਤੇ ਸਕੂਲ ਵਿਚ ਵੀ ਇਹ ਬੱਚੇ ਘੱਟ ਨੰਬਰ ਲੈਂਦੇ ਹਨ।

ਦੋ ਭਾਸ਼ਾਵੀ ਬੱਚੇ ਅਮਰੀਕਾ ਵਾਲਿਆਂ ਨੂੰ ਆਪਣੇ ਆਰਥਿਕ ਵਿਕਾਸ ਲਈ ਵਧੀਆ ਜਾਪੇ ਹਨ, ਇਸੇ ਲਈ ਉਨ੍ਹਾਂ ਹਰ ਗੈਰ-ਅਮਰੀਕੀ ਮਾਪਿਆਂ ਨੂੰ ਤਾਕੀਦ ਕੀਤੀ ਹੈ ਕਿ ਉਹ ਘਰ ਵਿਚ ਬੱਚਿਆਂ ਨਾਲ ਮਾਂ-ਬੋਲੀ ਹੀ ਬੋਲਣ ਤਾਂ ਜੋ ਬੱਚਾ ਮਾਂ-ਬੋਲੀ ਵਿਚ ਪਰਪੱਕ ਹੋ ਸਕੇ ।

ਪਹਿਲਾਂ ਦੀ ਕੀਤੀ ਭਾਸ਼ਾ-ਵਿਗਿਆਨੀਆਂ ਦੀ ਖੋਜ ਦਾ ਸਿੱਟਾ ਸੀ ਕਿ ਜਿੰਨੀ ਜ਼ਿਆਦਾ ਛੇਤੀ ਅੰਗਰੇਜ਼ੀ ਪੜ੍ਹਾਈ ਜਾਏ ਤੇ ਮਾਂ-ਬੋਲੀ ਤੋਂ ਜਿੰਨਾ ਛੇਤੀ ਬੱਚਾ ਦੂਰ ਕੀਤਾ ਜਾ ਸਕੇ , ਬੱਚਾ ਓਨੀ ਹੀ ਜਲਦੀ ਅੰਗਰੇਜ਼ੀ ਭਾਸ਼ਾ ਸਿੱਖੇਗਾ। ਇਸ ਤਰ੍ਹਾਂ ਨਾਲ ਉਹੀ ਬੱਚੇ ਜਿਹੜੇ ਅੱਜ ਪੈਂਤੀ ਚਾਲੀ ਸਾਲ ਦੇ ਹੋ ਚੁੱਕੇ ਹਨ, ਉਨ੍ਹਾਂ ਵਿਚ ਅੰਗਰੇਜ਼ੀ ਬੋਲੀ ਸਿੱਖਣ ਲੱਗਿਆਂ ਬਹੁਤ ਜ਼ਿਆਦਾ ਵਕਤ ਲੱਗਿਆ ਤੇ ਪਰਪੱਕ ਹੋਣ ਦੇ ਬਾਅਦ ਵੀ ਉਹ ਕਈ ਬਰੀਕੀਆਂ ਚੰਗੀ ਤਰ੍ਹਾਂ ਨਹੀਂ ਸਨ ਸਮਝ ਸਕੇ। ਇਸੇ ਲਈ ਅਮਰੀਕੀਆਂ ਨੇ ਦੋ ਭਾਸ਼ਾਵੀ ਬੱਚਿਆਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ। ਅਮਰੀਕੀ ਭਾਸ਼ਾ-ਵਿਗਿਆਨੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਘਰਾਂ ਵਿਚ ਮਾਂ-ਬੋਲੀ ਵਰਤਣ ਦੇ ਬਾਵਜੂਦ ਨਰਸਰੀ ਤੇ ਪਹਿਲੀ ਜਮਾਤ ਵਿਚ ਨੱਬੇ ਪ੍ਰਤੀਸ਼ਤ ਸਿਰਫ਼ ਮਾਂ-ਬੋਲੀ ਹੀ ਬੱਚੇ ਬੋਲਣ ਤੇ ਦਸ ਪ੍ਰਤੀਸ਼ਤ ਅੰਗਰੇਜ਼ੀ । ਜਿਵੇਂ ਜਿਵੇਂ ਅੰਗਰੇਜ਼ੀ ਭਾਸ਼ਾ ਸਿੱਖਣ ਵਿਚ ਨਿਖਾਰ ਆਉਂਦਾ ਜਾਏ, ਜਿਹੜਾ ਕਿ ਬੱਚੇ ਮਾਂ-ਬੋਲੀ ਤੋਂ ਤਰਜਮਾ ਕਰ ਕੇ ਫਟਾਫਟ ਸਿੱਖਣ ਲੱਗ ਪੈਂਦੇ ਹਨ, ਉਨ੍ਹਾਂ ਨੂੰ ਛੇਵੀਂ ਜਮਾਤ ਤਕ ਪਹੁੰਚਦੇ ਪਹੁੰਚਦੇ ਪੰਜਾਹ ਪ੍ਰਤੀਸ਼ਤ ਅੰਗਰੇਜ਼ੀ ਤੇ ਪੰਜਾਹ ਪ੍ਰਤੀਸ਼ਤ ਮਾਤ-ਭਾਸ਼ਾ ਵਿਚ ਸਿੱਖਦੇ ਰਹਿਣਾ ਚਾਹੀਦਾ ਹੈ।

ਇਸ ਤੋਂ ਇਕ ਦੋ ਸਾਲ ਬਾਅਦ ਨੱਬੇ ਪ੍ਰਤੀਸ਼ਤ ਅੰਗਰੇਜ਼ੀ ਤੇ ਦਸ ਪ੍ਰਤੀਸ਼ਤ ਮਾਤ-ਭਾਸ਼ਾ ਚਾਲੂ ਰਹਿਣੀ ਚਾਹੀਦੀ ਹੈ।

ਇਹ ਤਾਂ ਹੋਈ ਅਮਰੀਕਾ ਵਿਚ ਵੱਸਣ ਵਾਲੇ ਬੱਚਿਆਂ ਵਾਸਤੇ ਕੀਤੀ ਬੋਲੀ ਸਿੱਖਣ ਲਈ ਖੋਜ, ਪਰ ਜਿਹੜੇ ਅਮਰੀਕਾ ਦੀ ਥਾਂ ਫ਼ਰਾਂਸ ਜਾਂ ਜਰਮਨੀ ਵਿਚ ਵੱਸਣਾ ਚਾਹ ਰਹੇ ਹਨ, ਉਨ੍ਹਾਂ ਬੱਚਿਆਂ ਉੱਤੇ ਵੀ ਨਵੀਂ ਬੋਲੀ ਸਿੱਖਣ ਦਾ ਇਹੀ ਅਸੂਲ ਲਾਗੂ ਹੁੰਦਾ ਹੈ।

ਇਹ ਵੇਖਿਆ ਗਿਆ ਹੈ ਕਿ ਮਾਂ-ਬੋਲੀ ਵਿਚ ਪਰਪੱਕ ਬੱਚੇ ਅੰਗਰੇਜ਼ੀ ਤੋਂ ਸਿਵਾ ਹੋਰ ਵੀ ਹਰ ਬੋਲੀ ਬਹੁਤ ਛੇਤੀ ਸਿੱਖ

Sri Satguru Jagjit Singh Ji eLibrary NamdhariElibrary@gmail.com

ਲੈਂਦੇ ਹਨ ਤੇ ਜ਼ਿਆਦਾ ਡੂੰਘਿਆਈ ਨਾਲ ਸਿੱਖਦੇ ਹਨ। ਇਸ ਦਾ ਵੀ ਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ।

ਦਰਅਸਲ ਜਦੋਂ ਬੱਚਾ ਅਜੇ ਮਾਂ ਦੇ ਢਿੱਡ ਵਿਚ ਹੀ ਹੁੰਦਾ ਹੈ ਤਾਂ ਉਸ ਨੂੰ ਆਪਣੀ ਮਾਂ ਦੀ ਆਵਾਜ਼ ਕੰਨੀਂ ਪੈਂਦੀ ਰਹਿੰਦੀ ਹੈ। ਬਾਕੀ ਦੀ ਕਸਰ ਉਹ ਮਾਂ ਦੀ ਗੋਦ ਵਿਚ ਪੂਰੀ ਕਰ ਲੈਂਦਾ ਹੈ , ਜਦੋਂ ਉਹ ਮਾਂ ਦੇ ਹਿਲਦੇ ਬੁੱਲਾਂ ਦੇ ਨਾਲ ਆਵਾਜ਼ ਵੀ ਸੁਣਦਾ ਰਹਿੰਦਾ ਹੈ ਤੇ ਚੀਜ਼ਾਂ ਵੇਖ ਕੇ ਉਨ੍ਹਾਂ ਨਾਲ ਉਸੇ ਅੱਖਰ ਦੀ ਸਾਂਝ ਵੀ ਬਣਾ ਲੈਂਦਾ ਹੈ। ਦਰਅਸਲ ਦਿਲੋਂ ਉਮੜਦੇ ਪਿਆਰ ਵਿਚ ਮੂੰਹੋ ਮਾਂ-ਬੋਲੀ ਵਿਚ ਹੀ ਅੱਖਰ ਨਿਕਲਦੇ ਹਨ, ਜਿਵੇਂ ਪੰਜਾਬੀ ਮਾਂ ਆਪਣੀ ਗੋਦ ਵਿਚ ਪਏ ਬੱਚੇ ਨੂੰ "ਗੁਗਲੂ-ਮੁਗਲੂ , ਸੋਨੂੰ , ਮੋਨੂੰ' ਕਹਿ ਕੇ ਤਾਂ ਚੁੰਮਦੀ ਵੇਖੀ ਗਈ ਹੈ, ਪਰ 'ਸਵੀਟ, ਲਵਲੀ, ਫੈਂਟਾਸਟਿਕ, ਵੰਡਰਫੁੱਲ' ਕਹਿ ਕੇ ਨਹੀਂ ।

ਨਿੱਕੇ ਬੱਚੇ ਦਾ ਵਧਦਾ ਦਿਮਾਗ਼ ਵੀ ਫੱਟ ਉਹ ਸੁਨੇਹਾ ਫੜ ਲੈਂਦਾ ਹੈ ਕਿ ਜਿਹੜੇ ਅੱਖਰ ਮਾਂ ਨੇ ਸੋਚਣ ਤੋਂ ਬਿਨਾਂ ਪਿਆਰ ਵਿਚ ਭਿੱਜ ਕੇ ਬੋਲੇ, ਉਹ ਤਾਂ ਡੂੰਘਾ ਪਿਆਰ ਦਰਸਾਉਂਦੇ ਹਨ, ਪਰ ਜਿਹੜੇ ਅੱਖਰ ਬੋਲਣ ਲੱਗਿਆਂ ਮਾਂ ਸੋਚਣ ਲੱਗ ਪਈ ਹੈ, ਉਹ ਅੱਖਰ ਓਨੇ ਮੋਹ ਭਿੱਜੇ ਨਹੀਂ ਹਨ।

ਬੋਲੀ ਦੀ ਹਰ ਡੂੰਘਿਆਈ ਬੱਚਾ ਮਾਂ ਤੋਂ ਆਪਣੇ ਆਪ ਹੀ ਸਿੱਖ ਲੈਂਦਾ ਹੈ ਕਿ ਸਿਹਾਰੀ, ਬਿਹਾਰੀ, ਲਾਵਾਂ, ਦੁਲੈਂਕੜੇ ਆਦਿ ਕਿੱਥੇ ਲੱਗਣੇ ਹਨ। ਵਚਨ, ਬਹੁਵਚਨ, ਨਾਂਵ, ਪੜਨਾਂਵ, ਉਹ ਕਿਤਾਬਾਂ ਵਿਚ ਪੜ੍ਹਨ ਤੋਂ ਪਹਿਲਾਂ ਹੀ ਜਾਣਦਾ ਹੁੰਦਾ ਹੈ ਕਿ 'ਚਿੜੀ ਉੱਡੇਗੀ ਤੇ 'ਚਿੜੀਆਂ ਉੱਡਣਗੀਆਂ।

ਦੋ ਸਾਲ ਦੀ ਬੱਚੀ ਇਹ ਬਾਖ਼ੂਬੀ ਸਮਝਦੀ ਹੈ ਕਿ ਕੁੜੀਆਂ ਨਾਲ ਮੈਂ 'ਜਾਵਾਂਗੀ, ਅੱਖਰ ਲੱਗਦੇ ਹਨ ਤੇ ਮੁੰਡੇ ਨਾਲ 'ਜਾਵੇਗਾ, ਅੱਖਰ ਹੀ ਵਰਤਣੇ ਹਨ।

ਜਦੋਂ ਛੋਟੇ ਬੱਚੇ ਨੂੰ ਕਿਸੇ ਵੀ ਨਵੀਂ ਬੋਲੀ ਦੇ ਅੱਖਰ ਸਿਖਾਉਣੇ ਸ਼ੁਰੂ ਕੀਤੇ ਜਾਣ ਤਾਂ ਪਹਿਲੀ ਪੌੜੀ ਹੁੰਦੀ ਹੈ, 'ਚੁੱਪੀ ਦਾ ਦੌਰ। ਇਸ ਦੌਰਾਨ ਬੱਚਾ ਨਵਾਂ ਅੱਖਰ ਧਿਆਨ ਨਾਲ ਸੁਣਦਾ ਹੈ ਤੇ ਉਸ ਦਾ ਦਿਮਾਗ਼ ਉਸ ਅੱਖਰ ਨੂੰ ਘੋਖਦਾ ਹੈ ਕਿ ਕਿਤੇ ਪਹਿਲਾਂ ਦੇ ਜਮਾਂ ਹੋਏ ਅੱਖਰ-ਗਿਆਨ ਵਿਚ ਕਿਸੇ ਨਾਲ ਇਹ ਰਲਦਾ ਹੈ ਕਿ ਨਹੀਂ। ਇਸ ਦੌਰਾਨ ਬੱਚੇ ਘੱਟ ਬੋਲਦੇ ਹਨ ਤੇ ਜ਼ਿਆਦਾ ਸਮਝਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਨਵੇਂ ਅੱਖਰ ਛੇਤੀ ਯਾਦ ਕੀਤੇ ਜਾ ਸਕਣ। ਇਸ ਦੌਰਾਨ ਦਿਮਾਗ਼ ਅੰਦਰ ਕੰਪਿਊਟਰ ਵਾਂਗ ਕੋਡਿੰਗ ਤੇ ਅਨ-ਡਿੰਗ ਚੱਲਦੀ ਰਹਿੰਦੀ ਹੈ ਤੇ ਨਵੇਂ ਅੱਖਰਾਂ ਦੀ ਸਾਂਝ ਪੁਰਾਣੇ ਅੱਖਰਾਂ ਨਾਲ ਜੋੜੀ ਜਾਂਦੀ ਹੈ।

ਜੇ ਬੱਚਾ ਵੱਡਾ ਹੋਵੇ ਅਤੇ ਇਕ ਬੋਲੀ ਵਿਚ ਪਹਿਲਾਂ ਪਰਪੱਕ ਹੋਵੇ ਤਾਂ ਇਹ ਸਾਂਝ ਛੇਤੀ ਬਣ ਜਾਂਦੀ ਹੈ ਤੇ ਇਹ ਚੁੱਪੀ ਦਾ ਦੌਰ ਕੁੱਝ ਹਫ਼ਤਿਆਂ ਤੋਂ ਕੁੱਝ ਮਹੀਨਿਆਂ ਵਿਚ ਖ਼ਤਮ ਹੋ ਜਾਂਦਾ ਹੈ। ਇਸ ਤੋਂ ਬਾਅਦ ਬੱਚਾ ਦੂਜੀ ਬੋਲੀ ਵੀ ਫ਼ਰਾਟੇਦਾਰ ਬੋਲਣਾ ਸਿੱਖ ਜਾਂਦਾ ਹੈ ਤੇ ਹੌਲੀ ਹੌਲੀ ਨਵੀਂ ਬੋਲੀ ਦੀਆਂ ਸਾਰੀਆਂ ਬਰੀਕੀਆਂ ਵੀ ਪਹਿਲਾਂ ਦੀ ਸਿੱਖੀ ਬੋਲੀ ਨਾਲ ਸਾਂਝ ਕੱਢ ਕੇ ਛੇਤੀ ਹੀ ਸਿੱਖ ਲੈਂਦਾ ਹੈ।

ਜੇ ਬਹੁਤ ਛੋਟੇ ਬੱਚੇ ਤੇ ਦੂਜੀ ਬੋਲੀ ਸਿੱਖਣ ਦਾ ਭਾਰ ਪਾ ਦਿੱਤਾ ਜਾਵੇ ਤਾਂ ਉਸ ਦਾ ਦਿਮਾਗ਼ ਜੋ ਅਜੇ ਮਾਂ-ਬੋਲੀ ਹੀ ਪੂਰੀ ਤਰਾਂ ਨਹੀਂ ਸਿੱਖਿਆ ਹੁੰਦਾ, ਨਵੀਂ ਬੋਲੀ ਦੀ ਕੋਡਿੰਗ ਅਨ-ਕੋਡਿੰਗ ਬਹੁਤ ਹੌਲੀ ਕਰਦਾ ਹੈ, ਕਿਉਂਕਿ ਪਹਿਲੀ ਬੋਲੀ ਦੇ ਪੂਰੇ ਅੱਖਰ ਅਜੇ ਦਿਮਾਗ਼ ਵਿਚ ਭਰੇ ਹੀ ਨਹੀਂ ਹੁੰਦੇ। ਮਾਂ-ਬੋਲੀ ਦੀਆਂ ਬਰੀਕੀਆਂ ਨਾ ਸਮਝਣ ਵਾਲੇ ਦੋ ਜਾਂ ਤਿੰਨ ਵਰਿਆਂ ਦੇ ਬੱਚੇ ਵਿਚ ਇਹ ਚੁੱਪੀ ਦਾ ਦੌਰ ਸਾਲ ਜਾਂ ਇਸ ਤੋਂ ਵੀ ਵੱਧ ਚੱਲਦਾ ਹੈ।

ਇਸ ਤੋਂ ਇਲਾਵਾ ਬਹੁਤੇ ਛੋਟੇ ਬੱਚੇ ਨੂੰ ਨਵੀਂ ਭਾਸ਼ਾ ਸਿਖਾਉਣ ਨਾਲ ਉਸ ਬੱਚੇ ਦਾ ਦਿਮਾਗ਼ ਅਨ-ਕੋਡਿੰਗ ਠੀਕ ਤਰੀਕੇ ਨਾਲ ਨਹੀਂ ਕਰ ਸਕਦਾ ਤੇ ਉਹ ਬੱਚੇ ਦੋ ਭਾਸ਼ਾਵਾਂ ਦਾ ਮਿਸ਼ਰਣ ਕਰਨ ਲੱਗ ਪੈਂਦੇ ਹਨ, ਯਾਨੀ ਇਕ ਗੱਲ ਕਹਿਣ ਲੱਗਿਆਂ ਕੁੱਝ ਅੱਖਰ ਮਾਂ-ਬੋਲੀ ਤੇ ਕੁੱਝ ਨਵੀਂ ਭਾਸ਼ਾ ਦੇ। ਜਿਵੇਂ "ਮੰਮੀ, ਸੁਸੂ ਕਰਿੰਗ, ਗੋਇੰਗ ਜਾਂ "ਮੈਂ ਚੱਲਿਆਂ, ਫੌਰ ਆ ਡਰਾਈਵ" ਤੀਜੀ ਚੀਜ਼ ਜੋ ਛੇਤੀ ਨਵੀਂ ਬੋਲੀ ਸਿੱਖਣ ਵਾਲੇ ਬੱਚਿਆਂ ਵਿਚ ਵੇਖੀ ਗਈ ਹੈ, ਉਹ ਹੈ 'ਲੈਂਗਏਜ ਲੌਸ'। ਇਨ੍ਹਾਂ ਬੱਚਿਆਂ ਵਿਚ ਬੋਲੀ ਦੀ ਪਕੜ ਹੀ ਖ਼ਤਮ ਹੋ ਜਾਂਦੀ ਹੈ। ਜਿਵੇਂ ਹੀ ਉਨ੍ਹਾਂ ਨੂੰ ਮਾਂ-ਬੋਲੀ ਤੋਂ ਪੂਰੀ ਤਰਾਂ ਦੂਰ ਕਰ ਦਿੱਤਾ ਜਾਂਦਾ ਹੈ ਤੇ ਸਿਰਫ਼ ਨਵੀਂ ਬੋਲੀ ਸਿੱਖਣ ਤੇ ਪੂਰਾ ਜ਼ੋਰ ਲਾ ਦਿੱਤਾ ਜਾਂਦਾ ਹੈ, ਉਨ੍ਹਾਂ ਦੀ ਬੋਲੀ ਦੀ ਰਵਾਨੀ ਖ਼ਤਮ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਹੌਲੀ ਹੌਲੀ ਨਵੀਂ ਸਿੱਖੀ ਬੋਲੀ ਵਿਚ ਵੀ ਤਰੁੱਟੀਆਂ ਦਿੱਸਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਜੇ ਮਾਪੇ ਸਿਰਫ਼ ਮਾਂ-ਬੋਲੀ ਬੋਲੀ ਜਾਣ ਤੇ ਸਕੂਲ ਵਿਚ ਬੱਚਾ ਸਿਰਫ਼ ਨਵੀਂ ਬੋਲੀ ਬੋਲੇ ਤਾਂ ਇਸ ਨੂੰ 'ਸਬਟਰੈਕਟਿਵ ਬਾਈ-ਲਿੰਗੁਆਲਿਜ਼ਮ' ਕਹਿੰਦੇ ਹਨ। ਬੱਚੇ ਦੋ ਬੋਲੀਆਂ ਵਿਚਲੇ ਪਾੜ ਨੂੰ ਜੋੜ ਹੀ ਨਹੀਂ ਸਕਦੇ। ਇਸ ਨਾਲ ਬੱਚੇ ਵਿਚ ਆਤਮ ਵਿਸ਼ਵਾਸ ਦੀ ਕਮੀ ਵੀ ਹੋ ਜਾਂਦੀ ਹੈ ਤੇ ਮਾਨਸਿਕ ਤਣਾਓ ਦੇ ਨਾਲ ਨਾਲ ਬੱਚੇ ਵਿਚ ਮਾਨਸਿਕ ਵਿਗਾੜ ਤੇ ਢਹਿੰਦੀ ਕਲਾ ਵੀ

Sri Satguru Jagjit Singh Ji eLibrary NamdhariElibrary@gmail.com

ਸ਼ੁਰੂ ਹੋ ਸਕਦੀ ਹੈ। ਇਸ ਨਾਲ ਉਸ ਦੀ ਅਗਲੀ ਆਉਣ ਵਾਲੀ ਜ਼ਿੰਦਗੀ 'ਤੇ ਵੀ ਅਸਰ ਪੈ ਸਕਦਾ ਹੈ।

ਇਸੇ ਲਈ ਹੁਣ ਬੋਲੀ ਸਿਖਾਉਣ ਲਈ 'ਐਡੀਟਿਵ ਬਾਈ-ਲਿੰਗੁਆਲਿਜ਼ਮ 'ਤੇ ਹੀ ਦੁਨੀਆ ਭਰ ਵਿਚ ਜ਼ੋਰ ਪਾਇਆ ਜਾਂਦਾ ਹੈ, ਜਿਸ ਦੇ ਤਹਿਤ ਪਹਿਲਾਂ ਮਾਂ-ਬੋਲੀ ਨੂੰ ਪ੍ਰਪੱਕ ਕਰਨ ਦੀ ਤਰਜੀਹ ਦਿੱਤੀ ਜਾਂਦੀ ਹੈ ਤੇ ਫੇਰ ਦੋਵੇਂ ਬੋਲੀਆਂ ਨਾਲੋ-ਨਾਲ ਸਿਖਾਈਆਂ ਜਾਂਦੀਆਂ ਹਨ।

ਜਦੋਂ ਵੀ ਕੋਈ ਦੁਭਾਸ਼ੀ ਇਨਸਾਨ ਜਿਹੜਾ ਦੋਵੇਂ ਭਾਸ਼ਾਵਾਂ ਦਾ ਮਾਹਿਰ ਹੋਵੇ, ਕੋਈ ਰਚਨਾ ਘੜੇ ਤਾਂ ਉਹ ਆਪਣੇ ਆਪ ਹੀ ਬੇਮਿਸਾਲ ਚੀਜ਼ ਹੋਣੀ ਹੋਈ। ਜੇ ਕੋਈ ਅਰਬੀ ਭਾਸ਼ਾ ਦਾ ਵਿਦਵਾਨ, ਜਿਸ ਨੇ ਜਰਮਨ ਭਾਸ਼ਾ ਸਿੱਖੀ ਹੋਵੇ, ਆਪਣੀ ਭਾਸ਼ਾ ਦੇ ਗੂੜ੍ਹ ਗਿਆਨ ਨੂੰ ਜਰਮਨ ਵਿਚ ਲਿਖਦਾ ਹੈ ਜਾਂ ਜਰਮਨ ਭਾਸ਼ਾ ਦੇ ਗੂੜ੍ਹ ਗਿਆਨ ਨੂੰ ਆਪਣੀ ਮਾਂ-ਬੋਲੀ ਅਰਬੀ ਵਿਚ ਆਪਣੇ ਲੋਕਾਂ ਨੂੰ ਜਾਣਕਾਰੀ ਦਿੰਦਾ ਹੈ ਤਾਂ ਉਹ ਆਪਣੀ ਮਾਂ-ਬੋਲੀ ਨੂੰ ਅਮੀਰ ਬਣਾ ਰਿਹਾ ਹੁੰਦਾ ਹੈ। ਇਸੇ ਹੀ ਤਰ੍ਹਾਂ ਜੋ ਕੋਈ ਰੂਸੀ ਜ਼ੁਬਾਨ ਵਿਚ ਖੋਜ ਕਰ ਰਿਹਾ ਡਾਕਟਰ ਆਪਣੀ ਮਾਂ-ਬੋਲੀ ਉਰਦੂ ਵਿਚ ਇਹ ਜਾਣਕਾਰੀ ਲਿਖਦਾ ਹੈ ਤਾਂ ਵੀ ਕਮਾਲ ਦਾ ਸਾਹਿਤ ਉਰਦੂ ਵਿਚ ਹੋਂਦ ਵਿਚ ਆ ਜਾਵੇਗਾ। ਇਸੇ ਹੀ ਤਰ੍ਹਾਂ ਅੰਗਰੇਜ਼ੀ ਵਿਚ ਰਚਿਆ ਡਾਕਟਰੀ ਸਾਹਿਤ ਜੋ ਪੰਜਾਬੀ ਬੋਲੀ ਵਿਚ ਦੋਹਾਂ ਦਾ ਵਧੀਆ ਸੁਮੇਲ ਕਰ ਕੇ ਘੜ ਦਿੱਤਾ ਜਾਏ ਤਾਂ ਆਪੇ ਹੀ ਰੂਹ ਦੀ ਖ਼ੁਰਾਕ ਬਣ ਜਾਣਾ ਹੋਇਆ।

ਇਸੇ ਕਰਕੇ ਦੁਭਾਸ਼ੀ ਜਾਂ ਤਿਭਾਸ਼ੀ ਇਨਸਾਨਾਂ ਦੀ ਅੱਜ ਕੱਲ੍ਹ ਕਾਫ਼ੀ ਕਦਰ ਪੈਣ ਲੱਗ ਗਈ ਹੈ।

ਇਹ ਸਭ ਵਿਗਿਆਨਕ ਤੱਥ ਦੱਸਣ ਦਾ ਮੇਰਾ ਮਕਸਦ ਸੀ ਕਿ ਮਾਂ-ਬੋਲੀ ਦੀ ਅਹਿਮੀਅਤ ਸਮਝਾਈ ਜਾ ਸਕੇ । ਜੇ ਹੁਣ ਗੱਲ ਕਰੀਏ ਪੰਜਾਬੀ ਭਾਸ਼ਾ ਦੀ ਤਾਂ ਮੈਂ ਸ਼ਾਇਦ ਪੂਰਾ ਇਨਸਾਫ਼ ਨਾ ਕਰ ਸਕਾਂ, ਕਿਉਂਕਿ ਮੈਂ ਇਸ ਬੋਲੀ ਦੀ ਨਾ ਐਮ.ਏ. ਕੀਤੀ ਹੈ ਤੇ ਨਾ ਪੀ-ਐਚ.ਡੀ. , ਪਰ ਮੈਂ ਆਪਣੀ ਹੀ ਉਦਾਹਰਣ ਦੇ ਕੇ ਕੁੱਝ ਸਾਬਤ ਕਰਨਾ ਚਾਹੁੰਦੀ ਹਾਂ ।

ਮੈਨੂੰ ਮੇਰੇ ਪਿਤਾ ਪ੍ਰੋ. ਪ੍ਰੀਤਮ ਸਿੰਘ ਜੀ ਨੇ ਬਹੁਤ ਸਾਲ ਹੱਲਾਸ਼ੇਰੀ ਦਿੱਤੀ ਕਿ ਮੈਂ ਨੀਰਸ ਡਾਕਟਰੀ ਸਾਹਿਤ ਨੂੰ ਮਾਂ-ਬੋਲੀ ਪੰਜਾਬੀ ਵਿਚ ਲਿਖ ਕੇ ਜੋ ਪੰਜਾਬੀਆਂ ਨੂੰ ਇਸ ਗਿਆਨ ਸਾਹਿਤ ਬਾਰੇ ਜਾਣਕਾਰੀ ਦੇ ਦੇਵਾਂ ਤਾਂ ਇਹ ਮਾਂ-ਬੋਲੀ ਦੀ ਸੇਵਾ ਹੋਵੇਗੀ।

ਮੈਂ ਸ਼ਾਇਦ ਕਦੇ ਵੀ ਨਾ ਲਿਖਦੀ ਜੇ ਪਿੰਡਾਂ ਵਿਚ ਮੈਂ ਮੁਫ਼ਤ ਮੈਡੀਕਲ ਕੈਂਪ ਨਾ ਲਗਾਉਣ ਜਾਂਦੀ। ਅਨਪੜ੍ਹਤਾ ਕਾਰਨ ਪੰਜਾਬੀਆਂ ਦੀ ਹਲਕੀ ਬੀਮਾਰੀ ਵੀ ਮੈਂ ਕਈ ਗੁਣਾ ਵਧੀ ਵੇਖੀ। ਉਨ੍ਹਾਂ ਨੂੰ ਵੱਡੀ ਪੱਧਰ 'ਤੇ ਜਾਣਕਾਰੀ ਪਹੁੰਚਾਉਣ ਦਾ ਕੋਈ ਹੋਰ ਜ਼ਰੀਆ ਨਹੀਂ ਸੀ, ਸਿਵਾਏ ਅਖ਼ਬਾਰਾਂ ਰਾਹੀਂ ਲਿਖਣ ਦੇ। ਵਹਿਮਾਂ-ਭਰਮਾਂ ਵਿਚ ਜਿਸ ਤਰ੍ਹਾਂ ਉਹ ਡੁੱਬੇ ਪਏ ਸਨ, ਉਸ ਦੀ ਮਿਸਾਲ ਮੈਂ ਪਹਿਲਾਂ ਵੀ ਲੇਖ ਰਾਹੀਂ ਦੇ ਚੁੱਕੀ ਹਾਂ ਕਿ ਮੁੰਡਾ ਪੈਦਾ ਕਰਵਾਉਣ ਲਈ ਕਿਸ ਤਰ੍ਹਾਂ ਇਕ ਸੱਸ ਆਪਣੀ ਨੂੰਹ ਨੂੰ ਦਰੱਖ਼ਤ ਥੱਲੇ ਖੜਾ ਕਰਕੇ ਰੱਖਦੀ ਸੀ ਕਿ ਜੇ ਕਾਲਾ ਕਾਂ ਉਸ ਉੱਤੇ ਵਿੱਠ ਕਰ ਦੇਵੇ ਤਾਂ ਢਿੱਡ ਅੰਦਰਲਾ ਬੱਚਾ ਮੁੰਡੇ ਵਿਚ ਤਬਦੀਲ ਹੋ ਜਾਵੇਗਾ। ਇਹ ਸਭ ਵੱਡੀ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਨਾਲ ਹੀ ਠੀਕ ਹੋ ਸਕਦਾ ਸੀ।

ਇਸੇ ਕਰਕੇ ਮੈਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਲਿਖਣਾ ਸ਼ੁਰੂ ਕੀਤਾ। ਮੇਰੇ ਲੇਖ ਪੜ੍ਹ ਕੇ ਮੈਨੂੰ ਨੈਰੋਬੀ, ਇਟਲੀ, ਇੰਗਲੈਂਡ, ਕੈਨੇਡਾ, ਅਮਰੀਕਾ ਤੇ ਜਰਮਨੀ ਵਿਚ ਵੱਸਦੇ ਪੰਜਾਬੀ ਪ੍ਰਵਾਸੀਆਂ ਦੇ ਵੀ ਫੋਨ ਪਹੁੰਚੇ ਹਨ।

ਮੈਂ ਜਦੋਂ ਹੈਰਾਨੀ ਨਾਲ ਉਨ੍ਹਾਂ ਨੂੰ ਪੁੱਛਣਾ ਕਿ ਉੱਥੇ ਬੈਠੇ ਵੀ ਉਹ ਅਜੀਤ ਅਖ਼ਬਾਰ ਰਾਹੀਂ ਆਪਣੀ ਪੰਜਾਬੀ ਮਾਂ-ਬੋਲੀ ਪ੍ਰਤੀ ਮੋਹ ਕਿਵੇਂ ਤੇ ਕਿਉਂ ਪਾਲ ਰਹੇ ਹਨ ਤੇ ਮੇਰੇ ਲੇਖ ਏਨੇ ਧਿਆਨ ਨਾਲ ਕਿਉਂ ਪੜ੍ਹ ਰਹੇ ਹਨ ਤਾਂ ਲਗਭਗ ਸਭ ਦਾ ਜਵਾਬ ਇੱਕੋ ਜਿਹਾ ਸੀ।

ਉਨ੍ਹਾਂ ਕਿਹਾ ਕਿ ਉੱਥੇ ਦੇ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਵਕਤ ਬਹੁਤ ਘੱਟ ਮਿਲਦਾ ਹੈ, ਪਰ ਹਰ ਐਤਵਾਰ ਨੂੰ ਉਹ ਇੰਟਰਨੈੱਟ ਤੇ ਆਪਣੇ ਪੰਜਾਬ ਦੀ ਧਰਤੀ ਬਾਰੇ ਪੜ੍ਹ ਕੇ ਇਸ ਤਰ੍ਹਾਂ ਦਾ ਅਹਿਸਾਸ ਕਰ ਲੈਂਦੇ ਹਨ, ਜਿਵੇਂ ਇੱਥੇ ਹੀ ਪਹੁੰਚ ਗਏ ਹੋਣ ਤੇ ਆਪਣੀ ਧਰਤੀ ਦੀ ਖ਼ੁਸ਼ਬੋ ਸੁੰਘ ਰਹੇ ਹੋਣ। ਦੂਜੀ ਚੀਜ਼ ਹੈ ਪੰਜਾਬੀ ਬੋਲੀ ਨਾਲ ਲਗਾਓ ਦੀ। ਇਹੀ ਇਕ ਬੋਲੀ ਹੈ, ਜਿਸ ਨਾਲ ਉਹ ਹਾਲੇ ਵੀ ਦੁਨੀਆਂ ਦੇ ਹਰ ਕੋਨੇ ਵਿਚ ਵੱਸਦੇ ਪੰਜਾਬੀ ਨਾਲ ਦਿਲੀ ਸਾਂਝ ਜੋੜ ਕੇ ਬੈਠੇ ਹਨ, ਕਿਉਂਕਿ ਹਰ ਪੰਜਾਬੀ ਦੀ ਪਛਾਣ ਪੰਜਾਬੀ ਬੋਲੀ ਨਾਲ ਜੁੜੀ ਪਈ ਹੈ। ਅੱਜ ਵੀ ਕਿਤੇ ਉਨ੍ਹਾਂ ਨੂੰ ਸੱਤ ਸਮੁੰਦਰੋਂ ਪਾਰ ਕੋਈ ਪੰਜਾਬੀ ਮਿਲਦਾ ਹੈ ਤਾਂ ਉਹ ਗੱਜ ਕੇ 'ਸਤਿ ਸ੍ਰੀ ਅਕਾਲ' ਬੁਲਾਉਂਦੇ ਹਨ ਤੇ ਉਨ੍ਹਾਂ ਦੀ ਰੂਹ ਤਕ ਖ਼ੁਸ਼ ਹੋ ਜਾਂਦੀ ਹੈ, ਜਿਵੇਂ ਕੋਈ ਆਪਣਾ ਹੀ ਮਿਲ ਗਿਆ ਹੋਵੇ। ਇਹ ਹੁੰਦੀ ਹੈ ਬੋਲੀ ਦੀ ਖਿੱਚ ਤੇ ਕਿਸੇ ਵੀ ਅਣਪਛਾਤੇ ਹਮ-ਜ਼ੁਬਾਨ ਨਾਲ ਦਿਲੀ ਸਾਂਝ ਜੋ ਕਿਸੇ ਨੂੰ ਬਿਨਾਂ ਦੇਖੇ ਵੀ ਇਕ ਦੂਜੇ ਨਾਲ ਬੰਨ੍ਹ ਦਿੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਜੇ ਮੈਂ ਅੱਜ ਵੀ ਪਿੱਛੇ ਝਾਤ ਮਾਰਾਂ ਤਾਂ ਮੈਂ ਵੀ ਲੱਖਾਂ ਡਾਕਟਰਾਂ ਵਿੱਚੋਂ ਹੀ ਇਕ ਡਾਕਟਰ ਸੀ, ਪਰ ਨੈਰੋਬੀ ਜਾਂ ਇਟਲੀ ਵਿਚਲੇ ਅਣਦੇਖੇ ਵੀਰਾਂ ਨਾਲ ਦਿਲੀ ਸਾਂਝ ਆਪਣੀ ਮਾਂ-ਬੋਲੀ ਦੀਆਂ ਤਰੰਗਾਂ ਰਾਹੀਂ ਹੀ ਬਣਾ ਸਕੀ ਹਾਂ। ਪੰਜਾਬ ਦੀ ਧਰਤੀ ਤੇ ਮੇਰੀ ਪਛਾਣ ਵੀ ਮਾਂ-ਬੋਲੀ ਦੀ ਸੇਵਾ ਕਰਕੇ ਹੀ ਹੈ।

ਬਾਬਾ ਫ਼ਰੀਦ ਜੀ ਨੇ ਅੱਠ ਸੌ ਸਾਲ ਪਹਿਲਾਂ ਜਦੋਂ ਰਚਨਾ ਸ਼ੁਰੂ ਕੀਤੀ ਤਾਂ ਪੰਜਾਬੀ ਭਾਸ਼ਾ ਹੀ ਚੁਣੀ ਸੀ, ਕਿਉਂਕਿ ਉਹ ਜਾਣਦੇ ਸਨ ਕਿ ਭਾਸ਼ਾ ਨੂੰ ਅਗਾਂਹ ਵਧਾਉਣ ਲਈ ਇਸ ਨੂੰ ਵਧੀਆ ਸਾਹਿਤ ਨਾਲ ਭਰਪੂਰ ਕਰਨਾ ਜ਼ਰੂਰੀ ਹੁੰਦਾ ਹੈ । ਇਸ ਤੋਂ ਇਹ ਤਾਂ ਸਾਬਤ ਹੋ ਗਿਆ ਕਿ ਹੁਣ ਦੀਆਂ ਪ੍ਰਚਲਿਤ ਬੋਲੀਆਂ ਵਿੱਚੋਂ ਸਭ ਤੋਂ ਪੁਰਾਣੀ ਬੋਲੀ ਪੰਜਾਬੀ ਬੋਲੀ ਹੀ ਹੋਈ।

ਪੰਜਾਬ ਦੇ ਕੁੱਖੋਂ ਜੰਮੀ ਮਹਾਨ ਤੇ ਪੂਜਨੀਕ ਸ਼ਖ਼ਸੀਅਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਲੋਕਾਂ ਨੇ ਪੁੱਛਿਆ ਕਿ ਉਹ ਆਪਣੀ ਰਚਨਾ ਫ਼ਾਰਸੀ ਛੱਡ ਕੇ ਪੰਜਾਬੀ ਵਿਚ ਕਿਉਂ ਰਚ ਰਹੇ ਹਨ ਤਾਂ ਉਨ੍ਹਾਂ ਲਾਹਨਤ ਪਾ ਕੇ ਕਿਹਾ, "ਓਏ 'ਮਲੇਸ਼ ਬੋਲੀ ਨੂੰ ਅਪਣਾਉਣ ਵਾਲਿਓ, ਕੁੱਝ ਸ਼ਰਮ ਕਰੋ ਤੇ ਪਰਾਈ ਬੋਲੀ ਨੂੰ ਅਪਣਾਉਣ ਦੀ ਥਾਂ ਆਪਣੀ ਬੋਲੀ ਨੂੰ ਅਪਣਾਓ।"

ਸ੍ਰੀ ਗੁਰੂ ਅਮਰ ਦਾਸ ਜੀ ਨੂੰ ਜਦੋਂ ਲੋਕਾਂ ਨੇ ਪੁੱਛਿਆ ਕਿ ਉਹ ਦੇਵ ਬੋਲੀ ਸੰਸਕ੍ਰਿਤ ਨੂੰ ਛੱਡ ਕੇ ਪੰਜਾਬੀ ਵਿਚ ਕਿਉਂ ਲਿਖ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਸੰਸਕ੍ਰਿਤ ਤਾਂ ਛੱਪੜੀ ਵਾਂਗ ਹੈ, ਜੋ ਇੱਕੋ ਥਾਂ ਤੇ ਟਿਕੀ ਹੋਈ ਹੈ, ਪਰ ਪੰਜਾਬੀ ਬੋਲੀ ਮੀਂਹ ਵਾਂਗ ਹੈ, ਜੋ ਵੱਸ ਕੇ ਸਭ ਨੂੰ ਰੋਮ ਰੋਮ ਤਕ ਭਿਉਂ ਦਿੰਦੀ ਹੈ।

ਪਾਕਿਸਤਾਨ ਦੇ ਰੂਹੇ-ਰਵਾਂ ਡਾ. ਸਰ ਮੁਹੰਮਦ ਇਕਬਾਲ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਿਹਾ ਸੀ, "ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਾਬ ਸੇ।" ਯਾਨੀ ਗੁਰੂ ਨਾਨਕ ਦੇਵ ਜੀ ਕਿਸੇ ਇਕ ਧਰਮ ਦੀ ਲੀਕ ਨਾਲ ਬੰਨ੍ਹੇ ਨਹੀਂ ਗਏ , ਬਲਕਿ ਆਪਣੀ ਰਚਨਾ ਕਾਰਨ ਸਭ ਧਰਮਾਂ ਦੇ ਲੋਕਾਂ ਦੇ ਪੂਜਨੀਕ ਬਣ ਗਏ ਹਨ।

ਬਿਲਕੁਲ ਇਸੇ ਹੀ ਤਰ੍ਹਾਂ ਪੰਜਾਬੀ ਬੋਲੀ ਵੀ ਕਿਸੇ ਧਰਮ ਨਾਲ ਨਹੀਂ ਜੁੜੀ ਹੋਈ, ਬਲਕਿ ਹਰ ਪੰਜਾਬੀ ਦੀ ਪਛਾਣ ਹੈ, ਭਾਵੇਂ ਉਹ ਪਾਕਿਸਤਾਨ ਵਿਚ ਹੈ, ਹਿੰਦੁਸਤਾਨ ਵਿਚ, ਅਰਬ ਵਿਚ, ਰੂਸ ਵਿਚ ਜਾਂ ਅਮਰੀਕਾ ਵਿਚ ।

ਦੁਨੀਆਂ ਭਰ ਵਿਚ ਐਸ ਵੇਲੇ 6,800 ਬੋਲੀਆਂ ਪ੍ਰਚਲਿਤ ਹਨ ਤੇ ਇਨ੍ਹਾਂ ਵਿੱਚੋਂ ਹਰ ਪੰਦਰੀਂ ਦਿਨੀਂ ਇਕ ਬੋਲੀ ਖ਼ਤਮ ਹੁੰਦੀ ਜਾ ਰਹੀ ਹੈ। ਕਾਰਨ ਹੈ ਬੋਲੀ ਬੋਲਣ ਵਾਲਿਆਂ ਦਾ ਖ਼ਤਮ ਹੋਣਾ ਜਾਂ ਆਪਣੀ ਬੋਲੀ ਛੱਡ ਕੇ ਦੂਜੀ ਬੋਲੀ ਅਪਣਾ ਲੈਣਾ। ਦੁਨੀਆਂ ਭਰ ਦੀਆਂ ਪ੍ਰਚਲਿਤ ਬੋਲੀਆਂ ਵਿੱਚੋਂ ਪੰਜਾਬੀ ਬੋਲੀ ਐਸ ਵੇਲੇ ਤੇਰਵੇਂ ਨੰਬਰ ਉੱਤੇ ਪਹੁੰਚੀ ਦੱਸੀ ਜਾਂਦੀ ਹੈ।

ਪੰਜਾਬ ਵਿਚ ਵੱਸਦੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਤੋਂ ਕੁਝ ਸ਼ਰਮ ਆਉਣੀ ਸ਼ੁਰੂ ਹੋ ਚੁੱਕੀ ਹੈ। ਇਸੇ ਲਈ ਬੋਲੀ ਦਾ ਬੱਚੇ ਦੇ ਮਾਨਸਿਕ ਵਿਕਾਸ ਉੱਤੇ ਅਸਰ ਜਾਣੇ ਬਗੈਰ ਉਹ ਆਪਣੇ ਨਿੱਕੇ ਬੱਚੇ ਨੂੰ ਸਕੂਲ ਦਾਖ਼ਲ ਕਰਨ ਤੋਂ ਪਹਿਲਾਂ ਹੀ ਅੰਗਰੇਜ਼ੀ ਜ਼ੁਬਾਨ ਸਿਖਾਉਣ ਵੱਲ ਰੁੱਝ ਗਏ ਹਨ। ਹਰ ਗਲੀ ਵਿਚ ਖੁੱਲ੍ਹੇ ਅੰਗਰੇਜ਼ੀ ਮਾਧਿਅਮ ਦੇ ਸਕੂਲ ਇਸ ਦੇ ਗਵਾਹ ਹਨ। ਸਰਕਾਰਾਂ ਤਾਂ ਇਸ ਪੱਖ ਵੱਲੋਂ ਬਿਲਕੁਲ ਬੇ-ਗ਼ੌਰੀਆਂ ਹਨ, ਪਰ ਜੇ ਕਿਸੇ ਪੰਜਾਬੀ ਨੂੰ ਮੇਰੇ ਇਸ ਲੇਖ ਰਾਹੀਂ ਮਾਂ-ਬੋਲੀ ਦਾ ਮਹੱਤਵ ਸਮਝ ਆ ਗਿਆ ਹੋਵੇ ਤਾਂ ਉਹ ਸਮਝ ਸਕਦਾ ਹੈ ਕਿ ਉਹ ਆਪਣੇ ਬੱਚੇ ਨਾਲ ਕਿਸ ਤਰ੍ਹਾਂ ਦਾ ਵੈਰ ਕਮਾ ਰਿਹਾ ਹੈ। ਇਸ ਨਾਲ ਇਕ ਪਾਸੇ ਤਾਂ ਉਨ੍ਹਾਂ ਦਾ ਬੱਚਾ ਕਿਸੇ ਵੀ ਜ਼ਬਾਨ ਦਾ ਮਾਹਿਰ ਤਾਂ ਬਣ ਹੀ ਨਹੀਂ ਸਕਣ ਲੱਗਾ ਤੇ ਦੂਜੇ ਪਾਸੇ ਪੰਜਾਬੀ ਜ਼ੁਬਾਨ ਦੇ ਅੰਤ ਦਾ ਐਲਾਨ ਕਰਨ ਲੱਗ ਪਿਆ ਹੈ।

ਇਸੇ ਲਈ ਹਰ ਪੰਜਾਬੀ ਨੂੰ ਹੰਭਲਾ ਮਾਰ ਕੇ ਉੱਠਣਾ ਚਾਹੀਦਾ ਹੈ ਕਿ ਉਸ ਦਾ ਬੱਚਾ ਚੌਥੀ ਜਮਾਤ ਤਕ ਤਾਂ ਸਿਰਫ਼ ਪੰਜਾਬੀ ਹੀ ਪੜ੍ਹੇਗਾ ਤਾਂ ਜੋ ਮਾਂ-ਬੋਲੀ ਨਾਲ ਉਸ ਦਾ ਮਾਨਸਿਕ ਵਿਕਾਸ ਠੀਕ ਹੋ ਸਕੇ। ਮਾਂ-ਬੋਲੀ ਦੇ ਪਰਪੱਕ ਹੋ ਜਾਣ ਤੇ ਭਾਵੇਂ ਉਸ ਨੂੰ ਅੰਗਰੇਜ਼ੀ ਸਮੇਤ ਦਸ ਹੋਰ ਭਾਸ਼ਾਵਾਂ ਵੀ ਸਿਖਾ ਦਿੱਤੀਆਂ ਜਾਣ ਤਾਂ ਵੀ ਉਹ ਆਸਾਨੀ ਨਾਲ ਸਿੱਖ ਲਵੇਗਾ।

ਹਰ ਪੰਜਾਬੀ ਨੂੰ ਆਪਣੇ ਆਪਣੇ ਕਿੱਤੇ ਵਿਚ ਮਾਹਿਰ ਬਣਨ ਤੋਂ ਬਾਅਦ ਬਾਕੀਆਂ ਨੂੰ ਆਪਣੀ ਮਾਂ-ਬੋਲੀ ਵਿਚ ਉਸ ਬਾਰੇ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ ਤਾਂ ਜੋ ਪੰਜਾਬੀ ਭਾਸ਼ਾ ਨੂੰ ਹੋਰ ਭਰਪੂਰ ਕੀਤਾ ਜਾ ਸਕੇ ਤੇ ਇਸ ਪਿਆਰੀ ਭਾਸ਼ਾ ਨੂੰ ਕਦੇ ਵੀ ਖ਼ਤਮ ਨਾ ਕੀਤਾ ਜਾ ਸਕੇ, ਖ਼ਾਸਕਰ ਅੰਗਰੇਜ਼ੀ ਨਾਲ ਤਾਂ ਬਿਲਕੁਲ ਨਹੀਂ।

ਜੇ ਅਸੀਂ ਪੰਜਾਬੀ ਬੋਲੀ ਦੀ ਇਬਾਦਤ ਕਰਨੀ ਸਿੱਖ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ ਕਿ ਇਹ ਆਪਣੀ ਤੇਰਵੀ ਕੁਰਸੀ ਛੱਡ ਕੇ ਉਪਰਲੀਆਂ ਕੁਰਸੀਆਂ ਵੱਲ ਵਧਣਾ ਸ਼ੁਰੂ ਕਰ ਦੇਵੇਗੀ।

28, ਪ੍ਰੀਤ ਨਗਰ, ਪਟਿਆਲਾ
ਸੰਪ:0175-2216783

Sri Satguru Jagjit Singh Ji eLibrary NamdhariElibrary@gmail.com

ਸਿੱਖਿਆ, ਗਿਆਨ-ਵਿਗਿਆਨ ਅਤੇ ਭਾਸ਼ਾ

-ਜੋਗਾ ਸਿੰਘ (ਡਾ.)

ੳ. ਸਫ਼ਲ ਸਿੱਖਿਆ ਦੀ ਭਾਸ਼ਾ

ਭਾਰਤ ਭਰ ਵਿੱਚ ਇਹ ਧਾਰਣਾ ਬਣ ਗਈ ਹੈ ਕਿ ਸਾਰੀ ਦੁਨੀਆਂ ਦਾ ਗਿਆਨ ਅੰਗਰੇਜ਼ੀ ਵਿੱਚ ਹੈ, ਦੁਨੀਆਂ ਨਾਲ ਕਾਰੋਬਾਰ ਅੰਗਰੇਜ਼ੀ ਵਿੱਚ ਹੀ ਹੋ ਸਕਦਾ ਹੈ, ਵਿਗਿਆਨ ਅਤੇ ਤਕਨਾਲੋਜੀ ਦੇ ਵਿਸ਼ਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਸਮੱਗਰੀ ਨਹੀਂ ਹੈ, ਇਸ ਲਈ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਜ਼ਰੂਰੀ ਹੈ। ਭਾਰਤ ਭਰ ਵਿੱਚ ਉੱਚ ਸਿੱਖਿਆ ਦੇ ਨਾਲ-ਨਾਲ ਹੁਣ ਸਕੂਲ ਪੱਧਰ 'ਤੇ ਵੀ ਅੰਗਰੇਜ਼ੀ ਮਾਧਿਅਮ ਸਿੱਖਿਆ ਪ੍ਰਣਾਲੀ ਦੇ ਬੜੀ ਤੇਜ਼ ਰਫਤਾਰ ਵਾਧੇ ਤੋਂ ਇਹੀ ਸਿੱਟਾ ਨਿਕਲਦਾ ਹੈ।

ਅੰਗਰੇਜ਼ੀ ਪ੍ਰਤੀ ਇਹ ਨਜ਼ਰੀਆ ਪੰਜਾਬੀ ਭਾਸ਼ਾ 'ਤੇ, ਪੰਜਾਬ ਦੀ ਸਿੱਖਿਆ 'ਤੇ ਅਤੇ ਅੰਗਰੇਜ਼ੀ ਦੀ ਸਿਖਲਾਈ 'ਤੇ ਡੂੰਘੀ ਤਰ੍ਹਾਂ ਅਸਰ ਪਾ ਰਿਹਾ ਹੈ। ਇਹ ਨਜ਼ਰੀਆ ਸਿੱਖਿਆ ਅਤੇ ਭਾਸ਼ਾ ਦੇ ਗੈਰ-ਪੇਸ਼ੇਵਰ ਹਲਕਿਆਂ ਵਿੱਚ ਪਿਛਲੇ ਕੋਈ 30 ਸਾਲਾਂ ਤੋਂ ਲਗਾਤਾਰ ਹੋਰ ਵੀ ਭਾਰੂ ਹੁੰਦਾ ਜਾ ਰਿਹਾ ਹੈ ਅਤੇ ਇਸ ਨਾਲ ਪੰਜਾਬੀ ਨੂੰ, ਪੰਜਾਬ ਦੀ ਸਿੱਖਿਆ ਨੂੰ ਅਤੇ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਨੂੰ ਨਾ ਪੂਰਾ ਕੀਤਾ ਜਾ ਸਕਣ ਵਾਲਾ ਘਾਟਾ ਪੈ ਚੁੱਕਾ ਹੈ ਅਤੇ ਪੈ ਰਿਹਾ ਹੈ।

ਪੰਜਾਬੀ ਵਿੱਚ ਅੰਗਰੇਜ਼ੀ ਭਾਸ਼ਾ ਪ੍ਰਤੀ ਇਸ ਸਮਝ ਨੂੰ ਵਿਚਾਰਨ ਲਈ ਹੇਠਲੇ ਮੂਲ ਸਵਾਲਾਂ ਦਾ ਨਬੇੜਾ ਜ਼ਰੂਰੀ ਹੈ:

1. ਅੱਜ ਦੇ ਸਮੇਂ ਵਿੱਚ ਗਿਆਨ-ਵਿਗਿਆਨ ਅਤੇ ਤਕਨਾਲੋਜੀ ਦੀ ਸਫ਼ਲ ਸਿੱਖਿਆ ਕਿਸ ਭਾਸ਼ਾ ਵਿੱਚ ਦਿੱਤੀ ਜਾ ਸਕਦੀ ਹੈ?

2. ਦੁਨੀਆਂ ਵਿੱਚ ਅੰਗਰੇਜ਼ੀ ਦੀ ਕੀ ਸਥਿਤੀ ਹੈ, ਕੀ ਸਥਿਤੀ ਰਹੇਗੀ ਅਤੇ ਦੁਨੀਆਂ ਨਾਲ ਕਾਰੋਬਾਰ ਕਰਨ ਲਈ ਅੰਗਰੇਜ਼ੀ ਕਿੰਨੀ ਜ਼ਰੂਰੀ ਹੈ?

3. ਜੇ ਵਿਗਿਆਨ ਅਤੇ ਤਕਨਾਲੋਜੀ ਆਦਿ ਦੀ ਸਿੱਖਿਆ ਪੰਜਾਬੀ ਵਿੱਚ ਦੇਣੀ ਹੋਵੇ ਤਾਂ ਕੀ ਪੰਜਾਬੀ ਭਾਸ਼ਾ ਵਿੱਚ ਅਜਿਹੀ ਸਮਰੱਥਾ ਅਤੇ ਸਮੱਗਰੀ ਹੈ?

4. ਜੇ ਅੰਗਰੇਜ਼ੀ ਵੱਖ-ਵੱਖ ਖੇਤਰਾਂ ਲਈ ਜ਼ਰੂਰੀ ਸਾਬਤ ਹੋ ਵੀ ਜਾਵੇ ਤਾਂ ਫਿਰ ਅੰਗਰੇਜ਼ੀ ਭਾਸ਼ਾ ਦੀ ਚੰਗੀ ਮੁਹਾਰਤ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ?

ਇਹ ਸਵਾਲ ਅਜਿਹੇ ਸਵਾਲ ਹਨ ਜਿਨ੍ਹਾਂ 'ਤੇ ਦੁਨੀਆਂ ਭਰ ਦੇ ਸਿੱਖਿਆ ਅਤੇ ਭਾਸ਼ਾ ਮਾਹਿਰਾਂ ਵੱਲੋਂ ਪਿਛਲੇ 50 ਸਾਲਾਂ ਵਿੱਚ ਭਰਪੂਰ ਖੋਜ ਅਤੇ ਬਹਿਸਾਂ ਹੋ ਚੁੱਕੀਆਂ ਹਨ ਅਤੇ ਇਹਨਾਂ ਦੇ ਨਿਰਣੇ ਲਈ ਭਰਪੂਰ ਅਕਾਦਮਿਕ ਅਤੇ ਵਿਹਾਰਕ ਸਬੂਤ ਹਾਸਲ ਹਨ। ਇਸ ਲੇਖ ਵਿੱਚ ਇਹਨਾਂ ਦਾ ਸਾਰ ਹੀ ਪੇਸ਼ ਕੀਤਾ ਜਾ ਰਿਹਾ ਹੈ। ਦੁਨੀਆਂ ਭਰ ਦੇ ਮਾਹਿਰ ਇਸ ਵਿਸ਼ੇ 'ਤੇ ਇਕ ਮਤ ਹਨ ਅਤੇ ਦੁਨੀਆਂ ਭਰ ਦਾ ਤਜ਼ਰਬਾ ਇਹੀ ਦਰਸਾਉਂਦਾ ਹੈ ਕਿ ਸਫ਼ਲ ਸਿੱਖਿਆ ਕੇਵਲ ਅਤੇ ਕੇਵਲ ਮਾਤ ਭਾਸ਼ਾ ਰਾਹੀਂ ਹੀ ਦਿੱਤੀ ਜਾ ਸਕਦੀ ਹੈ। ਇਸ ਲਈ ਬੱਚੇ ਨੂੰ ਉਸ ਭਾਸ਼ਾ ਦਾ ਅਵੱਸ਼ ਹੀ ਚੰਗਾ ਗਿਆਨ ਹੋਣਾ ਚਾਹੀਦਾ ਹੈ ਜਿਸ ਵਿੱਚ ਗਿਆਨ-ਵਿਗਿਆਨ ਅਤੇ ਤਕਨਾਲੋਜੀ ਪੜ੍ਹਾਈ ਜਾਣੀ ਹੈ। ਦੁਨੀਆਂ ਭਰ ਦੇ ਸਿੱਖਿਆ ਅਤੇ ਭਾਸ਼ਾ ਮਾਹਿਰਾਂ ਦੀ ਰਾਇ ਹੈ ਕਿ ਕੋਈ 6-8 ਸਾਲ ਲਾ ਕੇ ਹੀ ਕਿਸੇ ਭਾਸ਼ਾ ਦਾ ਇੰਨਾ ਕੁ ਗਿਆਨ ਹੁੰਦਾ ਹੈ ਕਿ ਉਸ ਵਿੱਚ ਮੁੱਢਲੀ ਸਿੱਖਿਆ ਵੀ ਦਿੱਤੀ ਜਾ ਸਕੇ। ਇਸ ਲਈ, ਜੇ ਪੰਜਾਬੀ ਬੱਚਿਆਂ ਨੂੰ ਗਿਆਨ-ਵਿਗਿਆਨ ਦੀ ਚੰਗੇਰੀ ਸਮਝ ਦੇਣੀ ਹੈ ਤਾਂ ਸਭ ਤੋਂ ਪਹਿਲੀ ਲੋੜ ਹੈ ਕਿ ਪੰਜਾਬ ਵਿੱਚ ਘੱਟੋ-ਘੱਟ ਸਕੂਲ ਪੱਧਰ ਦੀ ਅੰਗਰੇਜ਼ੀ ਮਾਧਿਅਮ ਵਿੱਚ ਸਿੱਖਿਆ ਦਾ ਤੁਰੰਤ ਭੋਗ ਪਾਇਆ ਜਾਵੇ।

ਤਜ਼ਰਬਾ ਵੀ ਦੱਸਦਾ ਹੈ ਕਿ ਅੰਗਰੇਜ਼ੀ ਮਾਧਿਅਮ ਦੀ ਸਿੱਖਿਆ ਪ੍ਰਣਾਲੀ ਨੇ ਸਿੱਖਿਆ ਦੇ ਮਿਆਰ ਨੂੰ ਅਤੇ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਦੇ ਮਿਆਰ ਨੂੰ ਵੱਡੀ ਢਾਹ ਲਾਈ ਹੈ। ਕੋਈ ਅਜਿਹਾ ਸਬੂਤ ਸਾਹਮਣੇ ਨਹੀਂ ਹੈ ਕਿ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਹੋਣ ਨਾਲ ਕੋਈ ਅਜਿਹੇ ਵੱਡੇ ਵਿਗਿਆਨੀ ਅਤੇ ਵਿਦਵਾਨ ਪੈਦਾ ਹੋ ਗਏ ਹਨ ਜੋ ਪੰਜਾਬੀ ਮਾਧਿਅਮ ਦੀ ਪੜ੍ਹਾਈ ਨਾਲ ਪੈਦਾ ਨਹੀਂ ਸਨ ਹੋ ਰਹੇ। ਬਲਕਿ ਇਸ 'ਤੇ ਪੂਰਨ ਸਹਿਮਤੀ ਲਗਦੀ ਹੈ ਕਿ ਕੇਵਲ ਸਿੱਖਿਆ ਦਾ ਮਿਆਰ ਹੀ

Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਨਾਲੋਂ ਨਹੀਂ ਡਿੱਗਾ, ਅੰਗਰੇਜ਼ੀ ਦੀ ਮੁਹਾਰਤ ਦਾ ਮਿਆਰ ਵੀ ਪਹਿਲਾਂ ਨਾਲੋਂ ਡਿੱਗ ਗਿਆ ਹੈ।

ਅੰਗਰੇਜ਼ੀ ਮਾਧਿਅਮ ਵਾਲੀ ਸਿੱਖਿਆ ਪ੍ਰਣਾਲੀ ਨੇ ਇਕ ਹੋਰ ਤਰ੍ਹਾਂ ਨਾਲ ਪੰਜਾਬ ਦੀ ਸਿੱਖਿਆ ਦੀ ਤਬਾਹੀ ਕੀਤੀ ਹੈ। ਇਸ ਨੇ ਲਗਭਗ 80 ਫੀਸਦੀ ਅਬਾਦੀ ਨੂੰ ਸਿੱਖਿਆ ਦੀ ਧਾਰਾ 'ਚੋਂ ਹੀ ਬਾਹਰ ਕੱਢ ਦਿੱਤਾ ਹੈ। ਭਾਰੂ ਵਰਗ ਦੇ ਸਾਰੇ ਬੱਚੇ ਅੰਗਰਜ਼ੀ ਸਕੂਲਾਂ ਵਿੱਚ ਚਲੇ ਜਾਣ ਕਰਕੇ ਸਰਕਾਰੀ ਸਿੱਖਿਆ ਪ੍ਰਣਾਲੀ ਤਬਾਹ ਹੋ ਗਈ ਹੈ। ਪੰਜਾਬ ਦੇ ਲਗਭਗ 80 ਫੀਸਦੀ ਬੱਚੇ ਇਸ ਸਿੱਖਿਆ ਪ੍ਰਣਾਲੀ 'ਤੇ ਨਿਰਭਰ ਹਨ। ਇਸ 'ਤੇ ਤਾਂ ਕੋਈ ਅਸਹਿਮਤੀ ਨਹੀਂ ਹੋਣੀ ਚਾਹੀਦੀ ਕਿ ਅਸਿੱਖਿਅਤ ਬੰਦਾ ਵਿਗਿਆਨ ਅਤੇ ਤਕਨਾਲੋਜੀ ਵਿੱਚ ਕੋਈ ਵੱਡਾ ਯੋਗਦਾਨ ਨਹੀਂ ਪਾ ਸਕਦਾ। ਸਭ ਜਾਣਦੇ ਹਨ ਕਿ ਤੀਜੀ ਦੁਨੀਆਂ ਦੇ ਬਹੁਤੇ ਦੇਸ਼ਾਂ ਦੇ ਮੁਕਾਬਲੇ ਵਿੱਚ ਵੀ ਭਾਰਤ ਵਿੱਚ ਸਿੱਖਿਆ ਸੁੰਗੜ ਰਹੀ ਹੈ ਫੈਲ ਨਹੀਂ ਰਹੀ ਅਤੇ ਇਹ ਗਿਆਨ-ਵਿਗਿਆਨ ਦੀ ਸਦੀ ਵਿੱਚ ਹੋ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਸਿੱਖਿਆ ਨੂੰ ਅੰਗਰੇਜ਼ੀ ਮਾਧਿਅਮ ਦਾ ਤਪਦਿਕ ਰੋਗ ਲੱਗ ਜਾਣਾ ਹੈ। ਗਿਆਨ-ਵਿਗਿਆਨ ਦਾ ਪਰਸਾਰ ਕਾਮਯਾਬ ਸਿੱਖਿਆ ਦੇ ਪਰਸਾਰ ਨਾਲ ਹੀ ਹੋ ਸਕਦਾ ਹੈ।

ਇਸ ਪ੍ਰਸੰਗ ਵਿੱਚ ਅੰਤਰਰਾਸ਼ਟਰੀ ਸਥਿਤੀ 'ਤੇ ਝਾਤ ਮਾਰਨੀ ਵੀ ਜ਼ਰੂਰੀ ਹੈ। ਸਿੱਖਿਆ ਅਤੇ ਗਿਆਨ-ਵਿਗਿਆਨ ਦੇ ਖੇਤਰ ਵਿੱਚ ਉਹੀ ਦੇਸ਼ ਮੱਲਾਂ ਮਾਰ ਰਹੇ ਹਨ ਜਿਨ੍ਹਾਂ ਦੀ ਸਿੱਖਿਆ ਮਾਤ ਭਾਸ਼ਾ ਵਿੱਚ ਹੈ। ਜਰਮਨੀ, ਫਰਾਂਸ, ਚੀਨ, ਜਾਪਾਨ, ਕੋਰੀਆ, ਰੂਸ ਵਰਗੇ ਦੇਸ਼ ਬਿਨਾਂ ਅੰਗਰੇਜ਼ੀ ਮਾਧਿਅਮ ਵਿੱਚ ਸਿੱਖਿਆ ਤੋਂ ਸਾਥੋਂ ਕਿਧਰੇ ਅੱਗੇ ਹਨ। ਉਹ ਏਸੇ ਲਈ ਅੱਗੇ ਹਨ ਕਿ ਉਹਨਾਂ ਆਪਣੀ ਸਿੱਖਿਆ ਨੂੰ ਵਿਦੇਸ਼ੀ ਭਾਸ਼ਾ ਦਾ ਤਪਦਿਕ ਰੋਗ ਨਹੀਂ ਲੱਗਣ ਦਿੱਤਾ। ਇਥੋਂ ਤੱਕ ਕਿ ਅਮਰੀਕਾ ਅਤੇ ਕਨੇਡਾ ਆਦਿ ਅੰਗਰੇਜ਼ੀ ਭਾਸ਼ੀ ਦੇਸ਼ਾਂ ਵਿੱਚ ਵੀ ਸਕੂਲੀ ਸਿੱਖਿਆ ਬੱਚੇ ਦੀ ਮਾਤ ਭਾਸ਼ਾ ਵਿੱਚ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਇਹਨਾਂ ਦੇਸ਼ਾਂ ਵਿੱਚ ਵੀ ਹਜ਼ਾਰਾਂ ਸਕੂਲ ਹਨ ਜਿੱਥੇ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਨਹੀਂ।

ਕਨੇਡਾ ਦੀ ਗੱਲ ਤਾਂ ਇਕ ਪਾਸੇ, ਅਮਰੀਕਾ ਦੇ ਦੋ ਸੂਬਿਆਂ, ਨਿਊ ਮੈਕਸੀਕੋ ਅਤੇ ਹਵਾਈ, ਵਿੱਚ ਸਰਕਾਰੀ ਕੰਮ-ਕਾਜ ਦੀਆਂ ਭਾਸ਼ਾਵਾਂ ਵੀ ਕ੍ਰਮਵਾਰ ਸਪੇਨੀ ਅਤੇ ਹਵਾਈਅਨ ਹਨ। ਅਮਰੀਕਾ ਦੇ ਸ਼ਹਿਰ ਬੋਸਟਨ ਦੀ ਇਕ ਮਿਸਾਲ ਅੱਖਾਂ ਖੋਲ੍ਹਣ ਵਾਲੀ ਹੈ। ਓਥੇ ਇਕ ਸਕੂਲ ਵਿੱਚ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਨਾ ਹੋ ਕੇ ਉਸ ਇਲਾਕੇ ਦੇ ਅਫ਼ਰੀਕੀ ਮੂਲ ਦੇ ਨਿਵਾਸੀਆਂ ਦੀ ਸਥਾਨਕ ਭਾਸ਼ਾ ਸੀ। ਪਰ ਸਾਡੇ ਵਾਂਗ ਅੰਗਰੇਜ਼ੀ ਅੰਧ-ਵਿਸ਼ਵਾਸ਼ ਕਾਰਣ ਸਕੂਲ ਦੀ ਪੜ੍ਹਾਈ ਅੰਗਰੇਜ਼ੀ ਵਿੱਚ ਕਰ ਦਿੱਤੀ ਗਈ। ਦੋ-ਤਿੰਨ ਸਾਲਾਂ ਵਿੱਚ ਹੀ ਏਨੇ ਤਬਾਹਕੁੰਨ ਸਿੱਟੇ ਸਾਹਮਣੇ ਆਏ ਕਿ ਸਕੂਲ ਦੀ ਪੜ੍ਹਾਈ ਮੁੜ ਸਥਾਨਕ ਭਾਸ਼ਾ ਵਿੱਚ ਕਰ ਦਿੱਤੀ ਗਈ।

ਇਸ ਗੱਲ 'ਤੇ ਯਕੀਨ ਕਰਨਾ ਔਖਾ ਹੈ, ਪਰ ਸੱਚਾਈ ਇਹ ਹੈ ਕਿ ਦੱਖਣੀ ਏਸ਼ੀਆ ਦੇ ਖਿੱਤੇ ਨੂੰ ਛੱਡ ਕੇ ਗੈਰ-ਅੰਗਰੇਜ਼ੀ ਭਾਸ਼ੀ ਦੇਸ਼ਾਂ ਵਿੱਚ ਅੰਗਰੇਜ਼ੀ ਸਿੱਖਿਆ ਦੇ ਮਾਧਿਅਮ ਵੱਜੋਂ ਖਤਮ ਹੁੰਦੀ ਜਾ ਰਹੀ ਹੈ। ਇਸ ਸਬੰਧ ਵਿੱਚ ਨਾਈਜੀਰੀਆ, ਮਲੇਸ਼ੀਆ ਅਤੇ ਫਿਲੀਪੀਨ ਵਰਗੇ ਬੜੇ ਦੇਸ਼ਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਯੂਨੈਸਕੋ ਪਿਛਲੇ 60 ਸਾਲਾਂ ਤੋਂ ਬਾਰ-ਬਾਰ ਅਧਿਐਨ ਕਰਕੇ ਕੂਕ-ਕੂਕ ਕੇ ਕਹਿ ਰਹੀ ਹੈ ਕਿ ਸਫਲ ਸਿੱਖਿਆ ਮਾਤ ਭਾਸ਼ਾ ਰਾਹੀਂ ਹੀ ਸੰਭਵ ਹੈ। ਛੇਵੀਂ ਦੇ ਇਕ ਪਾਠ ਵਿੱਚ ਸਾਨੂੰ 'ਸੜਕ ਦੇ ਨਿਯਮ' ਪੜ੍ਹਾਏ ਜਾਂਦੇ ਸਨ। ਉਸ ਪਾਠ ਦੀਆਂ ਦੋ ਤੁਕਾਂ ਹਾਲੇ ਵੀ ਮੈਨੂੰ ਯਾਦ ਹਨ - 'ਕੁਝ ਲੋਕਾਂ ਦੀਆਂ ਅੱਖਾਂ ਹੁੰਦੀਆਂ ਹਨ ਪਰ ਵੇਂਹਦੇ ਨਹੀਂ ਅਤੇ ਕੁਝ ਲੋਕਾਂ ਦੇ ਕੰਨ ਹੁੰਦੇ ਹਨ ਪਰ ਸੁਣਦੇ ਨਹੀਂ'। ਹੁਣ ਇਸ ਵਿੱਚ ਇਹ ਜੋੜਨਾ ਵੀ ਜ਼ਰੂਰੀ ਹੋ ਗਿਆ ਹੈ ਕਿ ਕੁਝ ਲੋਕਾਂ ਦੇ ਦਿਮਾਗ ਹੁੰਦੇ ਹਨ ਪਰ ਉਹ ਸੋਚਦੇ ਨਹੀਂ। ਭਾਰਤੀ ਰਾਜਸ਼ਾਹੀ ਅਤੇ ਅਫਸਰਸ਼ਾਹੀ ਇਸ ਵਰਗ ਦੀ ਸਭ ਤੋਂ ਵਧੀਆ ਮਿਸਾਲ ਹੋ ਸਕਦੇ ਹਨ, ਤੇ ਉਹਨਾਂ ਦੇ ਜ਼ਮੀਨੀ ਗੁਆਂਢੀ ਤੇ ਦਿਮਾਗੀ ਭਰਾ ਪਾਕਿਸਤਾਨੀ ਅਤੇ ਬੰਗਲਾਦੇਸ਼ੀ ਵੀ। ਭਾਰਤ ਵਿੱਚ ਡਾ. ਮਨਮੋਹਨ ਸਿੰਘ ਅਤੇ ਮੋਂਟੇਕ ਸਿੰਘ ਆਹਲੂਵਾਲੀਆ ਜਿਹੇ ਗੈਰ-ਸਿੱਖਿਆ ਸ਼ਾਸਤਰੀਆਂ ਦੀਆਂ ਸਿੱਖਿਆ ਨੀਤੀਆਂ ਭਾਰੂ ਹੋਣ ਤੋਂ ਪਹਿਲਾਂ ਹਰ ਭਾਰਤੀ ਸਿੱਖਿਆ ਕਮਿਸ਼ਨ/ਕਮੇਟੀ ਨੇ ਵੀ ਇਹੀ ਨਿਰਦੇਸ਼ ਦਿੱਤੇ ਹਨ ਕਿ ਸਿੱਖਿਆ ਮਾਤ ਭਾਸ਼ਾ ਵਿੱਚ ਦਿੱਤੀ ਜਾਵੇ। ਸੋ, ਸਪੱਸ਼ਟ ਹੈ ਕਿ ਸਫ਼ਲ ਸਿੱਖਿਆ ਲਈ ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ ਵਿੱਚ ਹੋਣਾ ਅਵੱਸ਼ਕ ਹੈ। ਯੂਨੈਸਕੋ ਦੀ ਇੱਕ ਕਿਤਾਬ 'ਚੋਂ ਹੇਠਲੀ ਟੂਕ ਇਹ ਯਕੀਨ ਦਿਵਾਉਣ ਲਈ ਕਾਫੀ ਹੋਣੀ ਚਾਹੀਦੀ ਹੈ:

"ਇਹ ਆਪੂੰ-ਸਿੱਧ ਹੈ ਕਿ ਬੱਚੇ ਲਈ ਸਿੱਖਿਆ ਦਾ ਸਭ ਤੋਂ ਵਧੀਆ ਮਾਧਿਅਮ ਉਸ ਦੀ ਮਾਤ ਭਾਸ਼ਾ ਹੈ। ਮਨੋਵਿਗਿਆਨਕ ਤੌਰ 'ਤੇ ਇਹ ਸਾਰਥਕੀ ਚਿੰਨ੍ਹਾਂ ਦੀ ਅਜਿਹੀ ਪ੍ਰਣਾਲੀ ਹੁੰਦੀ ਹੈ ਜੋ ਪ੍ਰਗਟਾਅ ਅਤੇ ਸਮਝ ਲਈ ਉਸਦੇ ਦਿਮਾਗ ਵਿੱਚ ਆਪੂੰ-ਚਾਲੀ ਰੂਪ ਵਿੱਚ ਕੰਮ ਕਰਦੀ ਹੈ, ਸਮਾਜੀ ਤੌਰ 'ਤੇ ਜਿਸ ਜਨ-ਸਮੂਹ ਦੇ ਮੈਂਬਰਾਂ ਨਾਲ ਉਸ ਦਾ ਸਬੰਧ ਹੁੰਦਾ ਹੈ,

Sri Satguru Jagjit Singh Ji eLibrary NamdhariElibrary@gmail.com

ਉਸ ਨਾਲ ਇਕਮਿਕ ਹੋਣ ਦਾ ਸਾਧਨ ਹੈ, ਸਿੱਖਿਆਵੀ ਤੌਰ 'ਤੇ ਉਹ ਮਾਤ ਭਾਸ਼ਾ ਰਾਹੀਂ ਇੱਕ ਅਣਜਾਣੇ ਭਾਸ਼ਾਈ ਮਾਧਿਅਮ ਨਾਲੋਂ ਤੇਜ਼ੀ ਨਾਲ ਸਿੱਖਦਾ ਹੈ। (ਯੂਨੈਸਕੋ, 1953, ਦ ਯੂਜ਼ ਆਫ ਵਰਨਾਕਲਰਜ਼ ਇਨ ਐਜੂਕੇਸ਼ਨ, ਮੋਨੋਗਰਾਫ ਆੱਨ ਫੰਡਾਮੈਂਟਲ ਐਜੂਕੇਸ਼ਨ, ਨੰ: 8, ਪੇਰਿਸ, ਪੰਨਾ-11).

ਮਾਤ ਭਾਸ਼ਾ ਮਾਧਿਅਮ ਵਿੱਚ ਬਿਹਤਰ ਪੜ੍ਹਾਈ ਹੋਣ ਦਾ ਇਸ ਤੋਂ ਵੱਡਾ ਹੋਰ ਕੀ ਸਬੂਤ ਹੋ ਸਕਦਾ ਹੈ ਕਿ '2003 ਵਿੱਚ ਗਣਿਤ ਅਤੇ ਵਿਗਿਆਨਕ ਅਧਿਐਨਾਂ ਦੇ ਰੁਝਾਨਾਂ ਵਿੱਚ ਚੋਟੀ 'ਤੇ ਰਹਿਣ ਵਾਲੇ ਪੰਜ ਦੇਸ - ਸਿੰਗਾਪੁਰ, ਕੋਰੀਆ ਗਣਤੰਤਰ, ਹਾਂਗਕਾਂਗ, ਚਾਈਨਾ ਤਾਇਪੇਇ ਅਤੇ ਜਪਾਨ - ਉਹ ਸਨ ਜਿੱਥੇ ਪੜ੍ਹਾਈ ਵਿਦੇਸ਼ੀ ਭਾਸ਼ਾ ਵਿੱਚ ਨਹੀਂ ਮਾਤ ਭਾਸ਼ਾਵਾਂ ਵਿੱਚ ਹੁੰਦੀ ਹੈ' (ਰਿਕਾਰਡੋ ਐਂਡ ਨੋਲਾਸਕੋ, 2009, ਟਵੰਟੀ ਵਨ ਰੀਜ਼ਨਜ਼ ਵਾਈ ਫਿਲਿਪੀਨੋ ਚਿਲਡਰਨ ਲਰਨ ਬੈਟਰ ਵ੍ਹਾਈਲ ਯੂਜ਼ਿੰਗ ਦੇ ਮਦਰ ਟੰਗ: ਅ ਪਰਾਈਮਰ ਆੱਨ ਮਦਰ ਟੰਗ ਬੇਸਡ ਮਲਟੀਲਿੰਗੁਅਲ ਐਜੂਕੇਸ਼ਨ (ਐਮ ਐਲ ਈ) ਐਂਡ ਅਦਰ ਇਸ਼ੂਜ਼ ਆੱਨ ਲੈਂਗੁਏਜ਼ ਐਂਡ ਲਰਨਿੰਗ ਇਨ ਦ ਫਿਲਿਪਾਈਨਜ਼, ਗੁਰੋ ਫੋਰਮੇਸ਼ਨ ਫੋਰਮ, ਯੂਨਿਵਰਸਿਟੀ ਆੱਫ ਦ ਫਿਲਿਪਾਈਨਜ਼)।

ਅ. ਦੁਨੀਆਂ ਵਿੱਚ ਅੰਗਰੇਜ਼ੀ ਦੀ ਸਥਿਤੀ

ਗਿਣਤੀ ਦੇ ਹਿਸਾਬ ਨਾਲ ਦੁਨੀਆਂ ਵਿੱਚ ਅੰਗਰੇਜ਼ੀ ਲਗਭਗ 35 ਕਰੋੜ ਦੀ ਮਾਤ ਭਾਸ਼ਾ ਹੈ। ਇਸ ਹਿਸਾਬ ਨਾਲ ਦੁਨੀਆਂ ਵਿੱਚ ਅੰਗਰੇਜ਼ੀ ਦੀ ਤੀਜੀ ਥਾਂ ਹੈ। 118 ਕਰੋੜ ਨਾਲ ਚੀਨੀ ਪਹਿਲੀ ਥਾਂ 'ਤੇ ਅਤੇ ਚਾਲੀ ਕਰੋੜ ਅਬਾਦੀ ਨਾਲ ਸਪੇਨੀ ਦੂਜੀ ਥਾਂ 'ਤੇ ਹੈ। ਜੇ ਅੰਗਰੇਜ਼ੀ ਮਾਤ ਭਾਸ਼ਾ ਵੱਜੋਂ ਬੋਲਣ ਵਾਲਿਆਂ ਵਿੱਚ ਉਹਨਾਂ ਵਿਅਕਤੀਆਂ ਨੂੰ ਵੀ ਸ਼ਾਮਿਲ ਕਰ ਲਈਏ ਜੋ ਅੰਗਰੇਜ਼ੀ ਦੂਜੀ ਭਾਸ਼ਾ ਵਜੋਂ ਜਾਣਦੇ ਹਨ ਤਾਂ ਦੁਨੀਆਂ ਵਿੱਚ ਅੰਗਰੇਜ਼ੀ ਜਾਨਣ ਵਾਲੇ 70 ਕਰੋੜ ਦੇ ਆਸ-ਪਾਸ ਹਨ। ਇਹ ਦੁਨੀਆਂ ਦੀ ਅਬਾਦੀ ਦਾ ਲਗਭਗ 10ਵਾਂ ਹਿੱਸਾ ਹੈ। ਇਸ ਦਾ ਮਤਲਬ ਹੈ ਕਿ ਅੰਗਰੇਜ਼ੀ ਭਾਸ਼ਾ ਰਾਹੀਂ ਦੁਨੀਆਂ ਦੇ ਕੋਈ 10% ਵਿਅਕਤੀਆਂ ਨਾਲ ਹੀ ਸੰਵਾਦ ਰਚਾਇਆ ਜਾ ਸਕਦਾ ਹੈ ਜਾਂ ਹੋਰ ਕਾਰੋਬਾਰ ਕੀਤਾ ਜਾ ਸਕਦਾ ਹੈ। ਬਾਕੀ 90% ਤੋਂ ਵੱਧ ਨਾਲ ਗੱਲ-ਬਾਤ ਵਿੱਚ ਅੰਗਰੇਜ਼ੀ ਕੋਈ ਮਦਦ ਨਹੀਂ ਕਰਦੀ।

ਸਾਨੂੰ ਅੰਗਰੇਜ਼ੀ ਦੀ ਵਪਾਰਕ ਲੋੜ ਇਸ ਲਈ ਜ਼ਿਆਦਾ ਭਾਸਦੀ ਹੈ ਕਿ ਭਾਰਤ ਦਾ ਪਹਿਲਾਂ ਅੰਗਰੇਜ਼ਾਂ ਦੀ ਗੁਲਾਮੀ ਦਾ ਇਤਿਹਾਸ ਹੋਣ ਕਰਕੇ ਸਾਡਾ ਵਾਹ ਅੰਗਰੇਜ਼ੀ ਭਾਸ਼ੀ ਵਿਦੇਸ਼ੀਆਂ ਨਾਲ ਵਧੇਰੇ ਰਿਹਾ ਹੈ। ਦੂਜੇ, 1980 ਤੋਂ ਬਾਅਦ ਅਮਰੀਕਾ ਦਾ ਸਾਰੀ ਦੁਨੀਆਂ 'ਤੇ ਗਲਬਾ ਹੋ ਜਾਣ ਕਰਕੇ ਅਮਰੀਕੀ ਆਰਥਿਕਤਾ ਅਤੇ ਜੀਵਨ ਸ਼ੈਲੀ ਦੇ ਭਾਰੂ ਹੋ ਜਾਣ ਦੇ ਸਿੱਟੇ ਵੱਜੋਂ ਅੰਗਰੇਜ਼ੀ ਭਾਸ਼ਾ ਦਾ ਗਲਬਾ ਵੀ ਵਧ ਗਿਆ ਹੈ। ਤੀਜੇ, ਇੰਟਰਨੈੱਟ ਜਿਹੇ ਸੂਚਨਾ ਮਾਧਿਅਮ ਮੂਲ ਰੂਪ ਵਿੱਚ ਅੰਗਰੇਜ਼ੀ ਅਧਾਰਤ ਹੋਣ ਕਰਕੇ ਵੀ ਅੰਗਰੇਜ਼ੀ ਭਾਰੂ ਹੋ ਗਈ। ਚੌਥੇ, ਭਾਰਤ ਵਿੱਚ ਸਿੱਖਿਆ ਦੇ ਨਿੱਜੀਕਰਣ ਅਤੇ ਵਪਾਰੀਕਰਣ ਨਾਲ ਮਾਤ ਭਾਸ਼ਾ ਅਧਾਰਤ ਸਰਕਾਰੀ ਸਿੱਖਿਆ ਤਬਾਹ ਕਰ ਦਿੱਤੀ ਗਈ ਅਤੇ ਵਪਾਰਕ ਸਿੱਖਿਆ ਸੰਸਥਾਵਾਂ ਨੇ ਮੁੱਖ ਰੂਪ ਵਿੱਚ ਅੰਗਰੇਜ਼ੀ ਮਾਧਿਅਮ ਨੂੰ ਹੀ ਅਪਣਾਇਆ। ਇਸ ਦਾ ਕਾਰਣ ਇਹ ਵੀ ਹੈ ਕਿ ਭਾਰਤ ਦੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਨੇ ਭਾਰਤੀ ਭਾਸ਼ਾਵਾਂ ਨੂੰ ਸਿੱਖਿਆ ਦਾ ਮਾਧਿਅਮ (ਵਿਸ਼ੇਸ਼ ਤੌਰ 'ਤੇ ਉਚੇਰੀ ਸਿੱਖਿਆ ਦਾ ਮਾਧਿਅਮ) ਬਨਾਉਣ ਲਈ 70ਵਿਆਂ ਤੋਂ ਬਾਅਦ ਉਪਰਾਲੇ ਬਿਲਕੁਲ ਹੀ ਛੱਡ ਦਿੱਤੇ। ਇਸ ਵਿੱਚ ਅਮੀਰ ਵਰਗ ਦਾ ਗਰੀਬ ਵਰਗ ਨੂੰ ਸਿੱਖਿਆ ਅਤੇ ਲਾਭ ਵਾਲੀਆਂ ਥਾਵਾਂ ਤੋਂ ਬਾਹਰ ਰੱਖਣ ਦਾ ਸਵਾਰਥ ਵੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਵਿੱਚ ਵੱਡਾ ਕਾਰਣ ਇਹ ਵੀ ਹੈ ਕਿ ਉਪਰਲਾ ਭਾਰਤੀ ਵਰਗ ਸਦੀਆਂ ਤੱਕ ਵਿਦੇਸ਼ੀ ਹਾਕਮਾਂ ਦੀ ਸੇਵਾਦਾਰੀ ਕਰਦਾ ਆਪਣਾ ਕੌਮੀ ਸਵੈ-ਮਾਨ ਗੁਆ ਚੁੱਕਾ ਹੈ ਅਤੇ ਸਾਂਝੇ ਕੌਮੀ ਵਿਕਾਸ ਦੇ ਟੀਚੇ ਵੱਲ ਪੂਰੀ ਤਰ੍ਹਾਂ ਪਿੱਠ ਕਰ ਚੁੱਕਿਆ ਹੈ। ਇਹਨਾਂ ਸਾਰੇ ਕਾਰਣਾਂ ਕਰਕੇ ਅੰਗਰੇਜ਼ੀ ਭਾਸ਼ਾ ਦਾ ਗਲਬਾ ਇੰਨਾਂ ਵਧ ਗਿਆ ਹੈ ਕਿ ਸਕੂਲੀ ਸਿੱਖਿਆ ਦੇ ਮਾਧਿਅਮ ਵਜੋਂ ਇਹ ਮਾਤ-ਭਾਸ਼ਾਵਾਂ ਨੂੰ ਬਾਹਰ ਕੱਢੀ ਜਾ ਰਹੀ ਹੈ। ਜੇ ਇਸ ਰੁਝਾਨ ਨੂੰ ਛੇਤੀ ਮੋੜਾ ਨਾ ਦਿੱਤਾ ਗਿਆ ਤਾਂ ਭਾਰਤੀ ਮਾਤ ਭਾਸ਼ਾਵਾਂ ਦੇ ਸਿੱਖਿਆ ਅਤੇ ਪ੍ਰਸ਼ਾਸਨ ਆਦਿ ਖੇਤਰਾਂ ਵਿਚੋਂ ਬਾਹਰ ਹੋ ਜਾਣ ਦਾ ਖਤਰਾ ਵਾਸਤਵਿਕ ਹੈ। ਕਿਸੇ ਵੀ ਭਾਸ਼ਾ ਦੇ ਜੀਵਨ ਅਤੇ ਵਿਕਾਸ ਲਈ ਇਹ ਮੂਲ ਅਧਾਰ ਹਨ।

ਪਰ ਜਿਵੇਂ ਇਤਿਹਾਸ ਵਿੱਚ ਪਹਿਲਾਂ ਵੀ ਵਾਪਰਦਾ ਰਿਹਾ ਹੈ, ਅੰਗਰੇਜ਼ੀ ਭਾਸ਼ਾ ਦਾ ਗਲਬਾ ਵਧਾਉਣ ਵਾਲੇ ਕਾਰਨ ਕੋਈ ਸਦੀਵੀ ਕਾਰਨ ਨਹੀਂ ਹਨ। ਦੁਨੀਆਂ ਦੇ ਕਿਸੇ ਵੀ ਸਾਮਰਾਜ ਦੇ ਢਹਿ-ਢੇਰੀ ਹੋਣ ਨਾਲ ਸਾਮਰਾਜੀ ਭਾਸ਼ਾ ਦਾ ਗਲਬਾ ਵੀ ਖਤਮ ਹੋ ਜਾਂਦਾ ਹੈ। ਕਿਉਂਕਿ ਹਰ ਸਾਮਰਾਜ ਦੇ ਢਹਿ-ਢੇਰੀ ਹੋਣ ਦੇ ਕਾਰਣ ਉਸ ਦੇ ਅੰਦਰ ਹੀ ਹੁੰਦੇ ਹਨ ਇਸ ਲਈ ਅਮਰੀਕੀ

Sri Satguru Jagjit Singh Ji eLibrary NamdhariElibrary@gmail.com

ਇਸ ਨਾਲ ਚੀਨੀ ਭਾਸ਼ਾ ਦਾ ਵੀ ਅੰਤਰਰਾਸ਼ਟਰੀ ਕਾਰੋਬਾਰ ਦੀ ਭਾਸ਼ਾ ਵੱਜੋਂ ਪਸਾਰ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਕੁਝ ਚਿਰ ਪਹਿਲਾਂ ਅਖ਼ਬਾਰਾਂ ਵਿੱਚ ਖਬਰ ਆਈ ਸੀ ਕਿ ਕੇਂਦਰੀ ਸਕੂਲ ਸਿੱਖਿਆ ਬੋਰਡ ਆਪਣੇ ਸਕੂਲਾਂ ਵਿੱਚ ਚੀਨੀ ਭਾਸ਼ਾ ਪੜ੍ਹਾਉਣ ਦੇ ਪ੍ਰਬੰਧ ਕਰੇਗਾ। ਅਮਰੀਕਾ ਦੇ ਇਕ ਉੱਚ-ਪੱਧਰੀ ਨੀਤੀ ਘਾੜੇ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਹੋ ਸਕਦਾ ਹੈ ਕਿ ਕੁਝ ਸਾਲਾਂ ਨੂੰ ਅਸੀਂ ਆਪਣੇ ਆਪ ਨੂੰ ਇੰਜ ਕਹੀਏ ਕਿ ਅਸੀਂ ਕਿੰਨੇ ਮੂਰਖ ਸਾਂ ਕਿ ਅੰਗਰੇਜ਼ੀ ਪਿੱਛੇ ਪਏ ਸਾਂ। ਲੋੜ ਤਾਂ ਚੀਨੀ ਸਿੱਖਣ ਦੀ ਸੀ। ਅਮਰੀਕੀ ਯੂਨੀਵਰਸਿਟੀਆਂ ਵਿੱਚ ਵੀ ਗੈਰ-ਅੰਗਰੇਜ਼ੀ ਭਾਸ਼ਾਵਾਂ ਸਿੱਖਣ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵੱਡਾ ਵਾਧਾ ਹੋ ਰਿਹਾ ਹੈ। ਅਮਰੀਕਾ ਵਿੱਚ 2007 ਵਿੱਚ ਚੀਨੀ ਭਾਸ਼ਾ ਸਿੱਖਣ ਵਾਲਿਆਂ ਦੀ ਗਿਣਤੀ 2000 ਦੇ ਮੁਕਾਬਲੇ 10 ਗੁਣਾ ਸੀ। 2007 ਤੋਂ ਬਾਅਦ ਤਾਂ ਚੀਨੀ ਤੂਫ਼ਾਨ ਦੀ ਰਫ਼ਤਾਰ ਹੋਰ ਵੀ ਤੇਜ਼ ਹੋ ਗਈ ਹੈ।

ਇਹ ਤੱਥ ਤਾਂ ਹੋਰ ਵੀ ਮਹੱਤਵਪੂਰਨ ਹੈ ਕਿ ਅਮਰੀਕਾ ਵਿੱਚ ਗੈਰ-ਅੰਗਰੇਜ਼ੀ ਭਾਸ਼ੀ ਅਮਰੀਕੀ ਵਸ਼ਿੰਦੇ ਵੀ ਅੰਗਰੇਜ਼ੀ ਭਾਸ਼ਾ ਨੂੰ ਘਰਾਂ ਵਿੱਚੋਂ ਬਾਹਰ ਕੱਢ ਰਹੇ ਹਨ। ਅਮਰੀਕਾ ਵਿੱਚ 2011 ਵਿੱਚ ਘਰ ਵਿੱਚ ਅੰਗਰੇਜ਼ੀ ਨਾ ਬੋਲਣ ਵਾਲਿਆਂ ਦੀ ਗਿਣਤੀ 1980 ਦੇ ਮੁਕਾਬਲੇ 140 ਫੀਸਦੀ ਵਧੀ ਹੈ, ਜਦੋਂ ਕਿ ਇਹਨਾਂ ਸਾਲਾਂ ਵਿੱਚ ਅਮਰੀਕਾ ਦੀ ਅਬਾਦੀ ਸਿਰਫ 40 ਫੀਸਦੀ ਵਧੀ ਹੈ। ਸਾਫ਼ ਹੈ ਕਿ ਜਿਆਦਾ ਤੋਂ ਜ਼ਿਆਦਾ ਗੈਰ-ਅੰਗਰੇਜ਼ੀ ਭਾਸ਼ੀ ਅਮਰੀਕੀ ਗੈਰ-ਰਸਮੀ ਖੇਤਰਾਂ ਵਿੱਚ ਅੰਗਰੇਜ਼ੀ ਦੀ ਵਰਤੋਂ ਛੱਡੀ ਜਾ ਰਹੇ ਹਨ। ਹੇਠਲੀ ਉਕਤੀ ਅੱਖਾਂ ਖੋਲ੍ਹਣ ਵਾਲੀ ਹੈ:

"ਅੰਗਰੇਜ਼ੀ ਨੇ ਜੋ ਇਜਾਰੇਦਾਰਾਨਾ ਪੁਜੀਸ਼ਨ 20ਵੀਂ ਸਦੀ ਦੇ ਅੰਤ ਤੱਕ ਹਾਂਸਿਲ ਕਰ ਲਈ ਸੀ, 21ਵੀਂ ਸਦੀ ਵਿੱਚ ਅਜਿਹੀ ਇਜਾਰੇਦਾਰਾਨਾ ਸਥਿਤੀ ਕਿਸੇ ਵੀ ਇੱਕ ਭਾਸ਼ਾ ਦੀ ਨਹੀਂ ਰਹੇਗੀ।*

"ਅੰਗਰੇਜ਼ੀ ਅਤੇ ਸੂਚਨਾ ਤਕਨਾਲੋਜੀ ਵਿੱਚਲਾ ਨੇੜਲਾ ਰਿਸ਼ਤਾ ਥੋੜ੍ਹ-ਚਿਰਾ ਹੋ ਸਕਦਾ ਹੈ। ਜਿਵੇਂ ਅੰਗਰੇਜ਼ੀ ਬੁਲਾਰੇ ਸਭ ਤੋਂ ਵਧੀਆ ਅਤੇ ਸਭ ਤੋਂ ਨਵੀਂ ਤਕਨਾਲੋਜੀ ਦਾ ਲਾਭ ਉਠਾਉਂਦੇ ਸਨ, ਇਹ ਹੁਣ ਸੱਚ ਨਹੀਂ ਹੈ। ਡੇਵਿਡ ਗਰਾਡੋਲ, 2000 (1997), ਦ ਫਿਊਚਰ ਆੱਫ ਇੰਗਲਿਸ਼? ਗਾਈਡ ਟੂ ਫੋਰਕਾਸਟਿੰਗ ਦ ਪਾਪੂਲੇਰਿਟੀ ਆੱਫ ਦ ਇੰਗਲਿਸ਼ ਲੈਂਗੁਏਜ ਇਨ ਦ ਟਵੰਟੀ ਫਸਟ ਸੈਂਚੁਰੀ, ਦ ਬਰਿਟਿਸ਼ ਕਾਉਂਸਿਲ।

ਬਹੁ-ਕੌਮੀ ਕੰਪਨੀਆਂ ਉਹਨਾਂ ਵਿਅਕਤੀਆਂ ਨੂੰ ਨੌਕਰੀ ਵਿੱਚ ਤਰਜੀਹ ਦੇਣ ਲੱਗ ਪਈਆਂ ਹਨ ਜਿਨ੍ਹਾਂ ਨੂੰ ਅੰਗੇਰਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਵੀ ਆਉਂਦੀ ਹੋਵੇ। ਦੁਨੀਆਂ ਦੀ ਮੰਡੀ ਦੇ ਏਕੀਕਰਣ ਨਾਲ ਜਿੱਥੇ ਪਹਿਲਾਂ ਅੰਗਰੇਜ਼ੀ ਭਾਸ਼ਾ ਨੂੰ ਬਲ ਮਿਲਿਆ ਸੀ, ਹੁਣ ਇਸੇ ਦੇ ਨਤੀਜੇ ਵੱਜੋਂ ਵਪਾਰਕ ਅਦਾਨ-ਪ੍ਰਦਾਨ ਵਿੱਚ ਸਥਾਨਕ ਭਾਸ਼ਾਵਾਂ ਦੀ ਲੋੜ ਅਤੇ ਮਹੱਤਤਾ ਵੀ ਵਧ ਗਈ ਹੈ। ਬਹੁਤ ਸਾਰੇ ਉਪਕਰਣ (ਕੰਪਿਊਟਰ ਆਦਿ) ਭਾਸ਼ਾ ਨਾਲ ਜੁੜੇ ਹੋਣ ਕਰਕੇ ਇਹਨਾਂ ਦੀ ਵਿਕਰੀ ਲਈ ਇਹਨਾਂ ਨੂੰ ਸਥਾਨਕ ਭਾਸ਼ਾਵਾਂ 'ਤੇ ਅਧਾਰਤ ਕਰਨਾ ਜ਼ਰੂਰੀ ਹੋ ਗਿਆ ਹੈ। ਇੰਟਰਨੈੱਟ 'ਤੇ ਵੀ ਅੰਗਰੇਜ਼ੀ ਦੀ ਇੰਜ਼ਾਏਦਾਰੀ ਖਤਮ ਹੋ ਰਹੀ ਹੈ ਅਤੇ ਗੈਰ-ਅੰਗਰੇਜ਼ੀ ਭਾਸ਼ਾਵਾਂ ਦਾ ਹਿੱਸਾ ਵਧੀ ਜਾ ਰਿਹਾ ਹੈ। 2000 ਦੇ ਆਸ-ਪਾਸ ਇੰਟਰਨੈੱਟ 'ਤੇ 80 ਫੀਸਦੀ ਜਾਣਕਾਰੀ ਅੰਗਰੇਜ਼ੀ ਵਿੱਚ ਸੀ। ਹੁਣ ਇਹ 30 ਤੋਂ ਵੀ ਹੇਠਾਂ ਆ ਗਈ ਹੈ। ਅੰਗਰੇਜ਼ੀ ਦੇ ਪਸਾਰ ਨਾਲ ਮਾਤ ਭਾਸ਼ਾਵਾਂ ਅਤੇ ਸਭਿਆਚਾਰ ਦੇ ਭਾਰੀ ਨੁਕਸਾਨ ਹੋਣ ਕਰਕੇ ਮਾਤ ਭਾਸ਼ਾਵਾਂ ਅਤੇ ਸਭਿਆਚਾਰਾਂ ਪ੍ਰਤੀ ਚੇਤਨਤਾ ਅਤੇ ਅੰਗਰੇਜ਼ੀ ਦਾ ਵਿਰੋਧ ਵੀ ਵਧ ਰਿਹਾ ਹੈ। ਅੰਗਰੇਜ਼ੀ ਦੇ ਪਸਾਰ ਨਾਲ ਸਿੱਖਿਆ, ਸਭਿਆਚਾਰ, ਸਮਾਜਿਕ ਅਤੇ ਪ੍ਰਸ਼ਾਸਨਿਕ ਆਦਿ ਖੇਤਰਾਂ ਵਿੱਚ ਹੋਣ ਵਾਲੇ ਵੱਡੇ ਨੁਕਸਾਨ ਵੀ ਸਾਹਮਣੇ ਆਉਣ ਲੱਗੇ ਹਨ ਅਤੇ ਇਹਨਾਂ ਖੇਤਰਾਂ ਵਿੱਚ ਮਾਤ ਭਾਸ਼ਾਵਾਂ ਦੇ ਰੋਲ ਦੀ ਮਹੱਤਤਾ ਦੇ ਹੱਕ ਵਿੱਚ ਦਲੀਲਾਂ ਵਧੇਰੇ ਸਵੀਕਾਰ ਹੋਣ ਲੱਗੀਆਂ ਹਨ। ਮਨੁੱਖੀ ਨਸਲ ਦੇ ਵਿਕਾਸ ਦੇ ਇਸ ਪੜਾਅ 'ਤੇ ਦੁਨੀਆਂ ਵਿੱਚ ਜਮਹੂਰੀ ਪ੍ਰਕਿਰਿਆ ਨੂੰ ਪੁੱਠਾ ਮੋੜਨਾ ਕਿਉਂਕਿ ਹੁਣ ਅਸਾਨ ਨਹੀਂ ਹੈ, ਇਸ ਲਈ ਸਥਾਨਕ ਭਾਸ਼ਾਵਾਂ ਦੀ ਸਮਾਜਿਕ ਸ਼ਕਤੀ ਵਿੱਚ ਵਾਧੇ ਦਾ ਰੁਝਾਨ ਵੀ ਜਾਰੀ ਰਹਿਣਾ ਸੁਭਾਵਕ ਹੈ। ਭਾਸ਼ਾ ਨਾਲ ਕਿਉਂਕਿ ਤਾਕਤ ਦੀ ਵੰਡ ਵੀ ਜੁੜੀ ਹੋਈ ਹੈ, ਇਸ ਲਈ ਤਾਕਤ ਦੀ ਵੰਡ ਦੀ ਲੜਾਈ ਵਿੱਚ ਮਾਤ-ਭਾਸ਼ਾਵਾਂ ਦੀ ਥਾਂ ਦੀ ਲੜਾਈ ਵੀ ਲੜੀ ਜਾ ਰਹੀ ਹੈ। ਉਪਰਲੇ ਵਰਗ ਦੀ ਪਛਾਣ ਅੰਗਰੇਜ਼ੀ ਭਾਸ਼ਾ ਨਾਲ ਜੁੜਦੀ ਜਾਣ ਕਰਕੇ ਵਰਗਾਂ ਦੀ ਲੜਾਈ ਨਾਲ ਭਾਸ਼ਾਵਾਂ ਦੀ ਲੜਾਈ ਵੀ ਜੁੜੀ ਹੋਈ ਹੈ। ਵੰਚਿਤ ਵਰਗ ਨੂੰ ਅਹਿਸਾਸ ਹੋਣ ਲੱਗ ਗਿਆ ਹੈ ਕਿ ਅੰਗਰੇਜ਼ੀ ਭਾਸ਼ਾ ਨੂੰ ਸੰਦ ਬਣਾ ਕੇ ਕਿਵੇਂ ਉਹਨਾਂ ਨੂੰ ਸਿੱਖਿਆ, ਤਾਕਤ ਅਤੇ ਲਾਭ ਵਾਲੀਆਂ ਥਾਵਾਂ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਯੂਰਪੀ ਯੂਨੀਅਨ ਇਕ ਰਾਜਨੀਤਕ ਇਕਾਈ ਵੱਜੋਂ ਉਭਰ ਕੇ ਸਾਹਮਣੇ ਆ ਰਹੀ ਹੈ ਅਤੇ ਯੂਰਪੀ ਯੂਨੀਅਨ ਨੇ ਅੰਗਰੇਜ਼ੀ ਦੇ ਨਾਲ-ਨਾਲ ਫਰਾਂਸੀਸੀ ਭਾਸ਼ਾ ਨੂੰ ਵੀ ਯੂਰਪੀ ਯੂਨੀਅਨ ਦੇ ਕੰਮ-ਕਾਜ ਦੀ ਭਾਸ਼ਾ ਮੰਨਿਆ ਹੈ। ਜਰਮਨੀ, ਫਰਾਂਸ ਅਤੇ ਸਪੇਨ ਯੂਰਪੀ ਯੂਨੀਅਨ ਦੀ ਅਗਵਾਈ ਕਰਨ ਵਾਲੇ ਦੇਸ਼ ਹਨ ਅਤੇ ਇਹਨਾਂ 'ਚੋਂ

Sri Satguru Jagjit Singh Ji eLibrary NamdhariElibrary@gmail.com

ਇੱਕ ਦੀ ਵੀ ਭਾਸ਼ਾ ਅੰਗਰੇਜ਼ੀ ਨਹੀਂ ਹੈ। ਦੱਖਣੀ ਏਸ਼ੀਆ ਅਤੇ ਇੱਕਾ-ਦੁੱਕਾ ਹੋਰ ਦੇਸ਼ਾਂ ਨੂੰ ਛੱਡ ਕੇ ਦੁਨੀਆਂ ਦੇ ਸਾਰੇ ਗੈਰ-ਅੰਗਰੇਜ਼ੀ ਭਾਸ਼ੀ ਦੇਸ਼ਾਂ ਵਿੱਚ ਹਰ ਪੱਧਰ ਦੀ ਸਿੱਖਿਆ ਉਥੋਂ ਦੀ ਸਥਾਨਕ ਭਾਸ਼ਾ ਵਿੱਚ ਦਿੱਤੀ ਜਾ ਰਹੀ ਹੈ। ਜਿਸ ਗੈਰ-ਅੰਗਰੇਜ਼ੀ ਭਾਸ਼ੀ ਦੇਸ਼ ਨੇ ਆਪਣੀ ਸਿੱਖਿਆ ਨੂੰ ਅੰਗਰੇਜ਼ੀ ਅਧਾਰਤ ਬਣਾਇਆ ਹੈ, ਉਸਨੇ ਕੋਈ ਵਿਸ਼ੇਸ਼ ਸਮਾਜਿਕ ਵਿਕਾਸ ਵੀ ਹਾਸਲ ਨਹੀਂ ਕੀਤਾ ਅਤੇ ਗੁਰਬਤ ਅਤੇ ਸਮਾਜਿਕ ਖਿੰਡਰਾਅ ਦੀਆਂ ਗੰਭੀਰ ਸਮੱਸਿਆਵਾਂ 'ਚੋਂ ਉਭਰ ਵੀ ਨਹੀਂ ਸੱਕਿਆ। ਇਥੇ ਜ਼ਿਕਰਯੋਗ ਹੈ ਕਿ ਭਾਰਤ ਗ਼ਰੀਬੀ ਘਟਾਉਣ ਦੀ ਦਰ ਅਤੇ ਸਕੂਲੀ ਸਿੱਖਿਆ ਵਧਾਉਣ ਦੀ ਦਰ ਵਿੱਚ ਬੰਗਲਾਦੇਸ਼ ਤੋਂ ਵੀ ਫਾਡੀ ਹੈ।

ਇਹ ਠੀਕ ਹੈ ਕਿ ਦੁਨੀਆਂ ਦੀ ਪੱਧਰ ਤੇ ਅਦਾਨ-ਪ੍ਰਦਾਨ ਲਈ ਅੰਗਰੇਜ਼ੀ ਕਿਸੇ ਵੀ ਹੋਰ ਭਾਸ਼ਾ ਨਾਲੋਂ ਵਧੇਰੇ ਵਰਤੀ ਜਾ ਰਹੀ ਹੈ। ਇਹ ਕੋਈ ਮਾੜੀ ਗੱਲ ਵੀ ਨਹੀਂ ਹੈ ਕਿ ਦੁਨੀਆਂ ਦੇ ਲੋਕ ਕਿਸੇ ਨਾ ਕਿਸੇ ਭਾਸ਼ਾ ਵਿੱਚ ਆਪਸ ਵਿੱਚ ਗੱਲ ਕਰ ਸਕਣ। ਪਰ ਦੁਨੀਆਂ ਦੇ ਪੱਧਰ 'ਤੇ ਅਦਾਨ-ਪ੍ਰਦਾਨ ਦੀ ਭਾਸ਼ਾ ਹੋਣਾ ਹੋਰ ਗੱਲ ਹੈ ਅਤੇ ਅੰਗਰੇਜ਼ੀ ਦਾ ਮਾਤ-ਭਾਸ਼ਾਵਾਂ ਦਾ ਵਿਹੜਾ ਮੱਲ ਲੈਣਾ ਹੋਰ। ਇਸ ਲਈ ਬਹੁਤ ਜ਼ਰੂਰੀ ਹੈ ਕਿ ਮਾਤ-ਭਾਸ਼ਾਵਾਂ ਦੇ ਬਣਦੇ ਖੇਤਰਾਂ ਵਿੱਚ ਮਾਤ-ਭਾਸ਼ਾਵਾਂ ਨੂੰ ਉਚਿਤ ਥਾਂ ਮਿਲੇ। ਇਸ ਵਿੱਚ ਸਭ ਤੋਂ ਵੱਡਾ ਖੇਤਰ ਸਿੱਖਿਆ ਦਾ ਮਾਧਿਅਮ ਹੋਣਾ ਹੈ। ਮਾਤ-ਭਾਸ਼ਾਵਾਂ ਅਤੇ ਸਥਾਨਕ ਸਭਿਆਚਾਰਾਂ ਦੇ ਵਿਕਾਸ ਤੋਂ ਬਿਨਾਂ ਅਜ਼ਾਦੀ ਹੀ ਅਧੂਰੀ ਨਹੀਂ ਚੰਗਾ ਮਨੁੱਖੀ ਵਿਕਾਸ ਵੀ ਸੰਭਵ ਨਹੀਂ ਹੈ।

ੲ. ਵਿਗਿਆਨ ਦੀ ਪੜ੍ਹਾਈ, ਪੰਜਾਬੀ ਅਤੇ ਅੰਗਰੇਜ਼ੀ

ਅੰਗਰੇਜ਼ੀ ਨੂੰ ਸਿੱਖਿਆ ਦਾ ਮਾਧਿਅਮ ਬਨਾਉਣ ਦੇ ਹੱਕ ਵਿੱਚ ਇਕ ਆਮ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸ਼ਬਦਾਵਲੀ ਦੀ ਘਾਟ ਕਰਕੇ ਪੰਜਾਬੀ ਵਿੱਚ ਵਿਗਿਆਨ ਦੀ ਪੜ੍ਹਾਈ ਲਈ ਸਮਰੱਥਾ ਨਹੀਂ ਹੈ ਅਤੇ ਨਾ ਹੀ ਪੰਜਾਬੀ ਵਿੱਚ ਵਿਗਿਆਨ ਦੀ ਪੜ੍ਹਾਈ ਲਈ ਸਮੱਗਰੀ ਹੈ। ਇਸ ਲੇਖ ਵਿੱਚ ਇਹਨਾਂ ਦੋ ਸਵਾਲਾਂ ਨੂੰ ਵਾਚਿਆ ਗਿਆ ਹੈ।

ੲ.1.ਸਮਰੱਥਾ ਦਾ ਸਵਾਲ:

ਜਿੱਥੋਂ ਤੱਕ ਸਮਰੱਥਾ ਦਾ ਸਵਾਲ ਹੈ, ਭਾਸ਼ਾ ਮਾਹਿਰ ਬਾਰ-ਬਾਰ ਇਹ ਸਥਾਪਤ ਕਰ ਚੁੱਕੇ ਹਨ ਕਿ ਹਰ ਭਾਸ਼ਾ ਵਿੱਚ ਉਚੇਚੇ ਤੋਂ ਉਚੇਚੇ ਭਾਸ਼ਾਈ ਕਾਰਜ ਦੀ ਸਮਰੱਥਾ ਹੁੰਦੀ ਹੈ, ਬੱਸ ਲੋੜ ਉਸ ਭਾਸ਼ਾ ਦੀ ਵਰਤੋਂ ਦੀ ਹੁੰਦੀ ਹੈ। ਨਵੇਂ ਸੰਕਲਪਾਂ ਅਤੇ ਵਸਤੂਆਂ ਦੇ ਆਉਣ ਨਾਲ ਨਵੀਂ ਸ਼ਬਦਾਵਲੀ ਦੀ ਲੋੜ ਜ਼ਰੂਰ ਹੁੰਦੀ ਹੈ। ਪਰ ਕਿਸੇ ਵੀ ਭਾਸ਼ਾ ਦੀ ਨਵੀਂ ਤੋਂ ਨਵੀਂ ਸ਼ਬਦਾਵਲੀ ਵੀ ਮੂਲ ਸ਼ਬਦਾਵਲੀ ਦਾ ਪਸਾਰ ਹੀ ਹੁੰਦੀ ਹੈ ਅਤੇ ਸਭ ਭਾਸ਼ਾਵਾਂ ਦੀ ਮੂਲ ਸ਼ਬਦਾਵਲੀ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਹੈ। ਕਿਸੇ ਵੀ ਭਾਸ਼ਾ ਦੀ ਮੂਲ ਸ਼ਬਦਾਵਲੀ ਦਾ ਅਜਿਹਾ ਪਸਾਰ ਬੜੇ ਮਾਮੂਲੀ ਯਤਨ ਨਾਲ ਕੀਤਾ ਜਾ ਸਕਦਾ ਹੈ। ਦੁਨੀਆਂ ਭਰ ਦੀਆਂ ਭਾਸ਼ਾਵਾਂ ਦੇ ਬੁਲਾਰਿਆਂ ਨੇ ਸ਼ਬਦਾਵਲੀ ਦਾ ਅਜਿਹਾ ਬਹੁਤ ਪਸਾਰ ਕਿਸੇ ਤਰ੍ਹਾਂ ਦੀ ਪੜ੍ਹਾਈ ਕੀਤੇ ਬਿਨਾਂ ਹੀ ਕੀਤਾ ਹੈ। ਇਹ ਕੰਮ ਲੋਕ ਸਹਿਜ ਸੁਭਾਵਕ ਬਿਨਾਂ ਕਿਸੇ ਸੰਸਥਾਈ ਸਿੱਖਿਆ ਦੇ ਵੀ ਕਰੀ ਜਾ ਰਹੇ ਹਨ। ਦੁਨੀਆਂ ਦੀ ਕਿਸੇ ਭਾਸ਼ਾ ਦੀ ਵੀ ਮੂਲ ਸ਼ਬਦਾਵਲੀ ਕਿਸੇ ਪੜ੍ਹੇ ਲਿਖੇ ਨੇ ਨਹੀਂ ਬਣਾਈ। ਇਹ ਅਨਪੜ੍ਹ ਮਨੁੱਖਾਂ ਨੇ ਸਹਿਜ ਸੁਭਾਵਕ ਪੈਦਾ ਕੀਤੀ ਹੈ। ਪੜ੍ਹੇ-ਲਿਖੇ ਵਰਗ ਨੇ ਇਹਨਾਂ ਮੂਲ ਸ਼ਬਦਾਂ ਤੋਂ ਹੀ ਅੱਗੋਂ ਨਵੇਂ ਸ਼ਬਦ ਘੜੇ ਹਨ। ਅੰਗਰੇਜ਼ੀ ਭਾਸ਼ਾਈ ਵਿਦਵਾਨਾਂ ਦਾ ਵੀ ਅੰਗਰੇਜ਼ੀ ਦੀ ਅਮੀਰੀ ਬਨਾਉਣ ਵਿੱਚ ਬਸ ਇੰਨਾ ਕੁ ਹੀ ਯੋਗਦਾਨ ਹੈ। ਪਿੰਡ ਦੇ ਕਿਸੇ ਖੁੰਢ 'ਤੇ ਸਿਰਫ਼ ਇਕ ਦਿਹਾੜੀ ਲਾਉਣ ਨਾਲ ਹੀ ਪਤਾ ਲੱਗ ਜਾਵੇਗਾ ਕਿ ਕਿਵੇਂ ਲੋਕ ਸ਼ਬਦ ਘੜ-ਘੜ ਸੱਟੀ ਜਾ ਰਹੇ ਹਨ। ਕਿਸੇ ਭਾਸ਼ਾ ਦੀ ਸਮਰੱਥਾ ਬਾਰੇ ਅਤੇ ਇਸ ਸਮਰੱਥਾ 'ਤੇ ਕਿੰਤੂ ਕਰਨ ਵਾਲੇ ਨੂੰ ਇਹ ਟਿੱਪਣੀ ਬੜੀ ਹਲਕੀ ਜਿਹੀ ਲੱਗ ਸਕਦੀ ਹੈ ਪਰ ਥੋੜੀ ਦਿਮਾਗੀ ਖੇਚਲ ਨਾਲ ਹੀ ਇਸ ਦੀ ਗੰਭੀਰਤਾ ਦਾ ਅਹਿਸਾਸ ਹੋ ਜਾਵੇਗਾ। ਸ਼ਬਦਾਵਲੀ ਦੀ ਜਿਸ ਅਮੀਰੀ ਲਈ ਅੰਗਰੇਜ਼ੀ ਦੇ ਸਿਰ 'ਤੇ ਤਾਜ ਰੱਖਿਆ ਜਾਂਦਾ ਹੈ ਇਹ ਅੰਗਰੇਜ਼ੀ ਵੱਲੋਂ ਮਾਰੀ ਡਕੈਤੀ ਦਾ ਨਤੀਜਾ ਹੈ। ਅੰਗਰੇਜ਼ੀ ਵਿਚਲੀ ਗਿਆਨ-ਵਿਗਿਆਨ ਦੀ ਬਹੁਤੀ ਸ਼ਬਦਾਵਲੀ ਲਾਤੀਨੀ, ਯੂਨਾਨੀ ਅਤੇ ਫਰਾਂਸੀਸੀ ਮੂਲ ਦੀ ਹੈ। ਇਹ ਕੋਈ ਐਸੀ ਅਲੋਕਾਰ ਚੀਜ਼ ਵੀ ਨਹੀਂ ਹੈ ਜਿਹੜੀ ਹੋਰ ਭਾਸ਼ਾ ਵਿੱਚ ਨਾ ਮਿਲਦੀ ਹੋਵੇ। ਮਿਸਾਲ ਲਈ ਵਧੇਰੇ ਔਖਿਆਂ ਕਰਨ ਵਾਲੇ ਖੇਤਰ ਵੈਦਗੀ ਦੀ ਕੁਝ ਸ਼ਬਦਾਵਲੀ ਨੂੰ ਲਿਆ ਜਾ ਸਕਦਾ ਹੈ। ਮੈਂ ਵੈਦਗੀ ਦੀ ਇੱਕ ਕਿਤਾਬ ਅੱਖਾਂ ਬੰਦ ਕਰਦੇ ਖੋਲ੍ਹੀ ਹੈ। ਮੇਰੇ ਸਾਹਮਣੇ ਇਹ ਸ਼ਬਦ ਆਏ ਹਨ-Lipaemia, Liparia, Lipase, Lipamia, Lipid, Lipide, Lipodystrophia, Lipodystrophy, Lipoid, Lipolysis, Lipoma, Lipometosis. ਇਹ ਸ਼ਬਦ ਪੜ੍ਹਕੇ ਇੱਕ ਵਾਰ ਤਾਂ ਬੇਹੋਸ਼ੀ ਜਿਹੀ ਆਉਣ ਲੱਗਦੀ ਹੈ ਕਿ ਪੰਜਾਬੀ 'ਚ ਵੈਦਗੀ ('ਸੱਭਿਆ' ਪੁਰਖ ਇਸ ਨੂੰ ਮੈਡੀਕਲ ਸਾਇੰਸ ਆਂਹਦੇ ਨੇ) ਪੜ੍ਹਾਉਣੀ ਪੈ ਗਈ ਤਾਂ ਸ਼ਬਦ ਕਿੱਥੋਂ ਲੱਭਣਗੇ। ਪਿਆਰੇ ਪੰਜਾਬੀ ਵੀਰੋ ! ਨਾ ਘਬਰਾਓ। ਇਹਨਾਂ ਲਈ ਪੰਜਾਬੀ ਸ਼ਬਦ ਹੁਣੇ

Sri Satguru Jagjit Singh Ji eLibrary NamdhariElibrary@gmail.com

ਲਵੋ। ਇਹ ਸਾਰੇ ਲਿਪੀਏ-ਸ਼ਿਪੀਏ ਕੁਝ ਨਹੀਂ ਬੱਸ ਚਰਬੀ ਨਾਲ ਸਬੰਧਤ ਕੁਝ ਬਲਾਈਂ ਹਨ। ਇਹਨਾਂ ਲਈ ਪੰਜਾਬੀ ਸ਼ਬਦ ਤਰਤੀਬਵਾਰ ਇਹ ਹੋ ਸਕਦੇ ਹਨ : ਚਰਬੀ-ਰੱਤੀਆ (ਰੱਤ ਵਿੱਚ ਚਰਬੀ ਦਾ ਵਧ ਜਾਣਾ), ਚਰਬੀ-ਬਹੁਲਤਾ (ਮੋਟੇ ਹੋ ਜਾਣਾ), ਚਰਬੀ-ਰਸ (ਚਰਬੀ ਪਚਾਉਣ ਵਾਲਾ ਇਕ ਰਸ), ਚਰਬੀ-ਰੱਤ (ਰੱਤ ਵਿੱਚ ਚਰਬੀ ਹੋਣਾ), ਚਰਬੀਲਾ (ਚਰਬੀ ਵਰਗਾ), ਚਰਬੀਲਾ (ਹੀ), ਚਰਬੀ-ਪਚਨ-ਦੋਸ਼ (ਚਰਬੀ ਦੇ ਪਚਨ ਵਿੱਚ ਮੁਸ਼ਕਲ), ਚਰਬੀ-ਪਚਨ-ਦੋਸ਼ (ਹੀ), ਚਰਬੀਲਾ (ਹੀ), ਚਰਬੀ-ਖੰਡਣ (ਚਰਬੀ ਦਾ ਰਸਾਇਣੀ ਵਿਘਟਨ), ਚਰਬੀ-ਗੰਢ (ਚਰਬੀ ਦੀ ਰਸੌਲੀ) ਅਤੇ ਗਰਬੀ-ਗੰਢੀਆ (ਚਰਬੀ ਦੀ ਗੰਢ ਬਣਨਾ)। ਇਹਨਾਂ ਪੰਜਾਬੀ ਸ਼ਬਦਾਂ ਵਿੱਚ ਬੱਸ ਦੋ ਨੁਕਸ ਜ਼ਰੂਰ ਹਨ - ਇਕ ਤਾਂ ਇਹ ਝੱਟ ਸਮਝ ਆ ਜਾਂਦੇ ਹਨ ਤੇ ਦੂਜੇ ਇਹ ਸੁਣਕੇ ਕੰਨਾਂ ਵਿੱਚ ਗੁਲਾਮਦਾਰੀ ਘੰਟੀਆਂ ਨਹੀਂ ਵੱਜਦੀਆਂ ਜੋ Lipaemia-Liparia ਆਦਿ ਨਾਲ ਵੱਜਦੀਆਂ ਹਨ। ਸੋ ਪੰਜਾਬੀ ਭਰਾਵੋ, ਦਾਸ ਦੀ ਸਨਿਮਰ ਬੇਨਤੀ ਹੈ ਕਿ ਅੰਗਰੇਜ਼ੀ ਨੂੰ ਜਿੰਨੀਆਂ ਚਾਹੋ ਜੱਫੀਆਂ ਪਾਓ ਪਰ ਰੱਬ ਵਾਸਤੇ ਪੰਜਾਬੀ ਮਾਂ-ਬੋਲੀ ਨੂੰ ਸਮਰੱਥਾ-ਗਾਲ੍ਹਾਂ ਨਾ ਕੱਢੋ। (ਨੱਚ ਨਾ ਜਾਣੇ ਵਿਹੜਾ ਵਿੰਗਾ। ਬਾਕੀ ਆਦਤਾਂ ਵਾਂਗ ਗੁਲਾਮ ਰਹਿਣ ਦੀ ਵੀ ਆਦਤ ਪੈ ਜਾਂਦੀ ਹੈ)

ੲ.2. ਸਮੱਗਰੀ ਦਾ ਸਵਾਲ

ਅੰਗਰੇਜ਼ੀ-ਖਬਤ-ਰੋਗ ਦੇ ਹੱਕ ਵਿੱਚ ਇਕ ਹੋਰ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਅੰਗਰੇਜ਼ੀ ਮਾਧਿਅਮ ਵਿੱਚ ਇਸ ਲਈ ਪੜ੍ਹਾਇਆ ਜਾ ਰਿਹਾ ਹੈ ਕਿਉਂਕਿ ਪੰਜਾਬੀ ਵਿੱਚ ਵਿਗਿਆਨ ਦੀ ਪੜ੍ਹਾਈ ਲਈ ਪੁਸਤਕਾਂ ਆਦਿ ਨਹੀਂ ਹਨ। ਦਸਵੀਂ ਪੱਧਰ ਤੱਕ ਦੀ ਪੜ੍ਹਾਈ ਬਾਰੇ ਤਾਂ ਇਹ ਦਲੀਲ ਸਰਾਸਰ ਗਲਤ ਹੈ। 1980 ਤੱਕ ਦੋ-ਤਿੰਨ ਸਕੂਲਾਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਦਸਵੀਂ ਤੱਕ ਦੀ ਵਿਗਿਆਨ ਦੀ ਪੜ੍ਹਾਈ ਪੰਜਾਬੀ ਵਿੱਚ ਕਰਾਈ ਜਾਂਦੀ ਸੀ। ਸਰਕਾਰੀ ਸਕੂਲਾਂ ਵਿੱਚ ਹੁਣ ਵੀ ਇਸ ਪੱਧਰ ਦੀ ਵਿਗਿਆਨ ਦੀ ਪੜ੍ਹਾਈ ਪੰਜਾਬੀ ਵਿੱਚ ਹੀ ਕਰਾਈ ਜਾਂਦੀ ਹੈ। ਸੋ, ਇਸ ਪੱਧਰ ਦੀ ਸਮੱਗਰੀ ਦੀ ਅਣਹੋਂਦ ਨਹੀਂ ਕਹੀ ਜਾ ਸਕਦੀ। ਜੇ ਕਿਧਰੇ ਪੰਜਾਬੀ ਮਾਧਿਅਮ ਵਾਲੇ ਸਰਕਾਰੀ ਸਕੂਲਾਂ ਵਿੱਚ ਵੀ ਅੰਗਰੇਜ਼ੀ ਮਾਧਿਅਮ ਵਾਲੇ ਨਿਜੀ ਸਕੂਲਾਂ ਜਿੰਨੀ ਪੜ੍ਹਾਈ ਕਰਵਾਈ ਜਾਵੇ ਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਦੂਜੇ ਸਕੂਲਾਂ ਦੇ ਵਿਦਿਆਰਥੀਆਂ ਵਰਗੇ ਸਕੂਲੀ ਤੇ ਘਰੇਲੂ ਹਾਲਾਤ ਪ੍ਰਾਪਤ ਹੋ ਜਾਣ ਤਾਂ ਹੀ ਪਤਾ ਲੱਗੇਗਾ ਕਿ ਵਿਗਿਆਨ ਅੰਗਰੇਜ਼ੀ ਵਿੱਚ ਪੜ੍ਹਿਆਂ ਜ਼ਿਆਦਾ ਆਉਂਦਾ ਹੈ ਜਾਂ ਪੰਜਾਬੀ ਵਿੱਚ। ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਮਾਨਵ ਵਿਗਿਆਨਾਂ ਅਤੇ ਸਮਾਜ ਵਿਗਿਆਨਾਂ ਦੀ ਹਰ ਪੱਧਰ ਦੀ ਪੜ੍ਹਾਈ ਪੰਜਾਬੀ ਵਿੱਚ ਹੋ ਰਹੀ ਹੈ। ਕੀ ਇਹਨਾਂ ਵਿਗਿਆਨਾਂ ਦੇ ਸੰਕਲਪ ਦੂਜੇ ਵਿਗਿਆਨਾਂ ਨਾਲੋਂ ਸੌਖੇ ਹਨ ? ਬਲਕਿ ਗੱਲ ਇਸ ਦੇ ਉਲਟ ਹੈ। ਮਾਨਵ ਵਿਗਿਆਨਾਂ ਅਤੇ ਸਮਜ ਵਿਗਿਆਨਾਂ ਦੇ ਸੰਕਲਪ ਵਧੇਰੇ ਅਮੂਰਤ ਹੁੰਦੇ ਹਨ। ਜਿਸ ਭਾਸ਼ਾ ਕੋਲ ਅਮੂਰਤ ਸੰਕਲਪਾਂ ਲਈ ਸਮੱਗਰੀ ਅਤੇ ਸਮਰੱਥਾ ਹੈ ਉਸ ਲਈ ਬਾਕੀ ਵਿਗਿਆਨਾਂ ਦੇ ਮੂਰਤ ਸੰਕਲਪਾਂ ਲਈ ਤਾਂ ਰੱਤੀ ਭਰ ਵੀ ਮੁਸ਼ਕਲ ਨਹੀਂ ਹੋਣੀ ਚਾਹੀਦੀ। ਕਿਸੇ ਵੀ ਭਾਸ਼ਾ ਦੀ ਵਿਕਾਸ ਦੀ ਅਵਸਥਾ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾਂਦਾ ਹੈ ਕਿ ਉਸ ਵਿੱਚ ਅਮੂਰਤ ਸੰਕਲਪਾਂ ਦੇ ਪ੍ਰਗਟਾਵੇ ਲਈ ਸਮੱਗਰੀ ਪ੍ਰਾਪਤ ਹੈ ਜਾਂ ਨਹੀਂ। ਸੋ, ਜੇ ਸ਼ੁੱਧ ਵਿਗਿਆਨਾਂ ਅਤੇ ਤਕਨਾਲੋਜੀ ਜਿਹੇ ਵਿਸ਼ਿਆਂ ਲਈ ਪੰਜਾਬੀ ਵਿੱਚ ਉਚੇਰੀ ਸਿੱਖਿਆ ਲਈ ਸਮੱਗਰੀ ਦੀ ਘਾਟ ਹੈ ਤਾਂ ਇਹ ਵਿਗਿਆਨਾਂ ਦੇ ਮਾਹਿਰ ਪੰਜਾਬੀਆਂ ਦੀ ਮਾਂ ਬੋਲੀ ਪ੍ਰਤੀ ਸੁਹਿਰਦਤਾ ਦੀ ਘਾਟ ਕਰਕੇ ਹੈ ਨਾ ਕਿ ਪੰਜਾਬੀ ਭਾਸ਼ਾ ਦੀ ਸਮਰੱਥਾ ਕਰਕੇ। ਇਹ ਸਮੱਗਰੀ ਪੈਦਾ ਕਰਨੀ ਕੋਈ ਔਖਾ ਕੰਮ ਵੀ ਨਹੀਂ ਹੈ। ਸਿਰਫ਼ ਪੰਜਾਬ ਸਰਕਾਰ ਦੇ ਇਕ ਐਲਾਨ ਦੀ ਜ਼ਰੂਰਤ ਹੈ ਕਿ ਦੋ-ਤਿੰਨ ਸਾਲਾਂ ਬਾਅਦ ਪੰਜਾਬ ਵਿੱਚ ਹਰ ਪੱਧਰ ਦੀ ਸਿੱਖਿਆ ਪੰਜਾਬੀ ਵਿੱਚ ਹੋਵੇਗੀ। ਉਚੇਰੀ ਸਿੱਖਿਆ ਦੇ ਸਭ ਵਿਸ਼ਿਆਂ ਦੀ ਸਮੱਗਰੀ ਕਿਤਾਬਾਂ ਛਾਪਣ ਵਾਲੇ ਵੀਰ ਸਮੇਂ ਤੋਂ ਪਹਿਲਾਂ ਹੀ ਤਿਆਰ ਕਰਵਾ ਦੇਣਗੇ। ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਦੋ ਦਰਜਨ ਤੋਂ ਵੱਧ ਵਿਸ਼ਿਆਂ ਦੀਆਂ ਤਕਨੀਕੀ ਸ਼ਬਦਾਵਲੀਆਂ ਪਹਿਲਾਂ ਹੀ ਤਿਆਰ ਕਰਵਾ ਚੁੱਕੇ ਹਨ। ਸੋ, ਸਮੱਗਰੀ ਦੀ ਸਮੱਸਿਆ ਏਨੀ ਵੱਡੀ ਨਹੀਂ ਜਿੰਨੀ ਨੀਤੀ ਅਤੇ ਨੀਤ ਦੀ ਹੈ। ਇਹ ਸਮੱਗਰੀ ਪੰਜਾਬੀਆਂ ਲਈ ਅਮਰੀਕਾ ਤੋਂ ਨਹੀਂ ਆਉਣੀ, ਇਹ ਪੰਜਾਬੀਆਂ ਨੇ ਆਪ ਤਿਆਰ ਕਰਨੀ ਹੈ ਅਤੇ ਇਸ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਪੰਜਾਬ ਸਰਕਾਰ, ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੀ ਹੈ। ਸੋ, ਪੰਜਾਬ ਦੀ ਸਰਕਾਰ ਅਤੇ ਪੰਜਾਬ ਦੀਆਂ ਦੂਜੀਆਂ ਯੂਨੀਵਰਸਿਟੀਆਂ ਨੂੰ ਵੀ ਪੰਜਾਬੀ ਯੂਨੀਵਰਸਿਟੀ ਵਾਂਗ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸ. ਚੰਗੀ ਅੰਗਰੇਜ਼ੀ ਕਿਵੇਂ ਆਵੇ

ਮੈਂ ਇਸ ਵਿਚਾਰ ਦਾ ਬਿਲਕੁਲ ਕਾਇਲ ਨਹੀਂ ਹਾਂ ਕਿ ਅੰਗਰੇਜ਼ੀ ਜਾਣਕਾਰੀ ਹੀ ਕੁੰਜੀ ਹੈ। ਅੰਗਰੇਜ਼ੀ ਨਾਲ ਜੁੜੇ ਲਾਭ ਭਾਰਤ

Sri Satguru Jagjit Singh Ji eLibrary NamdhariElibrary@gmail.com

ਦੀਆਂ ਸਰਕਾਰਾਂ ਦੀਆਂ ਮਾਤ ਭਾਸ਼ਾ ਮਾਰੂ ਅਤੇ ਸਿੱਖਿਆ ਮਾਰੂ ਨੀਤੀਆਂ ਕਰਕੇ ਹਨ। ਇਹਨਾਂ ਬਦਨੀਤ ਲਾਲਚਾਂ ਦੇ ਗ੍ਰਹਿਣ ਵੱਜੋਂ ਸਾਡੀ ਸਿੱਖਿਆ ਅਤੇ ਭਾਸ਼ਾਵਾਂ 'ਤੇ ਅੰਗਰੇਜ਼ੀ ਭਾਸ਼ਾ ਦਾ ਗਲਬਾ ਪਏ ਚੁੱਕਾ ਹੈ। ਇਹ ਗਲਬਾ ਸਾਡੀ ਸਿੱਖਿਆ ਅਤੇ ਭਾਸ਼ਾਵਾਂ ਦੀ ਤਬਾਹੀ ਕਰੀ ਜਾ ਰਿਹਾ ਹੈ। ਇਸ ਦੇ ਭਿਆਨਕ ਸਿੱਖਿਆਵੀ, ਭਾਸ਼ਾਈ ਅਤੇ ਸਮਾਜਿਕ ਸਿੱਟੇ ਉਹਨਾਂ ਨੂੰ ਦਿੱਸ ਰਹੇ ਹਨ ਜਿਹਨਾਂ ਨੂੰ ਦਿੱਸਦਾ ਹੈ, ਤੇ ਉਹ ਕੁਰਲਾ ਵੀ ਰਹੇ ਹਨ। ਇਹ ਹੋਰ ਵੀ ਮੰਦ-ਭਾਗੀ ਗੱਲ ਹੈ ਕਿ ਅੰਗਰੇਜ਼ੀ ਮਾਧਿਅਮ ਸਿੱਖਿਆ ਪਰਣਾਲੀ ਅੰਗਰੇਜ਼ੀ ਦੀ ਮੁਹਾਰਤ ਲਈ ਵੀ ਉਚਿਤ ਨਹੀਂ ਹੈ ਪਰ ਫਿਰ ਵੀ ਵਧਦੀ ਜਾ ਰਹੀ ਹੈ। ਮੈਂ ਪਿਛਲੇ ਦਸ ਸਾਲਾਂ ਤੋਂ ਆਪਣੇ ਬਹੁਤ ਸਾਰੇ ਲੇਖਾਂ ਵਿੱਚ ਦੂਜੀ ਭਾਸ਼ਾ ਸਿੱਖਣ ਸੰਬੰਧੀ ਦੁਨੀਆਂ ਭਰ ਵਿੱਚ ਹੋਈ ਖੋਜ ਦੇ ਨਤੀਜੇ ਪੰਜਾਬੀ ਪਾਠਕਾਂ ਦੇ ਸਾਹਮਣੇ ਲਿਆ ਚੁੱਕਾ ਹਾਂ। ਇਸ ਲਈ ਬਹੁਤੇ ਵਿਸਤਾਰ ਵਿੱਚ ਨਾ ਜਾਂਦਾ ਹੋਇਆ ਵਿਦੇਸ਼ੀ ਭਾਸ਼ਾ ਸਿੱਖਣ ਦੀ ਉਚਿਤ ਵਿਧੀ ਸੰਬੰਧੀ ਯੂਨੈਸਕੋ ਦੀ 2008 ਵਿੱਚ ਛਪੀ ਕਿਤਾਬ 'ਇੰਪਰੂਵਮੈਂਟ ਇਨ ਦਾ ਮਦਰ ਟੰਗ-ਬੇਸਡ ਲਿਟਰੇਸੀ ਐਂਡ ਲਰਨਿੰਗ' ਵਿਚੋਂ ਹੇਠਲੀ ਟੂਕ ਬੜੀ ਮਹੱਤਤਾ ਵਾਲੀ ਹੈ: ''ਸਾਡੇ ਰਾਹ ਵਿੱਚ ਵੱਡੀ ਰੁਕਾਵਟ ਭਾਸ਼ਾ ਅਤੇ ਸਿੱਖਿਆ ਬਾਰੇ ਕੁਝ ਅੰਧ-ਵਿਸ਼ਵਾਸ ਹਨ ਅਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਹਨਾਂ ਅੰਧ-ਵਿਸ਼ਵਾਸਾਂ ਦਾ ਭਾਂਡਾ ਭੰਨਣਾ ਚਾਹੀਦਾ ਹੈ। ਅਜਿਹਾ ਹੀ ਇਕ ਅੰਧ-ਵਿਸ਼ਵਾਸ ਇਹ ਹੈ ਕਿ ਦੂਜੀ (ਵਿਦੇਸ਼ੀ) ਭਾਸ਼ਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵੱਜੋਂ ਵਰਤੋਂ ਹੈ। (ਅਸਲ ਵਿੱਚ, ਹੋਰ ਭਾਸ਼ਾ ਨੂੰ ਇਕ ਵਿਸ਼ੇ ਵੱਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਹੈ)। ਦੂਜਾ ਅੰਧ-ਵਿਸ਼ਵਾਸ ਇਹ ਹੈ ਕਿ, ਦੂਜੀ ਭਾਸ਼ਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਹੈ। (ਛੇਤੀ ਸ਼ੁਰੂ ਕਰਨ ਨਾਲ ਲਹਿਜਾ ਤਾਂ ਬਿਹਤਰ ਹੋ ਸਕਦਾ ਹੈ ਪਰ ਲਾਭ ਦੀ ਸਥਿਤੀ ਵਿੱਚ ਉਹ ਸਿੱਖਣ ਵਾਲਾ ਹੁੰਦਾ ਹੈ ਜੋ ਪਹਿਲੀ ਭਾਸ਼ਾ 'ਤੇ ਚੰਗੀ ਮੁਹਾਰਤ ਹਾਂਸਿਲ ਕਰ ਚੁੱਕਿਆ ਹੋਵੇ)। ਤੀਜਾ ਅੰਧ-ਵਿਸ਼ਵਾਸ ਇਹ ਹੈ ਕਿ ਮਾਤ ਭਾਸ਼ਾ ਵਿਦੇਸ਼ੀ ਭਾਸ਼ਾ ਸਿੱਖਣ ਦੇ ਰਾਹ ਵਿੱਚ ਰੁਕਾਵਟ ਹੈ। (ਮਾਤ ਭਾਸ਼ਾ ਵਿੱਚ ਮਜ਼ਬੂਤ ਨੀਂਹ ਨਾਲ ਵਿਦੇਸ਼ੀ ਭਾਸ਼ਾ ਬਿਹਤਰ ਸਿੱਖੀ ਜਾਂਦੀ ਹੈ)। ਸਪੱਸ਼ਟ ਹੈ ਕਿ ਇਹ ਅੰਧ-ਵਿਸ਼ਵਾਸ ਹਨ 'ਤੇ ਅਸਲੀਅਤ ਨਹੀਂ ਪਰ ਫਿਰ ਵੀ ਇਹ ਨੀਤੀ ਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਹਨ ਕਿ ਭਾਰੂ ਭਾਸ਼ਾ ਕਿਵੇਂ ਸਿੱਖੀ ਜਾਵੇ।'' (ਪੰਨਾ 12)

ਉਪਰੋਕਤ ਟਿੱਪਣੀ ਖੁੱਲ੍ਹੀ ਮੰਡੀ ਅਤੇ ਅੰਗਰੇਜ਼ੀਵਾਦ ਦੇ ਵੱਡੇ ਮੁੱਦਈ ਵਿਸ਼ਵ ਬੈਂਕ ਵੱਲੋਂ ਦਿੱਤੀ ਵਿੱਤੀ ਸਹਾਇਤਾ ਨਾਲ 12 ਮੁਲਕਾਂ ਵਿੱਚ ਕੀਤੇ ਅਧਿਐਨ ਦੇ ਨਤੀਜੇ ਵਿੱਚੋਂ ਹੈ। ਇਹਨਾਂ ਮੁਲਕਾਂ ਵਿੱਚ ਭਾਰਤ ਵੀ ਸ਼ਾਮਲ ਹੈ।

ਦੁਨੀਆਂ ਭਰ ਵਿੱਚ ਅੰਗਰੇਜ਼ੀ ਪੜ੍ਹਾਉਣ ਵਾਲੀ ਇੰਗਲੈਂਡ ਦੀ ਸਰਕਾਰੀ ਸੰਸਥਾ ਬਰਿਟਿਸ਼ ਕਾਉਂਸਲ ਦੀ 2017 ਵਿੱਚ ਛਪੀ ਕਿਤਾਬ ਵਿੱਚ ਇਹ ਦਰਜ ਏ ('ਇੰਗਲਿਸ਼ ਲੈਂਗੁਏਜ ਐਂਡ ਮੀਡੀਅਮ ਆਫ ਇਨਸਟਰਕਸ਼ਨ ਇਨ ਬੇਸਿਕ ਐਜੂਕੇਸ਼ਨ...' ਪੰਨਾਂ 3): 'ਚਾਰੇ ਪਾਸੇ ਇਹ ਸੋਚ ਫੈਲੀ ਹੋਈ ਏ ਕਿ ਅੰਗਰੇਜ਼ੀ ਭਾਸ਼ਾ 'ਤੇ ਮੁਹਾਰਤ ਲਈ ਅੰਗਰੇਜ਼ੀ ਇੱਕ ਵਿਸ਼ੇ ਵੱਜੋਂ ਪੜ੍ਹਨ ਨਾਲੋਂ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਨਾ ਬਿਹਤਰ ਤੇ ਪੱਕਾ ਤਰੀਕਾ ਏ। ਪਰ ਇਸ ਸੋਚ ਲਈ ਕੋਈ ਸਬੂਤ ਹਾਸਲ ਨਹੀਂ। ਬਰਿਟਿਸ਼ ਕਾਉਂਸਲ ਦਾ ਦਫਤਰ ਦੇਸੀ-ਅੰਗਰੇਜ਼ੀ ਰਾਜਧਾਨੀ ਚੰਡੀਗੜ੍ਹ ਵਿੱਚ ਵੀ ਹੈ ਵੇ ਤੇ ਮਾਣਯੋਗ ਪੰਜਾਬੀ ਬੜੇ ਸੌਖੇ ਇਸ ਬਾਰੇ ਜਾਣਕਾਰੀ ਲਏ ਸਕਦੇ ਨੇ।

ਬਰਿਟਿਸ਼ ਕਾਉਂਸਲ ਦੀ ਏਸੇ ਕਿਤਾਬ ਵਿੱਚ ਅੰਗਰੇਜ਼ੀ ਮਾਧਿਅਮ ਦੇ ਨੁਕਸਾਨਾਂ ਬਾਰੇ ਇਹ ਵੀ ਦਰਜ ਏ (ਪੰਨਾ 3): 'ਛੇ ਤੋਂ ਅੱਠ ਸਾਲ ਲੱਗਦੇ ਨੇ ਕਿ ਕੋਈ ਬੱਚਾ ਏਨੀ ਕੁ ਅੰਗਰੇਜ਼ੀ ਸਿੱਖ ਲਵੇ ਕਿ ਉਸ ਨੂੰ ਪਾਠਕ੍ਰਮ ਵਿਚਲਾ ਵਿਸ਼ਾ-ਵਸਤੂ ਸਮਝ ਆ ਸਕੇ। ਏਨੇ ਸਾਲ ਲਾ ਕੇ ਵੀ ਉਹ ਅੰਗਰੇਜ਼ੀ ਏਨੀ ਚੰਗੀ ਨਹੀਂ ਸਿੱਖ ਸਕਦਾ ਕਿ ਉਹ ਉਪਰਲੀਆਂ ਜਮਾਤਾਂ ਵਿਚਲੇ ਪਾਠਕ੍ਰਮ ਨੂੰ ਚੰਗੀ ਤਰ੍ਹਾਂ ਸਮਝ ਸਕੇ'। ਜੇ ਅੰਗਰੇਜ਼ੀ ਮਾਧਿਅਮ ਵਾਲੇ ਨਿਆਣੇ ਦਾ ਇੱਕ ਸਾਲ ਦਾ ਖਰਚਾ ਪੰਜਾਹ ਹਜਾਰ ਵੀ ਮੰਨ ਲਈਏ ਤਾਂ ਵਿਆਜ ਤੋਂ ਬਿਨਾਂ ਵੀ ਅੱਠ ਸਾਲਾਂ ਦੇ ਚਾਰ ਲੱਖ ਬਣਦੇ ਨੇ। ਪੂਰਾ ਭਾਰਤ ਕਿੰਨਾ ਪੈਸਾ ਬਰਬਾਦ ਕਰ ਰਿਹਾ ਏ ਇਹ ਸੋਚਣ ਨਾਲ ਈ ਬੇਹੋਸ਼ੀ ਹੋ ਸਕਦੀ ਏ। ਨਿਆਣੇ ਦੇ ਅੱਠ ਸਾਲ ਬਰਬਾਦ ਹੋਣ ਦਾ ਕੀ ਮਤਲਬ ਏ ਇਹ ਦੱਸਣ ਦੀ ਲੋੜ ਨਹੀਂ ਹੋਣੀ ਚਾਹੀਦੀ। ਸੋ, ਸਾਨੂੰ ਭਾਰਤੀਆਂ ਨੂੰ ਪਤਾ ਲੱਗ ਜਾਣਾ ਚਾਹੀਦਾ ਏ ਕਿ ਅੰਗਰੇਜ਼ੀ ਵਧੀਆ ਸਿੱਖਣ ਲਈ ਅੰਗਰੇਜ਼ੀ ਮੋਹ ਨਾਲੋਂ ਅੰਗਰੇਜ਼ੀ ਸਿੱਖਣ ਬਾਰੇ ਅੱਜ ਦੀ ਅੰਗਰੇਜ਼ ਸਮਝ ਅਪਨਾਉਣ ਦੀ ਲੋੜ ਏ। ਪੰਜਾਬੀ ਮਾਧਿਅਮ ਵਾਲੇ ਬੱਚਿਆਂ ਨੂੰ ਅੰਗਰੇਜੀ ਇਸ ਕਰਕੇ ਨਹੀਂ ਆ ਰਹੀ ਕਿਉਂਕਿ ਓਥੇ ਪੜ੍ਹਾਈ ਈ ਨਹੀਂ ਏਂ, ਨਿਆਣੇ ਮਾੜੀ ਹਾਲਤ ਵਾਲੇ ਪਿਛੋਕੜ ਤੋਂ ਹੁੰਦੇ ਨੇ ਤੇ ਪੜ੍ਹਾਈ ਲਈ ਕੋਈ ਉਤਸ਼ਾਹ ਨਹੀਂ ਹੁੰਦਾ।

ਜੋਗਾ ਸਿੰਘ ਵਿਰਕ, ਐਮ.ਏ., ਐਮ.ਫਿਲ., ਪੀ-ਐਚ.ਡੀ. (ਯੌਰਕ, ਯੂ.ਕੇ.)
ਜੇਬੀ: +91-9915709582 ਬਿਜ-ਡਾਕ: virkjoga5égmail.com; jogasinghvirkéyahoo.co.in

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਬੋਲੀ ਦੇ ਵਿਸ਼ੇਸ਼ ਗੁਣ ਭਾਸ਼ਾ ਵਿਗਿਆਨੀਆਂ ਦੀ ਰਾਇ

✍- ('ਪੰਜਾਬੀ ਬਾਰੇ' -ਹਰਕੀਰਤ ਸਿੰਘ) ਵਿਚੋਂ

ਡਾਕਟਰ ਵਿਦਿਆ ਭਾਸਕਰ ਅਰੁਣ :

"ਹਿੰਦੀ ਦਾ ਅਜੋਕਾ ਰੂਪ ਬਣਾਉਣ ਵਿਚ ਪੰਜਾਬੀ ਦਾ ਹੱਥ ਪ੍ਰਤੱਖ ਦਿਸਦਾ ਹੈ । ਹਿੰਦੀ ਦੇ ਆਮ ਵਰਤੋਂ ਦੇ ਅਨੇਕਾਂ ਸ਼ਬਦ ਸਬ, ਕਲ, ਸਚ, ਲਗਨਾ, ਲੰਬਾ, ਬਿੱਛੂ, ਬਿਜਲੀ, ਪੱਕਾ, ਅੱਛਾ ਆਦਿ ਜਾਂ ਤਾਂ ਪੰਜਾਬੀ ਦੇ ਪ੍ਰਭਾਵ ਥੱਲੇ ਬਣੇ ਹਨ, ਜਾਂ ਪੰਜਾਬੀ ਰੂਪ ਹੀ ਹਿੰਦੀ ਉਤੇ ਥੱਪੇ ਗਏ ਹਨ ।...... ਮੁੱਕਦੀ ਗੱਲ ਇਹ ਕਿ ਹਿੰਦੀ ਦੀਆਂ ਕਈ ਵਿਸ਼ੇਸ਼ਤਾਵਾਂ ਪੰਜਾਬੀ ਤੋਂ ਹੀ ਲਈਆਂ ਹੋਈਆਂ ਹਨ। "

"ਉਰਦੂ ਦੇ ਨਾਂ ਹੇਠਾਂ ਹਿੰਦੀ ਦਾ ਜਿਹੜਾ ਸਾਹਿਤਿਕ ਰੂਪ ਬਣਿਆ, ਉਸ ਉਤੇ ਵੀ ਪੰਜਾਬੀ ਦਾ ਬੜਾ ਪ੍ਰਭਾਵ ਹੈ। ਕਈਆਂ ਵਿਦਵਾਨਾਂ ਦਾ ਵਿਚਾਰ ਹੈ ਕਿ ਉਰਦੂ ਬਣੀ ਹੀ ਪੰਜਾਬੀ ਤੋਂ ਹੈ ।"

ਡਾਕਟਰ ਜਾਰਜ ਅਬ੍ਰਾਹਮ ਗ੍ਰੀਅਰਸਨ :

ਲਹਿੰਦੀ ਤੇ ਸਿੰਧੀ ਵਾਂਗ ਪੰਜਾਬੀ ਦਾ ਸ਼ਬਦ-ਭੰਡਾਰ ਵੀ ਤਦਭਵ ਸ਼ਬਦਾਂ ਨਾਲ ਹੀ ਭਰਿਆ ਹੋਇਆ ਹੈ, ਤਤਸਮ ਸ਼ਬਦਾਂ ਦੀ ਤਾਂ ਅਣਹੋਂਦ ਹੀ ਪ੍ਰਤੱਖ ਹੁੰਦੀ ਹੈ । ਪੰਜਾਂ ਦਰਿਆਵਾਂ ਦੇ ਦੇਸ਼ ਦੀ ਬੋਲੀ ਦਾ ਇਹ ਗੁਣ ਉਨ੍ਹਾਂ ਪੂਰਬੀ ਭਾਸ਼ਾਵਾਂ ਦੇ ਬਿਲਕੁਲ ਵਿਰੋਧ ਵਿਚ ਹੈ ਜਿਨ੍ਹਾਂ ਵਿਚ ਪਏ ਅੱਜ ਦੀਆਂ ਭਾਸ਼ਾਵਾਂ ਤੋਂ ਸੰਸਕ੍ਰਿਤ ਦੇ ਕੁਚੱਜੇ ਤੇ ਕੋਝੇ ਰਲੇ ਨੂੰ ਕਲਕੱਤੇ ਤੇ ਬਨਾਰਸ ਦੇ ਪੰਡਤ ਸਾਹਿਤ ਸਮਝਦੇ ਹਨ । ਇਹ ਇਕ ਘਰੋਗੀ ਬੋਲੀ ਹੈ ਜਿਸ ਵਿਚੋਂ ਅਜ ਦੇ ਪੰਜਾਬ ਦੀ ਸੁਗੰਧ ਆਉਂਦੀ ਹੈ ...... "ਭਾਵੇਂ ਪੰਜਾਬੀ ਇਕ ਘਰੋਗੀ ਭਾਸ਼ਾ ਹੈ, ਪਰ ਇਸ ਤੋਂ ਇਹ ਨਾ ਸਮਝਿਆ ਜਾਵੇ ਕਿ ਇਹ ਕੋਈ ਉਜਡ ਬੋਲੀ ਹੈ, ਜਿਸ ਵਿਚ ਸਾਹਿਤ ਸਿਰਜਨਾ ਸੰਭਵ ਨਹੀਂ .... ਪੰਜਾਬੀ ਆਪਣੇ ਹੀ ਸ਼ਬਦ ਭੰਡਾਰ ਦੇ ਸਹਾਰੇ ਹਰ ਪ੍ਰਕਾਰ ਦੇ ਵਿਚਾਰਾਂ ਦੀ ਅਭਿਵਿਅੰਜਨਾ ਕਰ ਸਕਦੀ ਹੈ ਅਤੇ ਕਵਿਤਾ ਤੇ ਵਾਰਤਕ ਦੋਹਾਂ ਲਈ ਬੜੀ ਢੁਕਵੀਂ ਹੈ !

ਅੱਜ ਕਲ ਵੀ ਪੰਜਾਬੀ ਨੂੰ ਇਕ ਸੁਤੰਤਰ ਭਾਸ਼ਾ ਮੰਨਣ ਦੀ ਥਾਂ, ਇਸ ਨੂੰ ਕੇਵਲ ਹਿੰਦੁਸਤਾਨੀ ਦੀ ਇਕ ਉਪਭਾਸ਼ਾ ਹੀ ਕਹਿਣ ਦੀ ਬੜੀ ਭਾਰੀ ਕੁਰੁਚੀ ਹੈ । (ਪਰੰਤੂ ਪੰਜਾਬੀ ਹਿੰਦੁਸਤਾਨੀ ਦੀ ਉਪਭਾਸ਼ਾ ਨਹੀਂ), ਪੰਜਾਬੀ ਦਾ ਇਕ ਸੁਤੰਤਰ ਭਾਸ਼ਾ ਹੋਣ ਦਾ ਵੱਡਾ ਪ੍ਰਮਾਣ ਇਸ ਦੀ ਨਿਜੀ ਧੁਨੀਂ-ਪ੍ਰਣਾਲੀ ਹੈ ਅਤੇ ਖਾਸ ਕਰਕੇ ਇਸ ਦੇ ਅਜੇਹੇ ਸ਼ਬਦ ਹਨ ਜਿਹੜੇ ਹਿੰਦੀ ਵਿਚ ਨਹੀਂ ਮਿਲਦੇ । ਇਹ ਦੋਵੇਂ ਗੁਣ ਪੰਜਾਬੀ ਵਿਚ ਇਸ ਲਈ ਹਨ, ਕਿਉਂਕਿ ਇਸ ਦਾ ਆਧਾਰ ਪੁਰਾਣੀ ਲਹਿੰਦੀ ਹੈ। ਪੰਜਾਬੀ ਦੇ ਕਈ ਆਮ ਵਰਤੋਂ ਦੇ ਸ਼ਬਦ ਹਿੰਦੁਸਤਾਨੀ ਵਿਚ ਨਹੀਂ ਮਿਲਦੇ, ਜੇਹਾ ਕਿ, ਪਿਓ, ਮਾਂ, ਆਖਣਾਂ, ਇਕ, ਸਾਹ, ਤੇਹ ਤੇ ਸੈਂਕੜੇ ਹੀ ਹੋਰ ਅਜੇਹੇ ਸ਼ਬਦ, ਜਿਹੜੇ ਸਾਰੇ ਦੇ ਸਾਰੇ ਬਾਹਰਵਰਤੀ ਘੇਰੇ ਦੀਆਂ ਭਾਸ਼ਾਵਾਂ ਵਿਚ ਮੌਜੂਦ ਹਨ।" ਉਪਰੋਕਤ ਤੋਂ ਛੁਟ (ਪੰਜਾਬੀ ਦਾ) ਭਟ-ਕਾਵਿ ਅਥਵਾ ਲੋਕ ਸਾਹਿਤ ਵੀ ਸਰਸਰੀ ਵਿਚਾਰ ਤੋਂ ਵਧੇਰੇ ਧਿਆਨ ਯੋਗ ਹੈ । ਲੋਕ ਸਾਹਿਤ ਵਿਚ ਕਈ ਕਥਾ-ਲੜੀਆਂ ਤਾਂ ਅਜੇਹੀਆਂ ਹਨ, ਜਿਨ੍ਹਾਂ ਨੂੰ ਮਹਾਂ-ਕਾਵਿ ਕਹਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਪ੍ਰਸਿੱਧ ਯੋਧੇ ਰਾਜਾ ਰਸਾਲੂ, ਹੀਰ-ਰਾਂਝਾ ਅਤੇ ਮਿਰਜ਼ਾ-ਸਾਹਿਬਾਂ ਨਾਲ ਸੰਬੰਧਿਤ ਕਥਾਵਾਂ ਪ੍ਰਸਿੱਧ ਹਨ । ਵਾਰਿਸ਼ ਸ਼ਾਹ ਦਾ ਲਿਖਿਆ ਹੀਰ-ਰਾਂਝੇ ਦਾ ਕਿੱਸਾ ਨਿਰੋਲ ਪੰਜਾਬੀ ਦਾ ਆਦਰਸ਼ ਨਮੂਨਾ ਗਿਣਿਆ ਜਾਂਦਾ ਹੈ।

ਡਾਕਟਰ ਏ. ਸੀ. ਵੂਲਨਰ ਹੈ :

"ਪੰਜਾਬੀ ਕਵਿਤਾ ਦੀ ਆਪਣੀ ਛੱਬ ਤੇ ਸੁੰਦਰਤਾ ਹੈ । ਇਸ ਦੀ ਭਾਸ਼ਾ ਹਿੰਦੀ ਤੇ ਉਰਦੂ ਨਾਲੋਂ ਵਧੇਰੇ ਪੁਰਾਤਨ ਹੈ, ਇਸ ਦੀ ਬਿੰਬਾਵਲੀ ਪੇਂਡੂ ਜੀਵਨ ਤੇ ਸਾਧਾਰਣ ਧੰਧਿਆਂ ਵਿਚੋਂ ਲਈ ਗਈ ਹੈ । .... ਪੰਜਾਬੀ ਕਵਿਤਾ ਵਧੇਰੇ ਲੌਕਿਕ ਜਾਂ ਅਧਿਆਤਮਿਕ ਪ੍ਰੇਮ ਦੇ ਗੀਤ ਗਾਉਂਦੀ ਹੈ।"

Sri Satguru Jagjit Singh Ji eLibrary NamdhariElibrary@gmail.com

ਬਾਬੂ ਸ਼ਿਆਮ ਸੁੰਦਰ ਦਾਸ :

ਮੱਧ-ਦੇਸ਼ ਨਾਲ ਸੰਬੰਧਿਤ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ ਸੰਸਕ੍ਰਿਤ ਤੇ ਫਾਰਸੀ ਸ਼ਬਦਾਂ ਦੀ ਭਰਤੀ ਨਹੀਂ। ਇਸ ਭਾਸ਼ਾ ਵਿਚ ਵੈਦਿਕ ਤੇ ਸੰਸਕ੍ਰਿਤ ਵਾਲਾ ਰਸ ਭਰਿਆ ਹੋਇਆ ਹੈ ਤੇ ਇਸ ਵਿਚੋਂ ਸੋਹਣੇ ਮਰਦਾਨਾਪਣ ਦੀ ਝਲਕ ਪੈਂਦੀ ਹੈ । ਪੰਜਾਬੀ ਵਿਚ, ਇਸ ਭਾਸ਼ਾ ਦੇ ਬੋਲਣ ਵਾਲੇ ਬਲਵਾਨ ਤੇ ਕਰੜੇ ਕਿਰਸਾਨਾ ਦੀ ਕਠੋਰਤਾ ਤੇ ਸਾਦਗੀ ਭਰੀ ਹੋਈ ਹੈ।''

ਲਾਲਾ ਧਨੀ ਰਾਮ ਚਾਤ੍ਰਿਕ :

ਪੰਜਾਬ ਜਿਸ ਨੂੰ ਪਹਿਲੇ ਸਪਤ ਸਿੰਧੂ ਕਿਹਾ ਜਾਂਦਾ ਸੀ, ਤੇ ਪਿਛੋਂ ਇਸਲਾਮੀ ਰਾਜ ਵਿਚ ਪੰਜਾਬ ਨਾਂ ਪੈ ਗਿਆ, ਉਸ ਦੀ ਕੁਦਰਤੀ ਬੋਲੀ, ਉਹ ਪੰਜਾਬੀ ਹੈ, ਜਿਸ ਦੀ ਨੀਂਹ ਸਾਡੇ ਵੱਡੇ ਵਡੇਰਿਆਂ ਨੇ ਸਦੀਆਂ ਪਹਿਲੇ ਵੈਦਿਕ ਮੰਤ੍ਰਾਂ ਵਿਚ ਉਚਾਰਣ ਵਾਲੇ ਮਾਤ੍ਰੀ , ਪਿਤ੍ਰੀ, ਭ੍ਰਾਤਰ, ਦੁਹਿਤਾ (ਮਾਦਰ, ਪਿਦਰ ਬਿਰਾਦਰ, ਦੁਖਤਰ) (Mother, Father, Brother, Daughter) ਆਦਿਕ ਜਗਤ ਪ੍ਰਿਯ ਤਿਅਖਰੇ, ਚੁਅਖਰੇ ਪਦ-ਜੋੜਾਂ ਨਾਲ ਰਖੀ ਅਤੇ ਸਮੇਂ ਦੀ ਲੰਬਾਈ ਨਾਲ ਅਨੇਕਾਂ ਵਟ ਸਟ ਹੁੰਦੇ ਰਹੇ । ਅੱਜ ਕਲ ਜੋ ਬੋਲੀ ਅਸੀਂ ਬੋਲ ਰਹੇ ਹਾਂ, ਉਹ ਉਨ੍ਹਾਂ ਹੀ ਪੁਰਾਤਨ ਵਾਕਾਂ ਦੇ ਅਪਭ੍ਰੰਸ਼ ਹਨ ।'

ਮੀਆਂ ਮੌਲਾ ਬਖਸ਼ ਕੁਸ਼ਤਾ :

.... ਪੰਜਾਬੀ ਪੰਜਾਂ ਦਰਿਆਵਾਂ-ਸਤਲੁਜ, ਬਿਆਸ, ਰਾਵੀ, ਝਨਾਬ ਤੇ ਜੇਹਲਮ, ਪੰਜਾਂ ਬਾਰਾਂ-ਅਰਥਾਤ ਸਾਂਦਲਬਾਰ (ਸ਼ੇਖੂਪੁਰਾ-ਲਾਇਲਪੁਰ), ਨੀਲੀਬਾਰ (ਪਾਕਪਟਨ ਆਦਿਕ). ਗੰਜੀਬਾਰ (ਮਿੰਟਗੁਮਰੀ ਆਦਿਕ), ਕਿੜਾਨਾਬਾਰ (ਝੰਗ ਆਦਿਕ), ਅਤੇ ਥਲਬਾਰ (ਸਿੰਧ ਆਦਿਕ), ਅਤੇ ਬਹੁਤ ਕਰ ਕੇ ਪੰਜਾਂ ਬੋਲੀਆਂ, ਮਾਝੀ (ਲਾਹੌਰੀ ਅੰਮ੍ਰਿਤਸਰੀ).
ਪੋਠੋਹਾਰੀ (ਗੁਜਰਾਤ, ਜੇਹਲਮ ਆਦਿਕ), ਮਲਵਈ (ਪਟਿਆਲਾ, ਫੀਰੋਜ਼ਪੁਰ ਆਦਿਕ). ਦੁਆਬੀ (ਜਲੰਧਰ, ਹੁਸ਼ਿਆਰ ਪੁਰ ਆਦਿਕ), ਅਤੇ ਮੁਲਤਾਨੀ (ਮੁਲਤਾਨ, ਬਹਾਵਲਪੁਰ, ਮੁਜ਼ਫਰਗੜ ਆਦਿਕ) ਦਾ ਮਿਲਗੋਭਾ ਹੈ । ।

4 ਅਪ੍ਰੈਲ 2019– ਦਸਵੀਂ ਦੇ ਪੇਪਰ ਦੇਖ ਰਿਹਾ ਸੀ। ਇਕ ਹਕੀਕੀ ਪ੍ਰਸ਼ਨ ਆਇਆ:

ਪੰਜਾਬੀ ਨੂੰ ਪੰਜਾਬ ਵਿਚ ਕੀ ਦਰਜਾ ਪ੍ਰਾਪਤ ਹੈ?

ਇਕ ਵਿਦਿਆਰਥੀ ਨੇ ਉੱਤਰ ਲਿਖਿਆ- "ਮਾਮੂਲੀ ਜਿਹਾ"

ਵਿਦਿਆਰਥੀ ਦਾ ਜਵਾਬ ਕਿੰਨਾ ਸਹੀ ਸੀ 'ਤੇ ਚਿੰਤਾਜਨਕ।

ਵਾਕਿਆ ਹੀ ਪੰਜਾਬ ਵਿਚ ਪੰਜਾਬੀ ਦਾ ਦਰਜਾ ਮਾਮੂਲੀ ਜਿਹਾ ਹੈ।

ਹੁਣ ਜਦੋਂ ਸਰਕਾਰੀ ਸਕੂਲਾਂ ਵਿਚ ਵੀ ਅੰਗਰੇਜ਼ੀ ਮਾਧਿਅਮ ਸ਼ੁਰੂ ਕਰ ਦਿੱਤਾ ਹੈ ਤਾਂ ਪੰਜਾਬੀ ਦੇ ਦਰਜੇ ਦਾ ਸਵਾਲ ਹੀ ਖਤਮ ਹੋ ਜਾਵੇਗਾ। ਮੈਂ ਉਦਾਸ ਹਾਂ।

ਬਾਬਾ ਨਜਮੀਂ ਦਾ ਸ਼ਿਅਰ ਵਾਰ-ਵਾਰ ਦੁਹਰਾਉਣ ਨੂੰ ਜੀਅ ਕਰਦਾ ਹੈ–

ਅਸਮਾਨ ਦਾ ਮੈਂ ਬੂਹਾ ਖੋਲ੍ਹ ਕੇ ਦੇਖਾਂਗਾ,
ਰੱਬ ਦੇ ਨਾਲ ਪੰਜਾਬੀ ਬੋਲ ਕੇ ਦੇਖਾਂਗਾ॥

ਹੁਣ (ਸਤੰਬਰ-ਦਸੰਬਰ 2019)
ਪੰਨਾ- 170, ਡਾਇਰੀ- ਗੁਰਪ੍ਰੀਤ

Sri Satguru Jagjit Singh Ji eLibrary NamdhariElibrary@gmail.com

ਗੁਰਮੁਖੀ ਲਿੱਪੀ ਦੀ ਵਰਣਮਾਲਾ

✍- ਮਹਿੰਦਰ ਸਿੰਘ ਕੂਕਾ

ਕਿਸੇ ਭਾਸ਼ਾ ਦੇ ਸ਼ਬਦ-ਸੁਹਜ ਤੇ ਅਮੀਰੀ ਦੀ ਪਿੱਠ ਭੂਮੀ ਵਿੱਚ ਉਸ ਭਾਸ਼ਾ ਦੇ ਮੂਲ ਅੱਖਰਾਂ ਭਾਵ 'ਵਰਣਮਾਲਾ' ਦੀ ਬਣਤਰ ਤੇ ਵਿਉਤਬੰਦੀ, ਸੂਰਤ ਤੇ ਸੀਰਤ, ਵਿਸ਼ੇਸ਼ ਮਹੱਤਵ ਰੱਖਦੀ ਹੈ ! ਜੇ ਕਿਸੇ ਭਾਸ਼ਾ ਦੇ ਅੱਖਰ ਹੀ ਕਲਾ ਪੱਖੋਂ ਕੋਰੇ, ਸੂਰਤ ਪੱਖੋਂ ਕਰੜ-ਬਰੜੇ ਤੇ ਵਿਉਤਬੰਦੀ ਪੱਖੋਂ ਉਘੜ-ਦੁੱਘੜੇ ਜਾਂ ਸੀਰਤ ਪੱਖੋਂ ਆਕਰਸ਼ਣ ਰਹਿਤ ਹੋਣ ਤਾਂ ਉਹ ਕਿਸੇ ਸਿਖਾਂਦਰੂ ਦੇ ਦਿਲ ਅੰਦਰ ਉਸ ਭਾਸ਼ਾ ਨੂੰ ਸਿੱਖਣ ਤੇ ਲਿਖਣ ਪੜ੍ਹਣ ਦੀ ਇੱਛਾ ਨੂੰ ਨਹੀਂ ਉਭਾਰਦੇ-ਉਸਾਰਦੇ।

ਦੇਵਨਾਗਰੀ ਵਰਣਮਾਲਾ ਨੂੰ ਆਧਾਰ ਮੰਨ ਕੇ ਹਿੰਦੀ, ਪੰਜਾਬੀ ਤੇ ਭਾਰਤਵਰਸ਼ ਦੀਆਂ ਕਈ ਹੋਰ ਭਾਸ਼ਾਵਾਂ (ਦ੍ਰਾਵੜੀ ਭਾਸ਼ਾਵਾਂ ਨੂੰ ਛੱਡ ਕੇ) ਦੀਆਂ ਵਰਣਮਾਲਾਵਾਂ ਹੋਂਦ ਵਿੱਚ ਆਈਆਂ ਤੇ ਫਿਰ ਵਿਕਸਿਤ ਤੇ ਪ੍ਰਚਲਤ ਹੋਈਆਂ। ਜਿਨ੍ਹਾਂ ਵਿੱਚੋਂ ਗੁਰਮੁਖੀ ਲਿੱਪੀ ਦੀ ਵਰਣਮਾਲਾ ਵਧੇਰੇ ਵਿਕਸਿਤ, ਵਿਉਤਬੱਧ ਤੇ ਸੁੰਦਰ ਹੈ।

ਕਿਹਾ ਜਾਂਦਾ ਹੈ ਕਿ ਗੁਰਮੁਖੀ ਲਿੱਪੀ ਦੀ ਵਰਣਮਾਲਾ ਨੂੰ ਬਿਹਤਰ ਬਣਾਉਣ, ਆਕਰਸ਼ਿਤ ਤੇ ਵਿਕਸਿਤ ਰੂਪ ਦੇਣ ਵਾਸਤੇ ਦੂਸਰੇ ਸਿੱਖ ਗੁਰੂ - ਸਤਿਗੁਰੂ ਅੰਗਦ ਦੇਵ ਜੀ ਨੇ ਬੜੀ ਮਿਹਨਤ ਕੀਤੀ। ਸ਼ੇਖ ਫਰੀਦ ਜੀ ਨੇ ਆਪਣੀ ਬਾਣੀ ਦਾ ਉਚਾਰਣ ਕੀਤਾ ਤਾਂ ਪੰਜਾਬੀ ਬੋਲੀ ਵਿੱਚ ਹੀ, ਪਰ ਉਹ ਲਿਖੀ ਤੇ ਲਿਖਵਾਈ ਸ਼ਾਹਮੁਖੀ ਲਿੱਪੀ ਵਿੱਚ ਹੀ ਸੀ। ਸਤਿਗੁਰੂ ਨਾਨਕ ਦੇਵ ਜੀ ਵਲੋਂ ਉਚਾਰੀ ਹੋਈ ਬਾਣੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਹੀ ਸਹੀ ਗੁਰਮੁਖੀ ਅੱਖਰਾਂ ਦੇ ਰੂਪ ਵਿੱਚ ਆਈ। ਸਿੱਖ ਸਤਿਗੁਰੂ ਸਾਹਿਬਾਨ ਨੇ ਆਪਣੀ ਬਾਣੀ ਆਪਣੀ ਮਾਤ ਭਾਸ਼ਾ ਪੰਜਾਬੀ ਵਿੱਚ ਉਚਾਰ ਕੇ ਤੇ ਫਿਰ ਉਸ ਨੂੰ ਗੁਰਮੁਖੀ ਲਿੱਪੀ ਵਿੱਚ ਲਿਖ ਕੇ ਗੁਰਬਾਣੀ ਨੂੰ ਲੋਕ-ਪ੍ਰਿਯ ਬਣਾ ਦਿੱਤਾ।

ਗੁਰਮੁਖੀ ਲਿਪੀ ਦੀ ਵਰਣਮਾਲਾ ਹਿੰਦੀ ਭਾਸ਼ਾ ਦੀ ਵਰਣਮਾਲਾਂ ਦੇ ਨੇੜੇ ਤਾਂ ਜਰੂਰ ਹੈ ਪਰ ਸੂਰਤ ਤੇ ਸੀਰਤ ਪੱਖੋ ਜਾਂ ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਇਹ ਦੇਵਨਾਗਰੀ ਵਰਣਮਾਲਾ ਨਾਲੋਂ ਵਧੇਰੇ ਸੁੰਦਰ, ਸੰਖੇਪ ਤੇ ਵਿਕਸਿਤ ਹੈ। ਹਿੰਦੀ-ਪੰਜਾਬੀ ਦੇ ਵਿਅੰਜਨ ਅੱਖਰ ਕਾਫੀ ਮਿਲਦੇ ਜੁਲਦੇ ਹਨ। ਪਰੰਤੂ ਗੁਰਮੁਖੀ ਲਿਪੀ ਦੇ ਸਵਰ ਅੱਖਰ ਗਿਣਤੀ-ਮਿਣਤੀ, ਬਣਤਰ ਤੇ ਲਿਖਾਵਟ ਪੱਖੋ (ਅਤੇ ਤਰਤੀਬ ਪੱਖੋਂ ਵੀ) ਹਿੰਦੀ ਦੇ ਅੱਖਰਾਂ ਨਾਲੋਂ ਵਧੇਰੇ ਸੁੰਦਰ, ਸੀਮਤ ਤੇ ਤਰਤੀਬ ਅੰਦਰ ਹਨ। ਹਿੰਦੀ ਅੱਖਰ ਵਰਣਮਾਲਾ ਦੇ ਮੁਕਾਬਲੇ ਗੁਰਮੁਖੀ ਅੱਖਰਾਂ ਦੀ ਵਰਣਮਾਲਾ ਸਿੱਖਣ ਪੱਖੋ ਸਹਿਜ ਤੇ ਆਸਾਨ ਹੈ।

ਗੁਰਮੁਖੀ ਅੱਖਰਾਂ ਦੀ ਵਰਣਮਾਲਾ ਵਿਚਲੀ ਕਲਾ ਤੇ ਵਿਉਤਬੰਦੀ, ਸੁਹਜ ਤੇ ਸੁਆਦ ਨੂੰ ਪਹਿਲੇ ਪਹਿਲ ਵੇਖਣ ਤੇ ਪਰਖਣ ਵਾਲਾ ਇੱਕ ਅੰਗ੍ਰੇਜ ਭਾਸ਼ਾ ਵਿਗਿਆਨੀ ਸੀ। ਸਭ ਤੋਂ ਪਹਿਲਾਂ ਸੰਨ 1896 ਈ. ਵਿੱਚ ਈ.ਪੀ.ਨਿਉਟਨ ਨਾਂ ਦੇ ਇਸ ਅੰਗ੍ਰੇਜ ਨੇ ਗੁਰਮੁਖੀ ਅੱਖਰਾਂ ਦੀ ਵਰਣਮਾਲਾ ਦੀ ਵਿਸ਼ੇਸ਼ਤਾ ਸਬੰਧੀ ਸਿਫਤ ਭਰਪੂਰ ਟਿੱਪਣੀ ਕੀਤੀ। ਉਸ ਨੇ ਨਿਰ-ਝਿਜਕ ਇਸ ਸੱਚਾਈ ਨੂੰ ਵਿਅਕਤ ਕੀਤਾ ਕਿ ਗੁਰਮੁਖੀ ਲਿਪੀ ਦੀ ਵਰਣਮਾਲਾ 'ਅੰਗ੍ਰੇਜੀ ਵਰਣਮਾਲਾ ਨਾਲੋਂ ਕਿਤੇ ਵਧੇਰੇ ਸੁੰਦਰ, ਕਲਾਤਮਕ, ਵਿਉਤਬੱਧ ਤੇ ਸਿਲਸਿਲੇਵਾਰ ਹੈ। ਸਾਡੀ ਮਾਂ ਬੋਲੀ ਪੰਜਾਬੀ ਦੀ ਗੁਰਮੁਖੀ ਲਿੱਪੀ ਦੀ ਵਰਣਮਾਲਾ ਨੂੰ ਇਸ ਅੰਗ੍ਰੇਜ ਭਾਸ਼ਾ ਵਿਗਿਆਨੀ ਨੇ ਬੜੇ ਹੀ ਗਹੁ ਤੇ ਵਿਗਿਆਨਕ ਢੰਗ ਨਾਲ ਵਿਚਾਰਿਆ ਤੇ ਇਸ ਵਿਚਲੀ ਉਤੱਮਤਾ ਨੂੰ ਬਾਖੂਬੀ ਉਘੜਿਆ ਹੈ।

ਈ.ਪੀ. ਨਿਉਟਨ ਦੁਆਰਾ ਕੀਤੇ ਵਿਸ਼ਲੇਸ਼ਣ ਨੂੰ ਸਹੀ ਤਰ੍ਹਾਂ ਸਮਝਣ ਵਾਸਤੇ ਸਾਨੂੰ ਗੁਰਮੁਖੀ ਲਿਪੀ ਦੀ ਵਰਣਮਾਲਾ ਨੂੰ ਆਪਣੀਆਂ ਅੱਖਾਂ ਸਾਹਮਣੇ ਰੱਖਣਾ ਹੋਵੇਗਾ, ਜਿਸਨੂੰ ਅਸੀਂ ਪੈਂਤੀ ਵੀ ਆਖਦੇ ਹਾਂ।

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼

ਜ਼ਰਾ ਕੁ ਧਿਆਨ ਨਾਲ ਦੇਖਿਆਂ ਹੀ ਸਾਨੂੰ ਇਹ ਗਿਆਤ ਹੋ ਜਾਂਦਾ ਹੈ ਕਿ ਗੁਰਮੁਖੀ ਲਿੱਪੀ ਦੀ ਵਰਣਮਾਲਾ ਵਿੱਚ ਅੱਖਰਾਂ ਦਾ ਕਰਮ ਅੰਗ੍ਰੇਜੀ ਲਿੱਪੀ ਦੀ ਵਰਣਮਾਲਾ ਨਾਲੋਂ ਕਿਤੇ ਵਧੇਰੇ ਤਰਤੀਬਵਾਰ ਹੈ। ਗੁਰਮੁਖੀ ਵਰਣਮਾਲਾ ਵਿੱਚ ਅੱਖਰ ਸ਼੍ਰੇਣੀ-ਵਾਰ ਤੇ ਉਪ-ਸ਼੍ਰੇਣੀ ਵਾਰ ਇੱਕਠੇ ਰੱਖੇ ਗਏ ਹਨ। ਗੁਰਮੁਖੀ ਦੇ ਤਿੰਨ ਸਵਰ ਅੱਖਰਾਂ (ੳ, ਅ, ੲ) ਨੂੰ ਪਹਿਲੀ ਪੰਕਤੀ ਵਿੱਚ ਸਭ ਤੋਂ ਪਹਿਲਾ ਸਥਾਨ ਦਿੱਤਾ ਗਿਆ ਹੈ। ਇਨ੍ਹਾਂ ਤਿੰਨਾਂ ਅੱਖਰਾਂ ਨੂੰ ਇਸ ਭਾਸ਼ਾ ਵਿਗਿਆਨੀ ਨੇ ਅੰਗ੍ਰੇਜ਼ੀ ਭਾਸ਼ਾ ਅਨੁਸਾਰ Sibilant ਸ਼੍ਰੇਣੀ ਦੇ ਆਖਿਆ ਹੈ ਤੇ ਅਗਲੇ ਦੋ ਅੱਖਰਾਂ (ਸ, ਹ} ਨੂੰ Asprirate ਸ਼੍ਰੇਣੀ ਦੇ। Sibilent ਸ਼੍ਰੇਣੀ ਦੇ ਅੱਖਰਾਂ ਦੀ ਆਵਾਜ਼ ਅੱਧ-ਮੀਟੇ ਬੁਲ੍ਹਾਂ ਦੇ ਵਿਚਕਾਰੋਂ ਨਿਕਲਦੀ ਹੈ ਤੇ ਜ਼ਰਾ ਕੁ ਤਿੱਖੀ ਹੁੰਦੀ ਹੈ। Aspirate ਸ਼੍ਰੇਣੀ ਦੇ ਅੱਖਰਾਂ ਦੀ ਆਵਾਜ਼ ਸਾਹ ਨੂੰ ਬਾਹਰ ਕੱਢਦੇ ਹੋਏ ਨਿਕਲਦੀ ਹੈ। ਪਹਿਲੀ ਪੰਕਤੀ ਦੇ ਪੰਜ ਅੱਖਰਾਂ ਨੂੰ ਉਹ ਪੂਰਨ ਆਵਾਜ਼ ਵਾਲੇ

Sri Satguru Jagjit Singh Ji eLibrary NamdhariElibrary@gmail.com

ਅੱਖਰ, ਸਵਰ ਜਾਂ Vowels ਕਹਿੰਦਾ ਹੈ। ਅਗਲੀਆਂ ਪੰਜ ਪੰਕਤੀਆਂ ਵਿੱਚ ਅੱਧੀ ਜਾਂ ਅਧੂਰੀ ਆਵਾਜ਼ ਵਾਲੇ ਅੱਖਰ ਜਾਂ ਵਿਅੰਜਨ (Consonants) ਹਨ ਜਿਨ੍ਹਾਂ ਵਿਚੋਂ ਹਰੇਕ ਕਤਾਰ ਦੇ ਪੰਜ-ਪੰਜ ਅੱਖਰ ਪੰਜ ਭਿੰਨ-ਭਿੰਨ ਸ਼੍ਰੇਣੀਆਂ ਦੇ ਹਨ। ਸੱਤਵੀਂ ਕਤਾਰ ਵਿੱਚ ਆਏ ਪੰਜ ਅੱਖਰ (ਯ, ਰ, ਲ, ਵ, ੜ) ਅਰਧ ਸਵਰ (Semi Vowels) ਹਨ। ਅੱਠਵੀਂ ਪੰਕਤੀ ਵਿੱਚ ਪੈਰੀਂ ਬਿੰਦੀ ਵਾਲੇ ਪੰਜ ਅੱਖਰ ਉਪਰਲੀਆਂ ਕਤਾਰਾਂ ਵਿੱਚੋਂ ਲਏ ਗਏ ਪੰਜ ਅੱਖਰਾਂ ਦਾ ਬਿੰਦੀ ਸਰੂਪ ਹੀ ਹਨ ਜੋ ਆਦਿ ਸਤਿਗੁਰੂ ਸਾਹਿਬਾਨ ਦੇ ਸਮੇਂ ਹੋਂਦ ਵਿੱਚ ਨਹੀਂ ਸਨ, ਕਿਉਂਕਿ ਆਦਿ ਗੁਰਬਾਣੀ ਅੰਦਰ ਪੈਰੀਂ ਬਿੰਦੀ ਵਾਲੇ ਅੱਖਰਾਂ ਦੀ ਵਰਤੋਂ ਨਹੀਂ ਹੋਈ। ਇਹ ਫ਼ਾਰਸੀ ਸ਼ਬਦਾਂ ਦੀ ਪੰਜਾਬੀ ਵਿੱਚ ਸ਼ਮੂਲੀਅਤ ਤੇ ਵਰਤੋਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁਤ ਬਾਅਦ ਵਿੱਚ ਗੁਰਮੁਖੀ ਵਰਣਮਾਲਾ ਦੀ ਪੈਂਤੀ ਵਿੱਚ ਸ਼ਾਮਲ ਕੀਤੇ ਗਏ।

ਜੇ ਅਧੂਰੀ ਆਵਾਜ਼ ਵਾਲੇ ਅੱਖਰਾਂ Mutes ਨੂੰ ਕਾਲਮ ਅਨੁਸਾਰ ਉਪਰੋਂ ਹੇਠਾਂ ਵੱਲ ਨੂੰ ਪੜ੍ਹਿਆ ਜਾਵੇ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਪੰਜੇ ਸ਼੍ਰੇਣੀਆਂ ਸਾਡੇ ਮੂੰਹ ਦੇ ਅੰਦਰਲੇ ਅੰਗਾਂ ਦੀ ਹਿਲਜੁਲ ਜਾਂ ਕਿਰਿਆ ਅਨੁਸਾਰ ਤਰਤੀਬ ਵਿੱਚ ਲਿਆਂਦੀਆਂ ਗਈਆਂ ਹਨ। ਜਿਨ੍ਹਾਂ ਮੂੰਹ ਅੰਗਾਂ ਰਾਹੀਂ ਇਨ੍ਹਾਂ ਵਿਅੰਜਨ ਅੱਖਰਾਂ ਦਾ ਉਚਾਰਣ ਹੁੰਦਾ ਹੈ, ਉਨ੍ਹਾਂ ਅੰਗਾਂ ਚੋਂ ਸਭ ਤੋਂ ਪਹਿਲਾਂ ਗਲਾ ਤੇ ਸਭ ਤੋਂ ਪਿੱਛੋਂ ਬੁੱਲ ਆਉਂਦੇ ਹਨ।

ਉਪਰ ਦੱਸੇ ਆਵਾਜ਼ ਕ੍ਰਮ ਅਨੁਸਾਰ, ਦੂਸਰੀ ਪੰਕਤੀ ਦੇ ਪੰਜ ਅੱਖਰ (ਕ, ਖ, ਗ, ਘ, ਙ) ਗਲੇ ਵਿਚੋਂ ਉਚਾਰਣ ਹੁੰਦੇ ਹਨ। ਤੀਸਰੀ ਪੰਕਤੀ ਦੇ ਪੰਜ ਅੱਖਰ (ਚ, ਛ, ਜ, ਝ, ਞ) ਦੀ ਆਵਾਜ਼ ਉਪਰਲੇ ਦੰਦਾਂ ਦੇ ਅੰਦਰਲੇ ਪਾਸੇ ਜਰਾ ਕੁ ਉਪਰ ਜੀਭ ਦੇ ਅਗਲੇ ਸਿਰੇ ਨੂੰ ਛੁਹਾਉਣ ਨਾਲ ਨਿਕਲਦੀ ਹੈ। ਚੌਥੀ ਪੰਕਤੀ ਦੇ ਪੰਜ ਅੱਖਰਾਂ (ਟ, ਠ, ਡ, ਢ, ਣ) ਦੀ ਆਵਾਜ਼ ਜੀਭ ਦੇ ਅਗਲੇ ਹਿੱਸੇ ਨੂੰ ਤਾਲੂ ਦੇ ਉਪਰ ਛੁਹਾਉਣ ਨਾਲ ਪੈਦਾ ਹੁੰਦੀ ਹੈ। ਪੰਜਵੀਂ ਪੰਕਤੀ ਦੇ ਪੰਜ ਅੱਖਰਾਂ (ਤ, ਥ, ਦ, ਧ, ਨ) ਦੀ ਆਵਾਜ਼ ਦੋਹਾਂ ਦੰਦ ਕਤਾਰਾਂ ਦੇ ਵਿੱਚਕਾਰ ਜੀਭ ਦੇ ਅਗਲੇ ਸਿਰੇ ਨੂੰ ਰੱਖਣ ਨਾਲ ਨਿਕਲਦੀ ਹੈ। ਛੇਵੀਂ ਪੰਕਤੀ ਦੇ ਪੰਜ ਅੱਖਰ (ਪ, ਫ, ਬ, ਭ, ਮ) ਦੋਹਾਂ ਬੁੱਲ੍ਹਾਂ ਨੂੰ ਆਪਸ ਵਿੱਚ ਮਿਲਾਉਣ ਤੇ ਜਰਾ ਕੁ ਦਬਾਉਣ ਨਾਲ ਬੋਲੇ ਜਾਂਦੇ ਹਨ। ਸੱਤਵੀਂ ਪੰਕਤੀ ਵਿੱਚ ਆਏ ਪੰਜ ਅਰਧ ਸਵਰ ਅੱਖਰ (ਯ, ਰ, ਲ, ਵ, ੜ) ਹਨ ਜੋ ਜੀਭ ਨੂੰ ਮੂੰਹ ਦੇ ਅੰਦਰ ਪੰਜ ਵੱਖ-ਵੱਖ ਥਾਵਾਂ 'ਤੇ ਰੱਖ ਕੇ ਉਚਾਰਣ ਕੀਤੇ ਜਾਂਦੇ ਹਨ।

ਜੇ ਅਸੀਂ ਆਪਣੀ ਨਜ਼ਰ ਨੂੰ ਗੁਰਮੁਖੀ ਪੈਂਤੀ ਦੀਆਂ ਅੱਖਰ ਕਤਾਰਾਂ ਦੇ ਸਮਾਨਾਂਤਰ ਹੀ ਘੁਮਾਈਏ ਤਾਂ ਇਹ ਪਤਾ ਲੱਗਦਾ ਹੈ ਕਿ ਇੱਕ ਹੀ ਕਿਸਮ ਦੇ ਪੰਜ ਅੱਖਰ ਇੱਕਸਾਰਤਾ ਦੇ ਸਿਧਾਂਤ ਅਨੁਸਾਰ ਕਰਮ-ਬੱਧ ਕੀਤੇ ਗਏ ਹਨ। ਹਰ ਪੰਕਤੀ ਵਿੱਚ ਖੱਬੇ ਤੋਂ ਸੱਜੇ, ਦੋ ਅੱਖਰਾਂ ਦੇ ਦੋ ਜੋੜੇ ਇੱਕੋ ਜਿਹੇ ਹਨ ਤੇ ਪੰਜਵਾਂ ਅੱਖਰ ਇਨ੍ਹਾਂ ਚਹੁੰ ਅੱਖਰਾਂ ਤੋਂ ਭਿੰਨ ਹੈ। ਹਰ ਜੋੜੇ ਵਿੱਚ ਇੱਕ ਅਪੂਰਨ ਅੱਖਰ (Surd ਜਾਂ irrational letter) ਹੈ ਤੇ ਦੂਸਰਾ ਉਸਦੀ ਉਪ-ਸ਼੍ਰੇਣੀ aspirated form ਦਾ ਹੈ। ਇਨ੍ਹਾਂ ਚਹੁੰ ਅੱਖਰਾਂ ਦੇ ਅੰਤ ਵਿੱਚ ਪੰਜਵਾਂ ਅੱਖਰ ਸਾਡੇ ਨੱਕ ਵਿਚੋਂ ਹੋ ਕੇ ਨਿਕਲਦਾ ਹੈ ਤੇ nasal sound ਦੇਂਦਾ ਹੈ ਜੋ ਇਸ ਅੱਖਰ-ਸ਼੍ਰੇਣੀ ਦੀ ਵਿਲੱਖਣ ਖ਼ੂਬੀ ਹੈ।

ਭਾਸ਼ਾ ਵਿਗਿਆਨੀ ਈ.ਪੀ.ਨਿਊਟਨ ਦੁਆਰਾ ਕੀਤਾ ਗਿਆ ਗੁਰਮੁਖੀ ਲਿੱਪੀ ਦੀ ਵਰਣਮਾਲਾ ਦਾ ਉਪਰੋਕਤ ਵਿਸ਼ਲੇਸ਼ਣ ਕਿੰਨਾ ਉੱਤਮ, ਦਰੁਸਤ ਤੇ ਭਾਵ ਪੂਰਤ ਹੈ। ਪੰਜਾਬੀ ਅੱਖਰਾਂ ਦੀ ਵਿਉਂਤਬੰਦੀ ਦੇ ਮੁਕਾਬਲੇ ਵਿੱਚ ਅੰਗ੍ਰੇਜੀ ਵਰਣਮਾਲਾ ਦੇ 26 ਅੱਖਰ ਗਿਣਤੀ ਵਿੱਚ ਲੋੜ ਨਾਲੋਂ ਬਹੁਤ ਥੋੜੇ ਅਤੇ ਬੇ-ਤਰਤੀਬੇ ਵੀ ਹਨ। ਅੰਗ੍ਰੇਜੀ ਲਿਪੀ ਦੇ ਪੰਜ ਅੱਖਰ (a, e, i, o, u) ਤੇ ਦੋ ਅਰਧ ਸਵਰ (W ਤੋਂ Y) ਵੀ ਸੀਮਤ ਜਿਹੇ ਤੇ ਤਰਤੀਬ ਪੱਖੋਂ ਵੀ ਬੜੇ ਉਘੜ-ਦੁਘੜੇ ਹਨ। ਅੰਗ੍ਰੇਜ਼ੀ ਦੇ ਅੱਖਰ c ਦੀ ਆਵਾਜ਼ ਸ਼ਬਦ ਰੂਪਾਂ ਦੇ ਅੰਦਰ ਕਿਧਰੇ 'ਸ' ਤੇ ਕਿਧਰੇ 'ਕ' ਦੀ ਬਣਦੀ ਹੈ। 'ਚ' ਆਵਾਜ਼ ਵਾਸਤੇ 'H' ਅੱਖਰ ਕੰਮ ਨਹੀਂ ਦਿੰਦਾ ਸਗੋਂ ਇਹ 'ਹ' ਦੀ ਆਵਾਜ਼ ਦਿੰਦਾ ਹੈ। 'ਚ' ਦੀ ਆਵਾਜ਼ ਵਾਸਤੇ ਦੋ ਅੱਖਰ 'Ch' ਮਿਲਾਕੇ ਲਿਖਣੇ ਪੈਂਦੇ ਹਨ ਤੇ ਉਹ ਵੀ ਸ਼ਬਦ ਉਸਾਰੀ ਦੇ ਭੇਦਾਂ ਵਿੱਚ ਕਿਸੇ ਵੇਲੇ 'ਕ' ਦੀ ਆਵਾਜ਼ ਦਿੰਦੇ ਹਨ। ਇਵੇਂ ਹੀ 'ਸ਼' ਦੇਸ਼ ਦੀ ਆਵਾਜ਼ ਵਾਸਤੇ ਜਾਂ ਫਿਰ 'ਫ਼' ਦੀ ਆਵਾਜ਼ ਵਾਸਤੇ ਅੰਗ੍ਰੇਜ਼ੀ ਲਿੱਪੀ ਵਿੱਚ ਕੋਈ ਢੁਕਵਾਂ ਅੱਖਰ ਨਹੀਂ ਹੈ। ਇਨ੍ਹਾਂ ਆਵਾਜ਼ਾਂ ਨੂੰ ਪੇਸ਼ ਕਰਨ ਵਾਸਤੇ 'Sh' ਤੇ 'Ph' ਭਾਵ ਦੋ ਅੱਖਰ ਜੋੜ ਕੇ ਵਰਤਣੇ ਪੈਂਦੇ ਹਨ। ਇਸ ਤਰ੍ਹਾਂ ਅੰਗ੍ਰੇਜ਼ੀ ਲਿੱਪੀ ਦੀ ਵਰਣਮਾਲਾ ਇੱਕ ਬੜੀ ਬੇਤਰਤੀਬ ਅਧੂਰੀ ਤੇ ਅਵਿਕਸਿਤ ਵਰਣਮਾਲਾ ਦੇ ਰੂਪ ਵਿੱਚ ਉਭਰ ਕੇ ਸਾਡੇ ਸਾਹਮਣੇ ਆਉਂਦੀ ਹੈ ਤੇ ਨਿਊਟਨ ਨੇ English Alphabets ਦੀ ਇਸ ਵੱਡੀ ਕਮਜੋਰੀ ਤੇ ਕਮੀ ਨੂੰ ਕਬੂਲ ਕੀਤਾ ਹੈ। ਹਿੰਦੀ ਵਰਣਮਾਲਾ ਦੇ ਪੰਜਾਹ (50) ਅੱਖਰ ਵੀ ਸਿਖਿਆਰਥੀ ਨੂੰ ਭੰਬਲ ਭੂਸੇ ਵਿੱਚ ਪਾਉਂਦੇ ਹਨ। ਗੁਰਮੁਖੀ ਲਿਪੀ ਦੀ ਵਰਣਮਾਲਾ ਦਾ ਪੰਜ ਅੱਖਰੀਂ ਗੁਣ ਕਿੰਨਾ ਸਿੱਧਾ, ਸਰਲ ਤੇ ਸਾਰਥਕ ਹੈ। ਗੁਰਮੁਖੀ ਅੱਖਰਾਂ ਦੀ ਗਿਣਤੀ ਵੀ ਲੋੜ ਮੁਤਾਬਕ ਪੂਰੀ ਤੇ ਸਹੀ ਹੈ।

ਇੱਕ ਸ਼ਾਤਰ ਦਿਮਾਗ ਅੰਗ੍ਰੇਜ਼ ਅਫਸਰ Macauley ਨੇ ਭਾਰਤੀ ਭਾਸ਼ਾਵਾਂ ਦੀ ਹੇਠੀ ਕੀਤੀ ਸੀ ਤੇ ਅੰਗ੍ਰੇਜ਼ੀ ਨੂੰ ਉਤੱਮ ਦਰਸਾਇਆ ਸੀ। ਪੰਜਾਬੀ ਭਾਸ਼ਾ ਨੂੰ ਤਾਂ ਉਸ ਨੇ ਉੱਕਾ ਹੀ ਨਕਾਰ ਦਿੱਤਾ ਸੀ। ਏਧਰ ਇੱਕ ਸੂਝਵਾਨ ਅੰਗ੍ਰੇਜ਼ ਵਿਗਿਆਨੀ E. P. Neoton ਹੈ ਜਿਸ ਨੇ ਗੁਰਮੁਖੀ ਲਿਪੀ ਦੀ ਖ਼ੂਬਸੂਰਤੀ ਨੂੰ ਕਬੂਲ ਕੀਤਾ ਹੈ ਤੇ ਉਸਨੂੰ ਚੌਦਵੀਂ ਦੇ ਚੰਨ ਵਰਗੀ ਸੁੰਦਰ, ਉੱਤਮ, ਸਪੱਸ਼ਟ, ਸੰਪੂਰਨ ਤੇ ਸਰਲ ਕਹਿ ਕੇ ਵਡਿਆਇਆ ਹੈ।

Sri Satguru Jagjit Singh Ji eLibrary NamdhariElibrary@gmail.com

ਵਿਗਿਆਨ ਦੇ ਅਧਿਆਪਕ ਵਰੁਣ ਕੁਮਾਰ ਦਾ ਅੱਖਾਂ ਖੋਲ੍ਹਣ ਵਾਲਾ ਸੁਨੇਹਾ

"ਮੈਂ ਇੱਕ ਸਰਕਾਰੀ ਸਕੂਲ 'ਚ ਲੁਧਿਆਣੇ ਇੱਕ ਟਿਊਟਰ ਵੱਜੋਂ ਬੱਚਿਆਂ ਨੂੰ ਭੌਤਿਕ ਵਿਗਿਆਨ (ਫਿਜ਼ਿਕਸ) ਪੜ੍ਹਾਉਂਦਾ ਹਾਂ ਤੇ ਆਪਣੇ ਕੋਚਿੰਗ ਸੈਂਟਰ 'ਤੇ ਐਮ.ਐਸ.ਸੀ. ਮੈਥ ਦੇ ਬੱਚਿਆਂ ਨੂੰ ਪੜ੍ਹਾਉਂਦਾ ਹਾਂ। ਮੇਰੇ ਕੋਲ ਜੋ ਬੱਚੇ ਪੜ੍ਹਦੇ ਹਨ, ਪਹਿਲਾਂ ਵੀ ਉਹ ਸਰਕਾਰੀ ਸਕੂਲ ਤੋ ਆਏ ਹੁੰਦੇ ਨੇ ਤੇ ਅੰਗਰੇਜ਼ੀ ਘੱਟ ਆਉਣ ਕਰਕੇ ਉਹ ਆਪਣੇ ਆਪ ਨੂੰ ਨਲਾਇਕ ਸਮਝਣ ਲੱਗ ਜਾਂਦੇ ਸੀ। ਪਰ ਮੈਂ ਡਾ. ਜੋਗਾ ਸਿੰਘ ਜੀ ਦਾ ਲੈਕਚਰ ਕੁਝ ਸਾਲ ਪਹਿਲਾਂ ਪੱਖੋਵਾਲ ਪਿੰਡ ਦੇ ਸਕੂਲ ਪਹੁੰਚ ਕੇ ਲਾਇਆ ਸੀ ਤੇ ਉਸ ਦਿਨ ਤੋਂ ਬਾਅਦ ਮੇਰਾ ਪੜ੍ਹਾਉਣ ਦਾ ਤਰੀਕਾ ਬਦਲ ਗਿਆ। ਮੈਂ ਬੱਚਿਆਂ ਨੂੰ ਦੱਸਦਾ ਹਾਂ ਕਿ ਅੰਗਰੇਜ਼ੀ ਕੋਈ ਵਿਦਵਾਨ ਹੋਣ ਦਾ ਇਕੱਲਾ ਸਾਧਨ ਨਹੀਂ ਸਗੋਂ ਇਸ ਤੋਂ ਬਿਨਾਂ ਵੀ ਦੁਨੀਆਂ ਦੇ ਹਰ ਵਿਗਿਆਨ ਨੂੰ ਸਿੱਖਿਆ ਜਾ ਸਕਦਾ ਹੈ। ਮੇਰੇ ਬੱਚੇ ਪੰਜਾਬੀ ਵਿੱਚ ਭੌਤਿਕ ਵਿਗਿਆਨ ਦੇ ਕੋਈ ਵੀ ਵਿਸ਼ੇ 'ਤੇ ਬਹੁਤ ਕੁਝ ਦੱਸ ਸਕਦੇ ਨੇ ਤੇ ਮੈਨੂੰ ਖੁਸ਼ੀ ਹੈ ਕਿ ਮੈਂ ਵਧੀਆ ਵਿਗਿਆਨੀ ਤੇ ਵਧੀਆ ਡਾਕਟਰ ਬਣਾ ਰਿਹਾ ਹਾਂ। ਅੰਗਰੇਜ਼ੀ ਬੋਲਣ ਦੀ ਰੇਸ 'ਚ ਲੱਗੇ ਹੋਏ ਇਨਸਾਨ ਨਹੀਂ ਹੋਣਗੇ ਮੇਰੇ ਵਿਦਿਆਰਥੀ। ਮਾਤ ਭਾਸ਼ਾ ਵਿੱਚ ਵਿਗਿਆਨ ਪੜ੍ਹਾਉਣ ਨਾਲ ਮੈਂ ਖੁਦ ਨੂੰ ਅਸਲੀ ਜਿਹਾ ਮਹਿਸੂਸ ਕਰਨ ਲੱਗਾ ਹਾਂ।

ਮੈਂ ਟੋਪੋਲੋਜੀ ਅਤੇ ਫੀਲਡ ਥਿਓਰੀ ਵੀ ਪੰਜਾਬੀ 'ਚ ਪੜ੍ਹਾਉਂਦਾ ਹਾਂ ਤੇ ਆਪ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਮੇਰੇ ਹੀ ਐਮ.ਐਸ.ਸੀ. ਦੇ ਵਿਦਿਆਰਥੀ ਪੰਜਾਬ ਯੂਨੀਵਰਸਿਟੀ ਦੇ ਟਾਪਰ ਵੀ ਰਹੇ ਨੇ 2012, 2013 ਤੇ 2014 ਵਿੱਚ ਲਗਾਤਾਰ, ਕਿਉਂਕਿ ਟੋਪੋਲੋਜੀ ਨੂੰ ਪੰਜਾਬੀ 'ਚ ਪੜ੍ਹਨ ਵਾਲੇ ਬੱਚੇ ਹੀ ਉਸਨੂੰ ਠੀਕ ਤਰ੍ਹਾਂ ਸਮਝ ਸਕਦੇ ਨੇ। ਮੈਂ ਕਾਨਵੈਂਟ ਦੇ ਬੱਚਿਆਂ ਨੂੰ ਵੀ ਭੌਤਿਕ ਵਿਗਿਆਨ (ਫਿਜਿਕਸ) ਪੜ੍ਹਾਇਆ ਹੈ। ਸੱਚੀ ਏਨਾ ਬੁਰਾ ਹਾਲ ਮੈਂ ਕਦੇ ਨਹੀਂ ਦੇਖਿਆ ਬੱਚਿਆਂ ਦਾ। ਉਹਨਾਂ ਨੂੰ ਭੌਤਿਕ ਵਿਗਿਆਨ ਤਾਂ ਕੀ ਆਉਣਾ, ਅੰਗਰੇਜ਼ੀ ਮਾਧਿਅਮ ਵਾਲਿਆਂ ਨੂੰ ਅੰਗਰੇਜ਼ੀ ਵੀ ਸਾਡੇ ਤੋ ਵਧੀਆ ਨਹੀਂ ਆਉਂਦੀ, ਜਦ ਕਿ ਮੈਂ ਪੰਜਾਬੀ ਮਾਧਿਅਮ 'ਚ ਹੀ ਦਸਵੀਂ ਤੱਕ ਪੜ੍ਹਿਆ ਸੀ ਆਪ। ਮੈਂ ਡਾ. ਜੋਗਾ ਸਿੰਘ ਦੀ ਇਸ ਮਾਤ ਭਾਸ਼ਾ ਲਈ ਲੜਾਈ 'ਚ ਉਨ੍ਹਾਂ ਦਾ ਸੱਚਾ ਸਾਥੀ ਬਣਾਂਗਾ। ਪੰਜਾਬੀ 'ਚ ਹਰ ਇੱਕ ਵਿਗਿਆਨ ਨੂੰ ਪੜ੍ਹਾਉਣ ਤੇ ਸਮਝਾਉਣ ਦੇ ਲੇਖੇ ਹੀ ਲਾਵਾਂਗਾ ਆਪਣੀ ਜ਼ਿੰਦਗੀ। ਮੈਂ ਛੋਟੇ-ਛੋਟੇ ਬੱਚਿਆਂ ਨੂੰ ਜਦੋਂ ਅੰਗਰੇਜ਼ੀ ਮਾਧਿਅਮ ਸਕੂਲ ਦੀ ਬੱਸ 'ਚ ਜਾਂਦਾ ਦੇਖਦਾ ਹਾਂ ਤਾਂ ਮੇਰੀ ਆਤਮਾ ਕੰਬ ਜਾਂਦੀ ਹੈ। ਮੈਨੂੰ ਇਹ ਤੇ ਪਤਾ ਸੀ ਕਿ ਕੁਝ ਗਲਤ ਹੋ ਰਿਹਾ ਹੈ ਪਰ ਮੈਨੂੰ ਸਹੀ ਦਿਸ਼ਾ ਡਾਕਟਰ ਸਾਹਿਬ ਦੇ ਉਸ ਲੈਕਚਰ ਤੋਂ ਮਿਲੀ ਸੀ ਜਦੋਂ ਮੈਂ ਪੱਖੋਵਾਲ ਪਿੰਡ ਦੇ ਇੱਕ ਸਕੂਲ ਵਿੱਚ ਉਨ੍ਹਾਂ ਸੁਣਿਆ ਸੀ। ਉਸ ਦਿਨ ਨੂੰ ਮੈਂ ਕਦੇ ਨਹੀਂ ਭੁੱਲ ਸਕਦਾ। ਉਸ ਦਿਨ ਹੀ ਮੇਰੇ ਅਧਿਆਪਨ ਨੂੰ ਇੱਕ ਨਵੀਂ ਦਿਸ਼ਾ ਤੇ ਇੱਕ ਨਵਾਂ ਮਕਸਦ ਮਿਲਿਆ ਸੀ। ਡਾ. ਸਾਹਿਬ ਆਪਣੇ ਮਕਸਦ ਵਿੱਚ ਜ਼ਰੂਰ ਕਾਮਯਾਬ ਹੋਣਗੇ, ਕਿਉਂਕਿ ਉਹ ਮਨੁੱਖ ਨੂੰ ਮਨੁੱਖ ਹੋਣਾ ਸਿਖਾ ਰਹੇ ਹਨ। ਉਸਨੂੰ ਉਸ ਦੀ ਮਾਤ ਭਾਸ਼ਾ ਦੇ ਕੇ ਇੱਕ ਅਨਾਥ ਵਾਂਗੂ ਜੀਣ ਤੋ ਬਚਾ ਰਹੇ ਹੋ। ਇਹ ਕਾਨਵੈਂਟ ਤੇ ਅੰਗਰੇਜ਼ੀ ਮਾਧਿਅਮ ਸਕੂਲਾਂ ਦੇ ਬੱਚਿਆਂ ਨਾਲ ਵੀ ਮੇਰੀਆਂ ਭਾਵਨਾਵਾਂ ਜੁੜੀਆਂ ਨੇ ਕਿ ਇਹਨਾਂ ਬੱਚਿਆਂ ਨੂੰ ਬਚਾ ਲਈਏ ਆਪਾਂ।"

ਵਰੁਣ ਕੁਮਾਰ– 09876756466

Sri Satguru Jagjit Singh Ji eLibrary NamdhariElibrary@gmail.com

ਕਾਵਿ-ਕਿਆਰੀ

ਮਰ ਰਹੀ ਹੈ ਮੇਰੀ ਭਾਸ਼ਾ

-ਸੁਰਜੀਤ ਪਾਤਰ

ਮਰ ਰਹੀ ਹੈ ਮੇਰੀ ਭਾਸ਼ਾ
ਸ਼ਬਦ ਸ਼ਬਦ
ਮਰ ਰਹੀ ਹੈ ਮੇਰੀ ਭਾਸ਼ਾ
ਵਾਕ -ਵਾਕ
ਅੰਮ੍ਰਿਤ ਵੇਲਾ
ਵੱਡਾ ਤੜਕਾ
ਪਹੁ ਫੁਟਾਲਾ
ਧੰਮੀ ਵੇਲਾ
ਸ਼ਾਹ ਵੇਲਾ
ਸੂਰਜ ਸਵਾ ਨੇਜੇ
ਟਿਕੀ ਦੁਪਹਿਰ
ਲਉਢਾ ਵੇਲਾ
ਲੋਏ ਲੋਏ
ਤਰਕਾਲਾਂ
ਦੀਵਾ ਵੱਟੀ
ਖੌਪੀਆ
ਕੌੜਾ ਸੋਟਾ
ਢਲਦੀਆਂ ਖਿੱਤੀਆਂ
ਤਾਰੇ ਦਾ ਝੜਾਅ
ਸਾਝਰਾ ,ਸੁਵਖਤਾ
ਸਰਘੀ ਵੇਲਾ
ਘੜੀਆਂ ,ਪਹਿਰ ,
ਪਲ-ਛਿਣ, ਨਿਮਖ ਵਿਚਾਰੇ ,
ਮਾਰੇ ਗਏ
ਇੱਕਲੇ ਟਾਈਮ ਹੱਥੋਂ
ਇਹ ਸ਼ਬਦ ਸਾਰੇ।
ਸ਼ਾਇਦ ਇਸ ਲਈ
ਕਿ ਟਾਈਮ ਕੋਲ
ਟਾਈਮ ਪੀਸ ਸੀ।
ਹਰਹਟ ਕੀ ਮਾਲਾ
ਕੁੱਤੇ ਦੀ ਟਿਕ ਟਿਕ
ਚੰਨੇ ਦਾ ਉਹਲਾ
ਗਾਢੀ ਦੇ ਹੂਟੇ
ਕਾਂਜਨ ,ਨਿਸਾਰ ,
ਚਕਲੀਆ , ਬੂੜੇ
ਭਰਭਰ ਡੁਲਦੀਆਂ ਟਿੰਡਾਂ
ਇਨਾਂ ਸਭਨਾ ਤਾਂ
ਰੁੜ ਹੀ ਜਾਣਾ ਸੀ
ਟਿਊਬਵੈਲ ਦੀ ਧਾਰ ਵਿਚ
ਮੈਨੂੰ ਕੋਈ ਹੈਰਾਨੀ ਨਹੀ
ਹੈਰਾਨੀ ਤਾਂ ਇਹ ਹੈ ,
ਅੰਮੀ ਤੇ ਅੱਬਾ ਵੀ ਨਹੀਂ ਰਹੇ।
ਬੀਜੀ ਤੇ ਭਾਪਾ ਜੀ ਵੀ ਤੁਰ ਗਏ।
ਅਤੇ ਕਿੰਨੇ ਰਿਸ਼ਤੇ
ਅੰਕਲ ਤੇ ਆਂਟੀ ਨੇ
ਕਰ ਦਿੱਤੇ ਹਾਲੋਂ ਬੇਹਾਲ।
ਤੇ ਕੱਲ ਪੰਜਾਬ ਦੇ ਵਿਹੜੇ ਵਿਚ
ਕਹਿ ਰਿਹਾ ਸੀ ਛੋਟਾ ਜਿਹਾ ਬਾਲ,
ਪਾਪਾ ਆਪਣੇ ਟਰੀ ਦੇ ਸਾਰੇ ਲੀਵਜ਼
ਕਰ ਰਹੇ ਨੇ ਫਾਲ।
ਹਾਂ ਪੁੱਤਰ ਆਪਣੇ ਟਰੀ ਦੇ ਸਾਰੇ ਲੀਵਜ਼
ਕਰ ਰਹੇ ਨੇ ਫਾਲ
ਮਰ ਰਹੀ ਹੈ ਆਪਣੀ ਭਾਸ਼ਾ
ਪੱਤਾ-ਪੱਤਾ, ਸ਼ਬਦ ਸ਼ਬਦ।
ਹੁਣ ਤੇ ਰੱਬ ਹੀ ਰਾਖਾ ਹੈ
ਆਪਣੀ ਭਾਸ਼ਾ ਦਾ।
ਪਰ ਰੱਬ?
ਰੱਬ ਤਾਂ ਆਪ ਪਿਆ ਹੈ
ਮਰਨ ਹਾਰ।
ਦੌੜੀ ਜਾ ਰਹੀ ਹੈ,
ਉਸਦੀ ਭੁੱਖੀ ਸੰਤਾਨ
ਉਸਨੂੰ ਛੱਡ ਕੇ
ਗੌਡ ਦੀ ਪਨਾਹ ਵਿਚ।
ਮਰ ਰਹੀ ਹੈ ਮੇਰੀ ਭਾਸ਼ਾ,
ਮਰ ਰਹੀ ਹੈ ਬਾਈ ਗੌਡ।

Sri Satguru Jagjit Singh Ji eLibrary NamdhariElibrary@gmail.com

ਹੁਣ ਦੂਸਰੇ ਸਖਸ਼ ਦਾ ਬਿਆਨ ਹੈ:
ਮਰ ਰਹੀ ਹੈ ਮੇਰੀ ਭਾਸ਼ਾ
ਕਿਉਂਕਿ ਜਿਊਂਦੇ ਰਹਿਣਾ ਚਾਹੁੰਦੇ ਨੇ,
ਮੇਰੀ ਭਾਸ਼ਾ ਦੇ ਲੋਕ ।
ਜਿਊਂਦੇ ਰਹਿਣਾ ਚਾਹੁੰਦੇ ਨੇ,
ਮੇਰੀ ਭਾਸ਼ਾ ਦੇ ਲੋਕ
ਇਸ ਸ਼ਰਤ ਤੇ ਵੀ,
ਕਿ ਮਰਦੀ ਏ ਤਾਂ
ਮਰ ਜਾਏ ਭਾਸ਼ਾ।
ਕੀ ਬੰਦੇ ਦਾ ਜਿਊਂਦੇ ਰਹਿਣਾ
ਜਿਆਦਾ ਜਰੂਰੀ ਹੈ
ਕਿ ਭਾਸ਼ਾ ਦਾ।
ਹਾਂ ਜਾਣਦਾ ਹਾਂ,
ਤੁਸੀਂ ਕਹੋਗੇ ਇਸ ਸ਼ਰਤ ਤੇ ਜੋ ਬੰਦਾ
ਜਿਊਂਦਾ ਰਹੇਗਾ,
ਉਹ ਜਿਊਂਦਾ ਤਾਂ ਰਹੇਗਾ।
ਪਰ ਕੀ ਉਹ ਬੰਦਾ ਰਹੇਗਾ।
ਤੁਸੀਂ ਮੈਨੂੰ ਜ਼ਜ਼ਬਾਤੀ ਕਰਨ ਦੀ ਕੋਸ਼ਿਸ਼ ਨਾ ਕਰੋ
ਤੁਸੀਂ ਆਪ ਹੀ ਦੱਸੋ?
ਹੁਣ ਜਦੋਂ ਦਾਣੇ ਦਾਣੇ ਉੱਪਰ
ਖਾਣ ਵਾਲੇ ਦਾ ਨਾਮ ਵੀ
ਤੁਹਾਡਾ ਰੱਬ ਅੰਗ੍ਰੇਜੀ ਵਿਚ ਹੀ ਲਿਖਦਾ ਹੈ,
ਤੇ ਕੌਣ ਬੇਰਹਿਮ ਮਾਂ ਬਾਪ ਚਾਹੇਗਾ ਕਿ
ਉਸਦੇ ਧੀਆਂ ਪੁੱਤਰ ਡੁੱਬਦੀ ਭਾਸ਼ਾ ਦੇ
ਜਹਾਜ ਵਿੱਚ ਬੈਠੇ ਰਹਿਣ।
ਜ਼ਿੰਦਾ ਰਹੇ ਮੇਰਾ ਬੱਚਾ,
ਮਰਦੀ ਏ ਤਾਂ ਮਰ ਜਾਏ,
ਤੁਹਾਡੀ ਬੁੱਢੜੀ ਭਾਸ਼ਾ।
ਹੁਣ ਤੀਸਰੇ ਸ਼ਖਸ ਦੀ ਆਵਾਜ਼ ਹੈ–
ਨਹੀਂ , ਇਸ ਤਰ੍ਹਾਂ ਨਹੀ ਮਰੇਗੀ,
ਮੇਰੀ ਭਾਸ਼ਾ।
ਇਸ ਤਰ੍ਹਾਂ ਨਹੀ ਮਰਦੀ ਹੁੰਦੀ ਭਾਸ਼ਾ ,
ਕੁਛ ਸ਼ਬਦਾਂ ਦੇ ਮਰਨ ਨਾਲ
ਨਹੀਂ ਮਰਦੀ ਹੁੰਦੀ ਭਾਸ਼ਾ।
ਰੱਬ ਨਹੀ ਤਾਂ ਨਾ ਸਹੀ
ਸਤਿਗੁਰ ਇਸਦੇ ਸਹਾਈ ਹੋਣਗੇ।
ਇਸਨੂੰ ਬਚਾਉਣਗੇ,
ਸੂਫ਼ੀ, ਸੰਤ, ਫਕੀਰ,
ਕਿੱਸਾਕਾਰ, ਸ਼ਾਇਰ ,
ਨਾਬਰ, ਆਸ਼ਕ, ਯੋਧੇ,
ਮੇਰੇ ਲੋਕ,
ਅਸੀ, ਆਪਾਂ
ਸਾਡੇ ਸਭਨਾਂ ਦੇ
ਯਤਨਾਂ ਨਾਲ ਹੀ
ਵਧੇ ਫੁੱਲੇਗੀ
ਜਿਊਂਦੀ ਰਹੇਗੀ ਸਾਡੀ ਭਾਸ਼ਾ॥

ਚੀਂ ਚੀਂ ਕਰਦੀਆਂ ਚਿੜੀਆਂ ਦਾ,
ਕਲ ਕਲ ਕਰਦੀਆਂ ਨਦੀਆਂ ਦਾ,
ਸ਼ਾਂ ਸ਼ਾਂ ਕਰਦੇ ਬਿਰਖ਼ਾਂ ਦਾ,
ਆਪਣਾ ਹੀ ਤਰਾਨਾ ਹੁੰਦਾ ਹੈ।
ਮੈਂ ਸੁਣਿਆਂ ਹੈ ਇਸ ਧਰਤੀ 'ਤੇ
ਇੱਕ ਅਜਿਹਾ ਦੇਸ਼ ਵੀ ਹੈ
ਜਿੱਥੇ ਬੱਚਿਆਂ ਨੂੰ ਆਪਣੀ ਹੀ
ਮਾਂ-ਬੋਲੀ ਬੋਲਣ 'ਤੇ ਜੁਰਮਾਨਾ ਹੁੰਦਾ ਹੈ।

----------- **-ਸੁਰਜੀਤ ਪਾਤਰ**

ਮਾਂ ਦਾ ਭਾਸ਼ਾ ਵਿਗਿਆਨ

ਨਵਤੇਜ ਭਾਰਤੀ

ਵਿਹੜਾ ਸੁੰਭਰ ਦੀ
ਖੇਤ ਰੋਟੀ ਲਿਜਾਂਦੀ
ਖੂਹੋਂ ਪਾਣੀ ਭਰਦੀ ਮਾਂ ਨੂੰ
ਅੱਖਰਾਂ ਵਾਲੇ ਕਾਗਜ਼ ਦੀ,
ਕੋਈ ਵੀ ਪਰਚੀ ਦਿਸਦੀ,
ਚੁੱਕ ਕੇ ਮੱਥੇ ਨਾਲ ਲਾ ਲੈਂਦੀ,
ਅੰਗ੍ਰੇਜ਼ੀ 'ਚ ਛਪੇ
ਮੁੜ ਜਵਾਨ ਹੋਣ ਦੇ ਟੋਟਕੇ
ਨੂੰ ਮੱਥਾ ਟੇਕਦੀ ਵੇਖ ਮੈਂ ਪੁੱਛਿਆ:
ਮਾਂ ਪਤੈ
ਇਹ ਅੱਖਰ ਕਿਸ ਬੋਲੀ ਦੇ ਐ?
"ਗੁਰਮੁਖੀ ਦੇ"
ਤੇ ਏਨਾਂ ਵਿਚ ਕੀ ਲਿਖਿਐ?
"ਬਾਣੀ।"

Sri Satguru Jagjit Singh Ji eLibrary NamdhariElibrary@gmail.com

ਮਾਂ ਬੋਲੀ

ਮਾਂ ਦਾ ਸ਼ੀਰ ਚੁੰਘਦਿਆਂ ਸਿੱਖੀ, ਬੋਲ ਤੋਤਲੇ ਬੋਲੀ।
ਲੋਰੀਆਂ ਦਿੱਤੇ ਅਰਸ਼ ਹੁਲਾਰੇ, ਕੰਨੀ ਮਿਸ਼ਰੀ ਘੋਲੀ।
ਝਿੜਕਾਂ, ਲਾਡ, ਹਿਦਾਇਤਾਂ ਕੀਤੀ ਸੋਚ ਸਮੇਂ ਦੀ ਹਾਣੀ;
ਦੁੱਧ ਸ਼ਹਿਦ ਦੀਆਂ ਘੁੱਟਾਂ ਆਈਆਂ ਮਾਂ ਬੋਲੀ ਜਾਂ ਬੋਲੀ।

ਭੰਗੜਿਆਂ ਦੀ ਅਰਸ਼ ਪਰੀ ਤੇ ਗਿੱਧਿਆਂ ਸੰਦੀ ਰਾਣੀ।
ਗੀਤ ਸੰਗੀਤ ਪਰੁਚੀ ਦੁਨੀਆਂ ਇਹਦਾ ਭਰਦੀ ਪਾਣੀ।
ਵੰਗਾਂ ਦੀ ਟੁਣਕਾਰ ਪੰਜਾਬੀ ਝਾਂਜਰ ਦਾ ਛਣਕਾਟਾ;
ਇਹਦੇ ਵਰਗੀ ਹੋਰ ਮਿਲੀ ਨਾ, ਦਰ ਦਰ ਮਿੱਟੀ ਛਾਣੀ।

ਲੋਕ ਗੀਤ ਟੱਪੇ ਤੇ ਮਾਹੀਏ, ਬੈਂਤ ਕਬਿੱਤ ਅਮੁੱਲੇ।
ਰੂਹਾਂ ਵੱਜਦ ਵਿੱਚ ਲਿਆਉਂਦੇ, ਬੋਲ ਮੋਤੀਆਂ ਤੁੱਲੇ।
ਘੋੜੀ, ਸਿੱਠਣੀ ਅਤੇ ਸੁਹਾਗਾਂ, ਮਸਤੀ ਕੀਤੀ ਸਸਤੀ;
ਰੂਹਾਂ ਅੰਦਰ ਵੱਸਦੇ ਰਸ-ਰਸ, ਵਾਰਸ, ਬਾਹੂ, ਬੁੱਲ੍ਹੇ।

ਅਨਹਦ ਨਾਦ ਅਨੋਖਾ ਇਹਦਾ, ਰੂਹ ਕਰਦਾ ਹਰ ਤਾਜ਼ੀ।
ਰੱਬੀ ਬਾਣੀ ਅੰਮ੍ਰਿਤ ਬਰਸੇ, ਸੁਣ ਹੋਵਣ ਮਨ ਰਾਜੀ।
ਨਾਨਕ, ਸ਼ੇਖ-ਫਰੀਦਾਂ, ਇਸ ਦੇ, ਐਸੇ ਨਕਸ਼ ਨਿਖਾਰੇ;
ਨੂਰ ਇਲਾਹੀ ਬਣ ਕੇ ਹਰ ਇੱਕ, ਮਸਤਕ ਵਿੱਚ ਬਿਰਾਜੀ।

ਪਰ ਅਫਸੋਸ ਕਿ ਇਸ ਦੇ ਪੁੱਤਰਾਂ, ਰਾਣੀ ਕੀਤੀ ਗੋਲੀ।
ਮੇਮ ਵਲੈਤੀ ਪਿੱਛੇ ਲੱਗ ਕੇ, ਮਾਂ ਘੱਟੇ ਵਿੱਚ ਰੋਲੀ।
ਆਉ ਇਹਨੂੰ ਪੱਟ ਪਹਿਨਾਈਏ, ਗਲੋਂ ਲੁਹਾ ਕੇ ਲੀਰਾਂ;
'ਬਾਜਵਿਆ' ਮੁੜ ਤਖਤ ਬਹਾਈਏ ਇਹ ਸੋਹਣੀ ਮਾਂ ਬੋਲੀ।

ਲਖਵਿੰਦਰ ਸਿੰਘ ਬਾਜਵਾ
ਫੋਨ 94167 34506

ਕਿਸੇ ਕੌਮ ਨੂੰ ਖਤਮ ਕਰਨਾ ਹੋਵੇ
ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਮਾਂ ਬੋਲੀ ਭੁਲਾ ਦਿਉ।

1.
ਹਿੰਦੀ ਸਾਡੀ ਮਾਸੀ ਲਗਦੀ,
ਮਾਂ ਲੱਗੇ ਪੰਜਾਬੀ।
ਉਰਦੂ ਭਾਸ਼ਾ ਭਾਈ ਸਾਡਾ,
ਅੰਗ੍ਰੇਜ਼ੀ ਸਾਡੀ ਭਾਬੀ।
ਮਾਂ ਬੋਲੀ ਦਾ ਰਿਸ਼ਤਾ ਗੂੜਾ,
ਮਿਠੜਾ ਬੇਹਿਸਾਬੀ।
ਵਤਨ ਮੇਰੇ ਦੀ ਰਾਣੀ ਬੋਲੀ
ਵੱਖਰੇ ਠਾਠ ਪੰਜਾਬੀ।
ਇਹ ਤਾਂ ਸਾਡੀ ਰੂਹ ਦੀ ਭਾਸ਼ਾ,
ਨਹੀਂ ਕੇਵਲ ਕਿਤਾਬੀ।
ਮਾਣ ਨਾ ਦੇਵੇ ਮਾਂ ਬੋਲੀ ਨੂੰ,
ਕਾਹਦਾ ਉਹ ਪੰਜਾਬੀ।
ਆਪਣੀ ਬੋਲੀ, ਮਾਣ ਆਪਣਾ,
ਜਿੰਦ-ਰੂਹ ਦੀ ਚਾਬੀ।
ਸਾਹਿਤ ਦੇ ਵਿਚ ਮਾਰੋ ਮੱਲਾਂ,
ਭਾਸ਼ਾ ਜਾਣ ਖਿਤਾਬੀ।

2.
ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁਲ੍ਹੇ ਦੇ ਰੰਗ ਅੰਦਰ,
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਰਵਾਂ ਏਥੇ ਤੇ ਯੂ.ਪੀ. 'ਚ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।
ਮੈਂ ਪੰਜਾਬੀ, ਪੰਜਾਬੀ ਦਾ 'ਸ਼ਰਫ਼' ਸੇਵਕ,
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ॥

ਫਿਰੋਜ਼ਦੀਨ 'ਸ਼ਰਫ਼

ਮਾਂ ਬੋਲੀ ਨੂੰ ਭੁੱਲ ਜਾਉਗੇ,
ਕੱਖਾਂ ਵਾਂਗੂੰ ਰੁਲ ਜਾਉਗੇ।

Sri Satguru Jagjit Singh Ji eLibrary NamdhariElibrary@gmail.com

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਬਾਤ ਆਉਂਦੀ
ਨਜ਼ਮ

ਤਾਰਾ ਮੀਰਾ ਕਿਨੂੰ ਤੇ ਰਸੌਂਤ ਕਿਨੂੰ ਕਹਿੰਦੇ ਨੇ,
ਲਾਣਾ ਕਿਹਨੂੰ ਆਖਦੇ ਤੇ ਔਂਤ ਕਿਨੂੰ ਕਹਿੰਦੇ ਨੇ,
ਹੁੰਦੀ ਕੀ ਨਮੋਸ਼ੀ ਤੇ ਫਤੂਰ ਦੱਸਿਓ।
ਇਹ ਬੱਚਿਆਂ ਨੂੰ ਜ਼ਰੂਰ ਦੱਸਿਓ।
ਡੋਕਾ ਕਿਹਨੂੰ ਆਖਦੇ ਤੇ ਬੌਲ਼ੀ ਕਿਨੂੰ ਕਹਿੰਦੇ ਨੇ,
ਹੁੰਦਾ ਕੀ ਏ ਬਰੂ, ਤੋ ਪੋਲ਼ੀ ਕਿਨੂੰ ਕਹਿੰਦੇ ਨੇ,
ਹੁੰਦੀ ਕੀ ਸਲੰਘ ਤੇ ਸਲਾਂਭਾ ਕਿਨੂੰ ਆਖਦੇ,
ਵਡਿਆਈ ਕੀ ਹੁੰਦੀ ਐ, ਉਲਾਂਭਾ ਕਿਨੂੰ ਆਖਦੇ,
ਨ੍ਹੇਰਨਾ, ਕੰਧੂਈ ਤੇ ਜੰਬੂਰ ਦੱਸਿਓ,
ਇਹ ਬੱਚਿਆਂ ਨੂੰ ਲਫਜ਼ ਜਰੂਰ ਦੱਸਿਓ।
ਦਾਦੇ, ਨਾਨਕੇ, ਪਤੀਸ, ਦਦਿਓਰੇ ਦੱਸਿਓ,
ਕੁੜਮ, ਸ਼ਰੀਕ, ਪੇਕੇ, ਸਹੁਰੇ, ਦੱਸਿਓ,
ਦੰਦਾਸਾ, ਨੱਥ, ਸੁਰਮਾ ਤੇ ਮੱਥੇ ਲੱਟ ਦੱਸਿਓ,
ਭਾਂਠ, ਡੰਗੋਤਰੇ, ਮਰਾਸੀ ਜਾਤ ਲੱਟ ਦੱਸਿਓ,
ਛੰਭ, ਟੋਭਾ, ਖੂਹ ਤੇ ਸਾਂਭ ਕੇ ਤਲਾਬ ਰੱਖਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ,
ਪਟਨਾ, ਚਮਕੌਰ, ਸਰਹੰਦ, ਮਾਛੀਵਾੜਾ ਦੱਸਿਓ,
ਛਿੰਝ, ਕੁਸ਼ਤੀ, ਬਾਜੀ ਤੇ ਅਖਾੜਾ ਦੱਸਿਓ,
ਹਸੌਣੀ, ਸਾਖੀ, ਕਹਾਣੀ ਜਾਂ ਬਾਤ ਦੱਸਿਓ,
ਤਰਕਾਲਾ, ਲਉਢਾ, ਮੂੰਹ ਨ੍ਹੇਰਾ, ਪ੍ਰਭਾਤ ਦੱਸਿਓ,
ਕਹੀ, ਰੰਬੀ, ਤੰਗਲੀ, ਚੰਦਰਾ, ਸਲੰਘ ਦੱਸਿਓ,
ਪੀੜੀ, ਮੰਜਾ, ਮੂੜ੍ਹਾ ਤੇ ਪਲੰਘ ਦੱਸਿਓ,
ਸਭਰਾਂਉਂ, ਮੁਦਕੀ ਤੇ ਚੇਤੇ ਖਦਰਾਣਾ ਢਾਬ ਰੱਖਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ।
ਠੱਕਾ, ਪੱਛੋਂ ਤੇ ਪੁਰੇ ਦੀ ਪੌਣ ਦੱਸਿਓ,
ਦੁੱਲਾ, ਜੱਗਾ, ਜੀਊਣਾ ਸਨ ਕੌਣ, ਦੱਸਿਓ,
ਗਲੋਟਾ, ਛਿੱਕੂ, ਪੂਣੀ, ਖੱਡੀ, ਤਾਣੀ ਦੱਸਿਓ,
ਜਪ, ਰਹਿਰਾਸ, ਸੋਹਿਲਾ, ਅਨੰਦ ਬਾਣੀ ਦੱਸਿਓ,
ਲੋਹਾ, ਭੱਖੜਾ, ਸੂਲਾਂ ਸਾਂਭ ਕੇ ਗੁਲਾਬ ਰੱਖਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ।
ਰੁੱਗ, ਥੱਬੀ, ਸੱਥਰੀ ਤੇ ਪੰਡ ਦੱਸਿਓ,
ਨਖੱਤਾ, ਛੜਾ, ਦਹਾਜੂ ਨਾਲੇ ਰੰਡ ਦੱਸਿਓ,
ਟੱਪੇ, ਸਿੱਠਣੀ, ਘੋੜੀਆਂ, ਸੁਹਾਗ ਦੱਸਿਓ,
ਦੁਪੱਟਾ, ਚੁੰਨੀ, ਫੁਲਕਾਰੀ ਤੇ ਬਾਗ ਦੱਸਿਓ,
ਢੱਡ, ਇਕ-ਤਾਰਾ ਤੇ ਸਾਂਭ ਕੇ ਰਬਾਬ ਰੱਖਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ।
ਪੀਚੋ, ਖਿੱਦੋ, ਬਾਰ੍ਹਾਂ ਟਾਹਣੀ ਖੇਡ ਦੱਸਿਓ,
ਧੌਲ, ਜੱਫਾ, ਕੈਂਚੀ, ਪੈਂਦੀ ਰੇਡ ਦੱਸਿਓ,
ਗੱਫਾ, ਬੁੱਕ, ਮੁੱਠ ਨਾਲੇ ਓਕ ਦੱਸਿਓ,
ਪੱਠ, ਲੇਲਾ, ਬਲੂੰਗੜਾ ਤੇ ਬੋਕ ਦੱਸਿਓ,
ਵਿੱਘੇ, ਕਿੱਲੇ, ਮੁਰੱਬੇ ਦਾ ਹਿਸਾਬ ਰੱਖਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ।
ਕਿਲਕਾਰੀ, ਚੀਕ, ਦਹਾੜ ਤੇ ਬੜਕ ਦੱਸਿਓ,
ਚੋਜ, ਅਣਖ, ਨਖਰਾ ਤੇ ਮੜਕ ਦੱਸਿਓ,
ਪੀਲ੍ਹਾਂ, ਤੂਤੀਆਂ, ਨਮੋਲੀਆਂ ਤੇ ਬੇਰ ਦੱਸਿਓ,
ਪੰਸੇਰੀ, ਅੱਧ ਪਾ, ਪਾਈਆ, ਨਾਲੇ ਸੇਰ ਦੱਸਿਓ,
ਲਗਾਮ, ਕਾਠੀ, ਪੈਰਾਂ 'ਚ ਰਕਾਬ ਰੱਖਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ।
ਲੱਠਾ, ਡੱਬੀ, ਖੱਦਰ ਤੇ ਮਲਮਲ ਦੱਸਿਓ,
ਪਰ, ਪਰਸੋਂ, ਭਲਕ ਤੇ ਨਾਲੇ ਕੱਲ੍ਹ ਦੱਸਿਓ,
ਪੰਜਾ, ਜੈਤੋਂ, ਨਨਕਾਣਾ, ਨੀਲਾ ਤਾਰਾ ਦੱਸਿਓ,
ਤਵੀ, ਚਰਖੜੀ, ਤੇਗ ਦਾ ਨਜ਼ਾਰਾ ਦੱਸਿਓ,
ਚੇਤੇ ਫੂਲਾ, ਨਲੂਆ, ਕਪੂਰ ਤੇ ਨਵਾਬ ਰੱਖਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ।
ਜੰਡ, ਵਣ, ਸ਼ਰੀਂਹ ਤੇ ਸਾਗਵਾਨ ਦੱਸਿਓ,
ਲੋਕ-ਤੱਥ, ਮੁਹਾਵਰੇ ਤੇ ਅਖਾਣ ਦੱਸਿਓ,
ਸਾਹਲ, ਗੁਣੀਆਂ, ਰੰਦਾ, ਕਰੰਡੀ, ਤੇਸੀ ਦੱਸਿਓ,
ਭੂਰਾ, ਕੰਬਲ, ਲੋਈ, ਨਾਲੇ ਖੇਸੀ ਦੱਸਿਓ,
ਮਿੱਠੇ ਬੋਲ ਵੀਰ, ਭਾਜੀ ਤੇ ਜਨਾਬ ਦੱਸਿਓ,
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ।
ਪੂਰਨ, ਕਨ੍ਹੈਯਾ, ਜੈਤਾ, ਬੁਧੂਸ਼ਾਹ ਦੱਸਿਓ,
ਬੀਹੀ, ਗਲੀ, ਡੰਡੀ, ਕੱਚਾ ਰਾਹ ਦੱਸਿਓ,
ਪੀਲੂ, ਵਾਰਸ਼, ਹਾਸ਼ਮ ਤੇ ਕਾਦਰਯਾਰ ਦੱਸਿਓ,
ਲਾਲ, ਤੇਜੇ, ਗੰਗੂ, ਕਿਰਪਾਲ ਜੇਹੇ ਗੱਦਾਰ ਦੱਸਿਓ,
ਡੇਰੇ, ਸਾਧ, ਬਾਬੇ, ਬੇਨਕਾਬ ਰੱਖਿਓ,
ਆਉਂਦੀ ਪੀੜੀ ਜੋਗਾ ਸਾਂਭ ਕੇ ਪੰਜਾਬ ਰੱਖਿਓ।

Sri Satguru Jagjit Singh Ji eLibrary NamdhariElibrary@gmail.com

ਬੱਚਿਆਂ ਦਾ ਪੰਨਾ

ਮੈਂ ਅੰਮ੍ਰਿਤ ਘੁੱਟਾ ਪੀਤੀਆਂ, ਮੇਰੇ ਅੰਮ੍ਰਿਤ ਭਿੱਜੇ ਕੇਸ।
ਮੈਂ ਪੁੱਤਰ ਮਾਂ ਪੰਜਾਬੀ ਦਾ, ਮੇਰਾ ਪਿਤਾ ਗੁਰੂ ਦਸਮੇਸ਼।
ਸਾਡੇ ਸਤਿਗੁਰ ਨਾਨਕ ਦੇਵ ਦਾ, ਏਹੋ ਸ਼ੁਭ ਸੰਦੇਸ਼:
ਸੁਖੀ ਵੱਸੇ ਸੰਸਾਰ ਸਭ, ਵਧੇ ਫੁੱਲੇ ਮੇਰਾ ਦੇਸ਼।

ਕਿਸ ਜਗ੍ਹਾ ਤੇ ਪੈਂਦਾ ਣਾਣਾ (ਣ),
ਕਿੱਥੇ ਲਗਦਾ ਨੰਨਾ (ਨ)।
ਕਿੱਥੇ ਬਾਪੂ ਲਾਈਏ ਡੰਡੀ
ਕਿੱਥੇ ਲਾਈਏ ਕੰਨਾ।
ਕਿੱਥੇ ਲਾਉਂਦੇ ਅੱਦਕ ਬਾਪੂ
ਕਿਨੂੰ ਕਹਿਣ ਦੁਲਾਵਾਂ।
ਕਿੱਥੇ ਵਰਤਾਂ ਛੱਛਾ (ਛ),
ਕਿਉਂ ਸੱਸੇ (ਸ) ਪੈਰ ਬਿੰਦੀ ਪਾਵਾਂ।
ਦੱਸ ਖਾਂ ਬਾਪੂ ਕਾਹਤੋਂ
ਊੜੇ ਨਾਲ ਸਿਆਰੀ ਰੁੱਸੀ।
ਗੈਰ ਬੋਲੀ ਦੀ ਚੱਲੇ ਚੌਧਰ
ਕਿਉਂ ਪੰਜਾਬੀ ਖੁੱਸੀ।
ਹਾਹਾ ਨਾਲੇ ਰਾਰਾ ਦੋਵੇਂ
ਦੱਸ ਕਾਹਤੋਂ ਪੈਰੀ ਪੈਂਦੇ।
ਊੜੇ (ੳ) ਦਾ ਮੂੰਹ ਖੁੱਲ੍ਹਾ
ਕਨੌੜੇ ਦੂਰ ਈੜੀ ਤੋਂ ਰਹਿੰਦੇ।
ਕਿਥੇ ਲੱਗੇ ਟਿੱਪੀ ਬਾਪੂ
ਕਿਥੇ ਲਾਈਏ ਬਿੰਦੀ।
ਕਾਹਤੋਂ ਲੋਕੀਂ ਛੱਡ ਗਏ ਬਾਪੂ
ਤੇਰੀ ਬੋਲੀ ਹਿੰਦੀ।
ਪੰਜਾਬੀ ਵੀ ਪੜ੍ਹ ਲਈਂ ਨਿੱਕਿਆ,
ਕਹਿੰਦੇ ਲੋਕ ਸਿਆਣੇ।
ਮਾਂ ਬੋਲੀ ਦੀਆਂ ਗੁੜੀਆਂ ਰਮਜ਼ਾਂ
ਜੋ ਪੜ੍ਹੇ ਉਹ ਜਾਣੇ॥

Sri Satguru Jagjit Singh Ji eLibrary NamdhariElibrary@gmail.com

ਖ਼ਬਰਨਾਮਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤਸਰ ਸ਼ਹੀਦੀ ਜੋੜ ਮੇਲਾਂ

ਸਿੱਖ ਧਰਮ ਦੇ ਮਹਾਨ ਤੀਰਥ ਹਰੀ ਮੰਦਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਅਤੇ ਦੇਸ ਅਜ਼ਾਦੀ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਮਹਾਨ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਮੇਲਾ ਨਾਮਧਾਰੀ ਸ਼ਹੀਦੀ ਸਮਾਰਕ ਰਾਗ ਬਾਗ ਅੰਮ੍ਰਿਤਸਰ ਵਿਖੇ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮਨਾਇਆ ਗਿਆ। ਅੰਮ੍ਰਿਤਸਰ ਜਿਲੇ ਦੇ ਦੇਰੇ ਸਮੇਂ ਪਿੰਡਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ 14 ਸਤੰਬਰ, 2019 ਮੁਤਾਬਿਕ 29 ਭਾਦਰੋ 2076 ਦਿਨ ਸ਼ਨੀਵਾਰ ਨੂੰ ਹਵਾਈ ਸਫਰ ਰਾਹੀ ਬੰਗਲੋਰ ਤੋਂ ਅੰਮ੍ਰਿਤਸਰ ਹਵਾਈ ਅੱਡੇ ਆਣ ਉੱਤਰੇ ਸਨ। ਇਥੋਂ ਹੀ ਕੁੱਕ੍ਰ ਨਗਰ ਵਿਚ ਚਰਨ ਪਾਉਣ ਉਪਰੰਤ ਰਾਤ ਅੰਮ੍ਰਿਤਸਰ ਵਿਖੇ ਸੂਬਾ ਅਮਰੀਕ ਸਿੰਘ ਜੀ ਦੇ ਗ੍ਰਹਿ ਡੇਰਾ ਕਰ ਵਿਸਰਾਮ ਕੀਤਾ। 15 ਸਤੰਬਰ 2019 ਮੁਤਾਬਿਕ, 30 ਬਾਦਰੋ 2076 ਦਿਨ ਐਤਵਾਰ ਸਵੇਰੇ ਅੰਮ੍ਰਿਤਵੇਲੇ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸ੍ਰੀ ਸਤਿਗੁਰੂ ਜੀ ਨੂੰ ਦਰਸ਼ਨ ਦਿੱਤੇ। ਹਜ਼ੂਰੀ ਰਾਗੀ ਜਥਾ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਿਨਾਮ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਜਪ ਪ੍ਰਯੋਗ ਦੇ ਦਿਨ ਹੋਣ ਕਾਰਨ ਆਸਾ ਦੀ ਵਾਰ ਵਿਚ ਭਰਭੂਰ ਹਾਜਰੀ ਸੀ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਸਤਿਗੁਰੂ ਜੀ ਇੱਕ ਹਾਲ ਵਿਚ ਉਚੇਚੇ ਤੌਰ ਤੇ ਨਾਮਧਾਰੀ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਸਮਾਂ ਦੇ ਕੇ ਉਹਨਾਂ ਦੇ ਕਈ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਕਈ ਬੱਚੇ ਬੱਚੀਆਂ ਨੂੰ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਗੁਰਬਾਣੀ ਦੀ ਸੰਥਿਆਂ ਵੀ ਸੁਣਾਈ। ਨੌਜਵਾਲ ਬੱਚੇ-ਬੱਚੀਆਂ ਸ੍ਰੀ ਸਤਿਗੁਰੂ ਜੀ ਨਾਲ ਇਸ ਤਰ੍ਹਾਂ ਮਿਲ ਬੈਠ ਕੇ ਨੇੜਤਾ ਕਰ ਕੇ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਹੇ ਸਨ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਸਰ ਸ਼ਹਿਰ ਸਮੇਤ ਕਈ ਘਰਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਕੀਤੀ ਅਤੇ ਸਮਾਂ ਕੱਢ ਕੇ ਤਰਨਤਾਰਨ ਦੇ ਨਜਦੀਕ ਮਹਾਨ ਦੇਸ਼ ਭਗਤ ਸੂਬਾ ਸਾਹਿਬ ਸਿੰਘ ਦੇ ਪਿੰਡ ਬੰਗਾਲੀਪੁਰ ਵਿਖੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਜਿਥੇ ਸੂਬਾ ਸਾਹਿਬ ਸਿੰਘ ਜੀ ਯਾਦ ਵਿਚ ਇਕ ਸਮਾਰਕ ਬਣਾਇਆ ਜਾਂ ਰਿਹਾ ਹੈ ਅਤੇ ਦੀਵਾਨ ਹਾਲ ਦੀ ਉਸਾਰੀ ਹੋ ਚੁੱਕੀ ਹੈ। ਇਥੋਂ ਵਾਪਸੀ ਸਮੇਂ ਪ੍ਰਧਾਨ ਰਣਜੀਤ ਸਿੰਘ ਦੇ ਘਰ ਪ੍ਰਸ਼ਾਦ ਪਾਣੀ ਛਕਿਆ ਅਤੇ ਸ਼ਹੀਦੀ ਸਮਾਰਕ ਵਿਖੇ ਜਿਥੇ ਸਵੇਰ ਤੋਂ ਹੀ ਦੀਵਾਨ ਅਰੰਭ ਹੋ ਚੁੱਕੇ ਸਨ ਅਤੇ ਇਲਾਕੇ ਦੀ ਸਾਧ ਸੰਗਤ ਹੁਮ ਹੁਮਾਂ ਕੇ ਸ਼ਹੀਦਾਂ ਦੀ ਯਾਦ ਵਿਚ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚ ਰਹੀ ਸੀ। ਸ੍ਰੀ ਸਤਿਗੁਰੂ ਜੀ 11:45 ਤੇ ਸ਼ਹੀਦੀ ਸਮਾਰਕ ਤੇ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਨਾਮ ਸਿਮਰਨ ਦੀ ਅਰਦਾਸ ਹੋਈ, ਵਿਦਿਅਕ ਜਥੇ ਦੇ ਬੱਚੇ ਆਪਣਾ ਪ੍ਰੋਗਰਾਮ ਪੇਸ਼ ਕਰ ਰਹੇ ਸਨ। ਨਾਮ ਸਿਮਰਨ ਦੇ ਦੌਰਾਨ ਹੀ ਸੰਤ ਨਿਸ਼ਾਨ ਸਿੰਘ ਕਥਾਵਾਚਕ ਨੇ ਕਥਾ ਕੀਤੀ, ਨਾਮ ਸਿਮਰਨ ਉਪਰੰਤ ਹਜ਼ੂਰੀ ਰਾਗੀ ਜਥੇ ਵੱਲੋਂ ਰਾਗੀ ਬਲਵੰਤ ਸਿੰਘ ਜੀ ਦੀ ਅਗਵਾਈ ਵਿੱਚ ਸੂਰਬੀਰ ਸਜੇ, ਘੋਰ ਬਾਜੇ ਬਜੇ ਸ਼ਬਦ ਗਾਇਨ ਕੀਤਾ। ਕੀਰਤਨ ਦੀ ਸਮਾਪਤੀ ਬਾਅਦ ਸ਼ਹੀਦਾਂ ਪ੍ਰਤੀ ਸਰਧਾ ਸਤਿਕਾਰ ਭੇਟ ਕਰਨ ਲਈ ਸਟੇਜ ਸਕੱਤਰ ਰਵਿੰਦਰ ਸਿੰਘ ਜੋਹਲ ਨੇ ਸਭ ਤੋਂ ਪਹਿਲਾਂ ਪ੍ਰੋਫੈਸਰ ਸੂਬਾ ਸਿੰਘ ਜੀ ਨੂੰ ਪੰਚ ਤੇ ਪੇਸ਼ ਕੀਤਾ। ਬਹੁਤ ਹੀ ਸੁਣ ਕੇ ਹੋਏ ਸ਼ਬਦਾਂ ਦੁਆਰਾ ਪ੍ਰੋ. ਸਾਹਿਬ ਨੂੰ ਸ਼ਹੀਦਾਂ ਨੂੰ ਸਤਿਕਾਰ ਭੇਟ ਕੀਤਾ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਨੂੰ ਤਾਜਾ ਕੀਤਾ ਕਿ ਕਿਸ ਤਰ੍ਹਾਂ ਤੰਤੀ ਸਾਜਾ ਦੇ ਇਸ ਮਹਾਨ ਕੀਰਤਨ ਪ੍ਰੋਗਰਾਮ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਭਾਲ ਕੇ ਰੱਖਿਆ ਹੈ ਰਾਜਨੀਤਿਕ ਆਗੂ ਅਤੇ ਅੰਮ੍ਰਿਤਸਰ ਹਲਕੇ ਦੇ ਮੈਬਰ ਪਾਰਲੀਮੈਟ ਸ. ਗੁਰਜੀਤ ਸਿੰਘ ਔਜਲਾ ਵੀ ਇਸ ਸ਼ਹੀਦੀ ਸਮਾਗਮ ਵਿਚ ਹਾਜਰੀ ਭਰਨ ਅਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਹਾਜਰ ਸਨ। ਸ. ਗੁਰਜੀਤ ਸਿੰਘ ਔਜਲਾ ਨੇ ਮੰਚ ਤੋਂ ਸ਼ਹੀਦਾਂ ਪ੍ਰਤੀ ਆਪਣੇ ਵੱਲੋਂ ਅਤੇ ਆਪਣੀ ਕਾਗਰਸ ਪਾਰਟੀ ਵੱਲੋਂ ਸਰਧਾ ਦੇ ਫੁੱਲ ਭੇਟ ਕੀਤੇ। ਅੰਮ੍ਰਿਤਸਰ ਦੇ ਹਲਕਾ ਉਤਰੀ ਤੋਂ M.L.A ਸ੍ਰੀ ਸੁਨੀਲ ਦੱਤੀ ਜੋ ਹਮੇਸ਼ਾਂ ਹੀ ਸਰਧਾ ਨਾਲ ਹਾਜਰੀ ਭਰਦੇ ਹਨ ਉਹ ਵੀ ਹਾਜਰ ਸਨ ਅਤੇ ਮੰਚ ਤੋਂ ਸ੍ਰੀ ਦੱਤੀ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਂ ਦੇਣ ਤੇ ਧੰਨਵਾਧ ਕੀਤਾ ਅਤੇ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ। ਹਰ ਪ੍ਰਤਾਪ ਸਿੰਘ ਅਜਨਾਲਾ ਕਾਗਰਸ ਆਗੂ, ਸ੍ਰੀ ਭਗਵੰਤ ਪਾਲ ਸਿੰਘ ਸੋਚਰ ਪ੍ਰਧਾਨ ਦਿਹਾਤੀ ਅੰਮ੍ਰਿਤਸਰ ਕਾਗਰਸ ਪਾਰਟੀ ਨੇ ਆਪਣੀ

Sri Satguru Jagjit Singh Ji eLibrary NamdhariElibrary@gmail.com

ਹਾਜਰੀ ਭਰੀ। ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬੁਲਾਰੇ ਸ੍ਰੀ ਹਰਿੰਦਰ ਅਗਰਵਾਲ ਜੀ ਆਪਣੇ ਸਾਥੀਆਂ ਸਮੇਤ ਉਚੁਚੁ ਤੌਰ ਤੇ ਇਸ ਸਮਾਗਮ ਵਿਚ ਹਾਜਰ ਹੋਏ ਅਤੇ ਸਟੇਜ ਤੋਂ ਬੱਲਦੇ ਹੋਏ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਨਾਮਧਾਰੀ ਦਰਬਾਰ ਦੀ ਸਾਝ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾਂ ਸਾਨੂੰ ਪਿਆਰ ਅਤੇ ਸਤਿਕਾਰ ਦਿੱਤਾ ਹੈ। ਅਤੇ ਬੇਨਤੀ ਕੀਤੀ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਸਾਨੂੰ ਇਸੇ ਤਰ੍ਹਾਂ ਨਿਵਾਜਦੇ ਰਹਿਣ। ਨਾਮਧਾਰੀ ਦਰਬਾਰ ਵੱਲੋਂ ਸੰਤ ਸੁਰਿੰਦਰ ਸਿੰਘ ਨਾਮਧਾਰੀ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਸ਼ਹੀਦਾ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ। ਇਸ ਸਮੇਂ ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੂਬਾ ਸ਼ਾਮ ਸਿੰਘ ਤਰਨਤਾਰਨ, ਸੂਬਾ ਸੁਖਵਿੰਦਰ ਸਿੰਘ ਕਪੂਰਥਲਾ, ਸੂਬਾ ਗੁਲਜਾਰ ਸਿੰਘ ਹੁਸ਼ਿਆਰਪੁਰ, ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਨੱਥਾ ਸਿੰਘ, ਸੂਬਾ ਬਲਵਿੰਦਰ ਸਿੰਘ ਚੱਕ ਯਕੂਬਾ ਅਤੇ ਨਾਮਧਾਰੀ ਪੰਥ ਦੇ ਵਿਦਵਾਨ ਜਥੇਦਾਰ ਸਹਿਬਾਨ ਹਾਜਰ ਸਨ। ਅੰਤ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿਚ ਸਾਧ ਸੰਗਤ ਨੂੰ ਆਪਣੇ ਬੱਚਿਆਂ ਨੂੰ ਗੁਰ ਸਿੱਖੀ ਨਾਲ ਜੁੜਨ ਦਾ ਹੁਕਮ ਕੀਤਾ। ਇਸ ਸਾਲ ਮੇਲੇ ਦੀ ਸੇਵਾ ਸ. ਲੱਖਾ ਸਿੰਘ ਅਬਕਾਲ ਵੱਲੋਂ ਸਮੇਤ ਪਰਿਵਾਰ ਤਨ-ਮਨ ਅਤੇ ਧਨ ਨਾਲ ਕੀਤੀ ਗਈ।

- ਸੂਬਾ ਬਲਵਿੰਦਰ ਸਿੰਘ ਝੱਲ

ਗਿਆਨ ਮਾਰਤੰਡ ਸ੍ਰੀਮਾਨ ਪੰਡਿਤ ਗੋਪਾਲ ਸਿੰਘ ਜੀ ਦੇ ਵੱਡੇ ਸਪੁੱਤਰ ਸ. ਰਜਵੰਤ ਸਿੰਘ ਨਮਿੱਤ ਭੋਗ

ਤਪਾ 25 ਅਗਸਤ 2019- "ਗੁਰਮਖਿ ਜਨਮੁ ਸਵਾਰਿ ਦਰਗਹ ਚਲਿਆ॥ ਸਚੀ ਦਰਗਹ ਜਾਇ ਸਚਾ ਪਿੜ ਮਲਿਆ" ਅਤੇ ਜੇਹਾ ਚਿਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ ਆਦਿ ਮੁਖ ਵਾਕਾਂ ਅਨੁਸਾਰ ਗਿਆਨ ਮਾਰਤੰਡ ਸ੍ਰੀ ਮਾਨ ਪੰਡਿਤ ਗੋਪਾਲ ਸਿੰਘ ਜੀ ਦੇ ਵੱਡੇ ਲੜਕੇ ਸ. ਰਜਵੰਤ ਸਿੰਘ ਜੀ 16 ਅਗਸਤ 2019 ਨੂੰ ਸਤਿਗੁਰੂ ਜੀ ਵੱਲੋਂ ਬਖਸ਼ੀ ਆਯੂ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ ਤਪਾ ਮੰਡੀ ਵਿਖੇ ਨਿਵਾਸ ਰਖਦੇ ਸਨ। ਪਿਛਲੇ ਕੁਝ ਸਮੇਂ ਸਿਹਤ ਢਿਲੀ ਚੱਲ ਰਹੀ ਸੀ ਕਿ ਅਕਾਲ ਪੁਰਖ ਦਾ ਹੁਕਮ ਆਇਆ ਅਤੇ ਇਸ ਮਾਤਲੋਕ ਤੋਂ ਰਾਮਸਤ ਹੋ ਗਏ।

ਉਹਨਾਂ ਨਮਿਤ 25 ਅਗਸਤ 2019 ਨੂੰ ਤਪਾ ਮੰਡੀ ਵਿਖੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ। ਉਹਨਾਂ ਦੀ ਅੰਤਿਮ ਅਰਦਾਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਸੂਬਾ ਬਲਵਿੰਦਰ ਸਿੰਘ ਜੀ ਝੱਲ ਸ੍ਰੀ ਭੈਣੀ ਸਾਹਿਬ ਤੋਂ ਅਤੇ ਗਿ. ਜੋਗਿੰਦਰ ਸਿੰਘ ਬਹਾਦਰ ਗੜ੍ਹੀਆ ਨਿਰਮਲ ਸਿੰਘ ਭੱਟੀ ਜੀ, ਹੀਰਾ ਸਿੰਘ ਅਤੇ ਰਘੂਬੀਰ ਸਿੰਘ ਲੁਧਿਆਣੇ ਤੋਂ ਸ਼ਾਮਲ ਹੋਏ।

ਸ. ਰਜਵੰਤ ਸਿੰਘ ਜੀ ਪੰਡਿਤ ਗੋਪਾਲ ਸਿੰਘ ਜੀ ਵਾਂਗ ਹੀ ਬਹੁਤ ਹੀ ਨਰਮ ਅਤੇ ਅਪਣਤ ਭਰੇ ਸੁਭਾਅ ਦੇ ਮਾਲਿਕ ਸਨ। ਹਰ ਇਕ ਨਾਲ ਖਿੜੇ ਮੱਥੇ ਮਿਲਣਾ। ਸਤਿਗੁਰਾਂ ਦੇ ਗੁਣਾਂ ਵਡਿਆਈਆਂ ਦੇ ਵਿਚਾਰ ਸਾਂਝੇ ਕਰਿਆ ਕਰਦੇ ਸਨ। ਉਹਨਾਂ ਨੂੰ ਤਿੰਨ ਸਤਿਗੁਰੂ ਸਾਹਿਬਾਨਾਂ ਦੇ ਦਰਸ਼ਨ ਪਰਸਨ ਦਾ ਸੁਭਾਅ ਪ੍ਰਾਪਤ ਹੋਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਬਚਪਨ ਵਿਚ ਲਈਆਂ, ਜਵਾਨ ਅਵਸਥਾ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਥਾਹ ਪਿਆਰ ਦਾ ਨਿੱਘ ਮਾਨਿਆ ਅਤੇ ਅੰਤਿਲੇ ਸਮੇਂ ਬਜੁਰਗੀ ਅਵਸਥਾ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨ ਸੇਵਕ ਹੋ ਸਮਾਂ ਬਿਤਾਂਦੇ ਹੋਏ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਆਪਣੇ ਪਰਿਵਾਰ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜ- ਇਸ ਮਾਤਲੋਕ ਤੋਂ ਸੁਰਖੁਰੂ ਹੋ ਗਏ।

-ਵਲੋਂ ਪੰਡਿਤ ਜਗਮੋਹਨ ਸਿੰਘ ਨਾਮਧਾਰੀ

Sri Satguru Jagjit Singh Ji eLibrary NamdhariElibrary@gmail.com

ਸੇਠ ਅਮਰ ਸਿੰਘ ਜੀ ਨਮਿੱਤ ਪਾਠ ਦਾ ਭੋਗ

ਚੰਡੀਗੜ ਮਿਤੀ 4-9-2019 ਦਿਨ ਬੁੱਧਵਾਰ ਬਾਅਦ ਦੁਪਹਿਰ 1 ਵਜੇ ਤੋਂ ਤਿੰਨ ਵਜੇ ਤੱਕ ਸੇਠ ਅਮਰ ਸਿੰਘ ਜੀ ਨਮਿੱਤ ਰੱਖੇ ਗਏ ਪਾਠ ਦਾ ਭੋਗ, ਨਾਮਧਾਰੀ ਧਰਮਸਾਲਾ ਚੰਡੀਗੜ ਵਿਖੇ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ।

ਦੁਪਹਿਰ 1 ਵਜੇ ਜਥੇਦਾਰ ਬਲਵਿੰਦਰ ਸਿੰਘ ਜੀ ਅਤੇ ਫੇਰ ਹਜ਼ੂਰੀ ਰਾਗੀ ਠਾਕੁਰ ਸਿੰਘ ਹੁਰਾਂ ਨੇ ਵੈਰਾਗ ਮਈ ਕੀਰਤਨ ਕੀਤਾ। ਸੰਤੋਖ ਸਿੰਘ ਡਾਲਟਨਗੰਜ ਵਾਲਿਆਂ, ਇਕ ਕਵਿਤਾ ਆਪਣੇ ਚਾਚਾ ਜੀ ਦੀ ਯਾਦ ਵਿਚ ਪੜ੍ਹੀ। ਬੱਚੀ ਹਰਜਸ ਕੌਰ ਨੇ ਆਪਣੇ ਦਾਦਾ ਜੀ ਦੀ ਯਾਦ ਵਿਚ ਬਹੁਤ ਭਾਵਪੂਰਨ ਸਵੈਰਚਿਤ ਕਵਿਤਾ ਪੜੀ।

ਮੀਂਹ ਦੀਆਂ ਬੂੰਦਾਂ ਹਵਾਵਾਂ ਦੀ ਸੇਜ,
ਉਸ ਰੂਹ ਲਈ ਸਜਾ ਰਹੀਆਂ ਸੀ।
....
........ਛੱਡ ਗਈਆਂ, ਉਸ ਅਡੋਲ ਪੁਰਖ ਦੇ ਅਹਿਸਾਸ ਨੂੰ,
ਜੋ, ਅੱਜ ਨਹੀਂ... ਕਲ ਨਹੀਂ...
ਸਦਾ ਹੀ, ਆਪਣੇ ਪਿਆਰਿਆਂ ਨੂੰ
ਜੀਵਨ ਜਾਚ ਸਿਖਾਉਂਦਾ ਰਹੇਗਾ....।

ਉਪਰੰਤ ਸ. ਇੰਦਰ ਸਿੰਘ ਨਾਮਧਾਰੀ ਨੇ ਵੱਡੇ ਭਰਾਤਾ ਦੇ ਕੁਝ ਪ੍ਰਸੰਗ ਸੁਣਾ ਕੇ ਸਰਧਾਂਜਲੀ ਦਿੱਤੀ। ਸੰਤ ਗੁਰੂਬਚਨ ਸਿੰਘ ਨਾਮਧਾਰੀ ਜੀ ਨੇ ਸੇਠ ਅਮਰ ਸਿੰਘ ਜੀ ਦਾ ਜੀਵਨ, ਸਤਿਗੁਰਾਂ ਵੱਲੋਂ ਸੱਜਿਆ ਇਕ ਇਲਾਹੀ ਮਹਿਲ ਦਸਿਆ, ਜਿਸ ਵਿਚ ਕਲਿਜੁਗੀ ਵਿਕਾਰਾਂ ਨੂੰ ਪ੍ਰਵੇਸ਼ ਦੀ ਆਗਿਆ ਨਹੀਂ ਹੁੰਦੀ।

ਸ੍ਰੀ ਸਤਿਗੁਰੂ ਜੀ ਸੱਚੇ ਪਾਤਸ਼ਾਹ ਨੇ ਆਪਣੇ ਆਸੀਸ ਬਚਨਾਂ ਰਾਹੀਂ, ਸੇਠ ਅਮਰ ਸਿੰਘ ਜੀ ਦੀ ਗੁਰਸਿੱਖੀ, ਤੜਕੇ ਦਾ ਇਸ਼ਨਾਨ, ਗੁਰਬਾਣੀ ਪਾਠ ਅਤੇ ਬਿਨਾਂ ਨਾਗਾ ਨਾਮ-ਸਿਮਰਨ ਦੀ ਸ਼ਲਾਘਾ ਕੀਤੀ ਅਤੇ ਫੁਰਮਾਇਆ ਕਿ ਇਸ ਤਰ੍ਹਾਂ ਦੇ ਗੁਰਸਿੱਖ ਸਤਿਗੁਰਾਂ ਦੇ ਚਰਨਾ ਵਿਚ ਹੀ ਪਹੁੰਚਦੇ ਹਨ। ਅੰਤ ਦੋ ਪਾਠਾਂ ਦਾ ਭੋਗ ਪਾਏ ਗਏ।

-ਹਰਜਸ ਕੌਰ

ਸੰਤ ਜੋਗਿੰਦਰ ਸਿੰਘ ਬੀੜ (ਟਮਕੌਡੀ ਵਾਲੇ) ਨਮਿੱਤ ਵਰੀਣੇ ਦਾ ਭੋਗ

ਸੰਤ ਜੋਗਿੰਦਰ ਸਿੰਘ ਬੀੜ ਵਾਲੇ ਪਿਛਲੇ ਸਾਲ ਚੜਾਈ ਕਰ ਗਏ ਸਨ। ਆਪ ਜੀ ਸ੍ਰੀ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਸਨ। ਉਹਨਾਂ ਨਮਿੱਤ ਉਹਨਾਂ ਦੇ ਸਪੁੱਤਰ ਮਨਦੀਪ ਸਿੰਘ ਨੇ 1 ਸਤੰਬਰ ਦਿਨ ਐਤਵਾਰ ਨੂੰ ਸੰਤ ਜੀ ਦੀ ਜੀਵ ਆਤਮਾ ਦੇ ਭਲੇ ਲਈ ਸਾਧਾਰਨ ਪਾਠ ਦਾ ਭੋਗ ਪੁਆਇਆ। ਭੋਗ ਉਪਰੰਤ ਸੂਬਾ ਨਿਰੰਜਨ ਸਿੰਘ ਟਮਕੌਡੀ ਵਾਲਿਆਂ ਨੇ ਪ੍ਰਭਾਵਸ਼ਾਲੀ ਦੀਵਾਨ ਸਜਾਏ। ਮਹੰਤ ਜਸਵੰਤ ਸਿੰਘ ਵੜੈਚ ਜੀ ਨੇ ਕਥਾ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ। ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਸੰਤ ਜੀ ਦੇ ਭਰਾਵਾਂ ਸੰਤ ਚੰਨਣ ਸਿੰਘ, ਸੰਤ ਅਰਜਨ ਸਿੰਘ ਤੇ ਸਰਪੰਚ ਅਤਰ ਸਿੰਘ ਜੀ ਨੇ ਸਾਰੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਨਿਭਾਇਆ। ਸਾਧ ਸੰਗਤ ਦਾ ਮਹਾਨ ਇੱਕਠ ਸੀ। ਇਸ ਸਮੇਂ ਰਾਜਨੀਤਕ ਸੱਜਣ ਵੀ ਪੁੱਜੇ ਹੋਏ ਸਨ। ਸ. ਦੀਦਾਰ ਸਿੰਘ ਭੱਟੀ ਐਕਸ ਐਮ. ਐਲ. ਏ.. ਸ. ਜਗਦੀਪ ਸਿੰਘ ਚੀਮਾਂ (ਪ੍ਰਧਾਨ), ਸ. ਰਚਜੀਤ ਸਿੰਘ ਲਿਬੜਾ (ਅਕਾਲੀ ਆਗੂ) ਨਾਮ ਵਰਨਣ ਯੋਗ ਹੈ। ਆਈ ਸੰਗਤ ਦਾ ਮਾਸਟਰ ਅਮਰੀਕ ਸਿੰਘ ਜੀ ਨੇ ਧੰਨਵਾਦ ਕੀਤਾ।

-ਸੂਬਾ ਨਿਰੰਜਨ ਸਿੰਘ ਟਮਕੌਡੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

10-11 ਮਾਰਚ 2018 ਚੰਡੀਗੜ੍ਹ, ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੰਬੋਧਨ ਕਰਦੇ ਹੋਏ।

15 ਸਤੰਬਰ 2019 ਅੰਮ੍ਰਿਤਸਰ ਨਾਮਧਾਰੀ ਸ਼ਹੀਦੀ ਮੇਲਾ।

4 ਸਤੰਬਰ 2019 ਚੰਡੀਗੜ੍ਹ ਨਾਮਧਾਰੀ ਧਰਮਸਾਲਾ ਵਿਖੇ
ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੇਠ ਅਮਰ ਸਿੰਘ ਨਮਿੱਤ ਪਾਠ ਦਾ ਭੋਗ।

Sri Satguru Jagjit Singh Ji eLibrary NamdhariElibrary@gmail.com

Date of Publication: 24-10-2019,
Date of Posting: 25-26 Oct. 2019

RNI NO. 55658/93 Delhi Postal Regd. No. DL(W) 01/2055/18-20

ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ
ਯਤਨ ਕਰੋ, ਉਹ ਬਾਣੀ ਪੜ੍ਹਿਆ ਕਰਨ,
ਵੱਡੀ ਫਿਲਾਸਫ਼ੀ ਬਾਣੀ ਵਿੱਚ ਹੈ,
ਉਸਦੀ ਕਮਾਈ ਕਰਨ। ਉੱਥੇ ਜਾ ਕੇ
ਨੌਜਵਾਨ ਪੜ੍ਹਦੇ ਨੇ ਕਿ ਫਲਾਣੀ-ਫਲਾਣੀ
ਦਵਾਈ ਬੋਤਲ ਵਿੱਚ ਮਿਲਾ ਦੇਈਏ ਤੇ
ਇਹ ਅਸਰ ਹੋ ਜਾਂਦਾ ਹੈ, ਉਹਦੇ ਨਾਲ
ਜ਼ਹਿਰ ਬਣ ਜਾਂਦਾ ਹੈ, ਉਹ ਜ਼ਹਿਰਾਂ ਹੀ
ਬਣਾ ਕੇ ਅੱਜ ਵੱਡੇ-ਵੱਡੇ ਬੰਬ ਬਣਾ ਦਿੱਤੇ ਨੇ।
ਇਸ ਵਿੱਚੋਂ ਬਚਾਅ ਦਾ ਹੋਰ ਕੋਈ
ਸਾਧਨ ਨਹੀਂ, ਜਿੰਨਾ ਚਿਰ ਗੁਰੂ ਨਾਨਕ ਦੇ
ਮਿਸ਼ਨ 'ਤੇ ਨਹੀਂ ਚਲਦੇ। ਗੁਰੂ ਨਾਨਕ
ਦਾ ਮਿਸ਼ਨ, ਹਿੰਸਾ ਦਾ ਤਿਆਗ ਮਨ,
ਬਾਣੀ, ਸਰੀਰ ਕਰਕੇ। ਭੁੱਖੇ ਨੂੰ ਰੋਟੀ,
ਨੰਗੇ ਨੂੰ ਕੱਪੜਾ, ਗਊ ਤੇ ਗਰੀਬ
ਦੀ ਰੱਖਿਆ ਕਰਨਾ ਹੈ।

-ਪ੍ਰਵਚਨ ਸਤਿਗੁਰੂ ਜਗਜੀਤ ਸਿੰਘ ਜੀ ਅਗਸਤ 1976 ਨੈਰੋਬੀ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji eLibrary NamdhariElibrary@gmail.com